ਕੈਨੇਡਾ ਦਰਪਣ

ਮਾਰਚ 7, 1986

March 7, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ
Second Class Mail Reg. No. 5991

ਕੈਨੇਡਾ ਦਰਪਣ

The Canada Darpan   Punjabi Weekly Newspaper

Weekending March 7, 1986 Vol. 5 No. 09   Price 35¢ Out of Greater Vancouver 50¢   Ph. (604)581-4473

ਸੰਖੇਪ ਪਰ ਵਿਸ਼ੇਸ਼ :

- 26 ਫਰਵਰੀ ਨੂੰ ਪੈਟਰੋਲੀਅਮ ਦੀਆਂ ਚੀਜ਼ਾਂ ਦੀਆਂ ਕੀਮਤਾਂ ਦੇ ਵਾਧੇ ਵਿਰੁੱਧ ਸਾਰੇ ਭਾਰਤ ਵਿਚ ਮੁਕੰਮਲ ਬੰਦ
- ਬੰਬਈ ਵਿਚ 1600 ਵਿਅਕਤੀ ਗ੍ਰਿਫਤਾਰ
- ਈਰਾਨ ਨੇ ਈਰਾਕ ਦੇ 25 ਪਿੰਡਾਂ ਉਤੇ ਹੋਰ ਕਬਜ਼ਾ ਕਰ ਲਿਆ
- ਐਕਸਪੋ 86 ਦੇ ਪ੍ਰਧਾਨ ਜਿਮ ਪੈਟੀਸਿਨ ਉਤੇ ਗੰਦੇ ਆਂਡੇ ਸੁੱਟੇ ਗਏ

ਪੰਜਾਬ ਦੇ ਪੰਜ ਜ਼ਿਲ੍ਹਿਆਂ ਵਿਚ

ਕੇਂਦਰੀ ਰੀਜ਼ਰਵ ਪੁਲਸ ਤਾਈਨਾਤ

ਚੰਡੀਗੜ੍ਹ ਦਾ ਫੈਸਲਾ ਛੇਤੀ ਹੋਣ ਦੀ ਸੰਭਾਵਨਾ

ਚੰਡੀਗੜ੍ਹ — ਦਹਿਸ਼ਤਪਸੰਦੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਸਰਹੱਦੀ ਜ਼ਿਲਿਆਂ ਗੁਰਦਾਸਪੁਰ, ਅੰਮ੍ਰਿਤਸਰ ਅਤੇ ਫੀਰੋਜ਼ਪੁਰ ਵਿਚ ਕੇਂਦਰੀ ਰੀਜ਼ਰਵ ਪੁਲਸ ਅਤੇ ਪੰਜਾਬ ਪੁਲਸ ਦੀਆਂ ਸਾਂਝੀਆਂ ਗਸ਼ਤਾਂ ਤੇਜ਼ ਕਰ ਦਿਤੀਆਂ ਹਨ। ਕਪੂਰਥਲਾ ਅਤੇ ਹੁਸ਼ਿਆਰਪੁਰ ਦੇ ਜ਼ਿਲਿਆਂ ਦੇ ਕੁਝ ਹਿੱਸਿਆਂ ਵਿਚ ਵੀ ਇਹ ਗਸ਼ਤਾਂ ਲਾਗੂ ਹੋਣਗੀਆਂ।

ਪੰਜਾਬ ਦੇ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਇਥੇ ਕਿਹਾ ਕਿ ਜੇਕਰ ਦਹਿਸ਼ਤਪਸੰਦਾਂ ਨੇ ਇਹ ਖੂਨੀ ਕਤਲਾਂ ਦਾ ਸਿਲਸਿਲਾ ਬੰਦ ਨਾ ਕੀਤਾ ਤਾਂ ਸਰਕਾਰ ਨੂੰ ਹੋਰ ਸਖਤ ਕਦਮ ਚੁੱਕਣ ਲਈ ਮਜ਼ਬੂਰ ਹੋਣਾ ਪਵੇਗਾ। ਨੀਮ-ਫੌਜੀ ਦਸਤਿਆਂ ਦੀ ਮੱਦਦ ਵੀ ਸਰਹੱਦੀ ਇਲਾਕਿਆਂ ਵਿਚ ਲਈ ਜਾਵੇਗੀ।

ਸ: ਬਰਨਾਲਾ ਨੇ ਇਹ ਫੈਸਲਾ ਅਫਸਰਾਂ ਦੀ ਇਕ ਉਚ-ਪੱਧਰੀ ਮੀਟਿੰਗ ਤੋਂ ਬਾਅਦ ਕੀਤਾ ਜਿਸ ਵਿਚ ਕਿਹਾ ਗਿਆ ਹੈ ਕਿ ਹਰ ਜ਼ਿਲੇ ਨੂੰ ਕੁਝ ਸੈਕਟਰਾਂ ਵਿਚ ਵੰਡ ਦਿਤਾ ਗਿਆ ਹੈ ਅਤੇ ਹਰ ਸੈਕਟਰ ਦੀ ਜ਼ਿੰਮੇਂਵਾਰੀ ਸੀ. ਆਰ. ਪੀ. ਐਫ. ਦੇ ਕਮਾਂਡੈਂਟ ਅਤੇ ਪੰਜਾਬ ਪੁਲਸ ਦੇ ਅਧਿਕਾਰੀ ਨੂੰ ਸੰਭਾਲ ਦਿਤੀ ਗਈ ਹੈ ਇਸ ਤਰ੍ਹਾਂ ਇਨ੍ਹਾਂ ਜ਼ਿਲਿਆਂ ਦੇ ਹਰ ਪਿੰਡ ਤੱਕ ਪੁਲਸ ਦੀ ਪਹੁੰਚ ਹੋ ਸਕੇਗੀ।

ਸ: ਬਰਨਾਲਾ ਨੇ ਕਿਹਾ ਕਿ ਅਮਨ ਕਾਨੂੰਨ ਨੂੰ ਲਾਗੂ ਕਰਨ ਲਈ ਪੁਲਸ ਅਤੇ ਸੀ. ਆਰ. ਪੀ. ਐਫ ਨੂੰ ਟਰਾਂਸਪੋਰਟ ਅਤੇ ਸੰਚਾਰ ਸਾਧਨਾਂ ਨਾਲ ਲੈਸ ਕਰ ਦਿਤਾ ਗਿਆ ਹੈ ਤਾਕਿ ਅਸਰਦਾਇਕ ਕਾਰਵਾਈ ਹੋ ਸਕੇ।

ਪ੍ਰਧਾਨ ਮੰਤਰੀ ਨਾਲ ਮੀਟਿੰਗ

ਪੰਜਾਬ ਦੇ ਮੁੱਖ ਮੰਤਰੀ ਨੇ ਨਵੀਂ ਦਿੱਲੀ ਵਿਚ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨਾਲ ਵੀ ਪ੍ਰਧਾਨ ਮੰਤਰੀ ਦੇ ਨਿਵਾਸ ਅਸਥਾਨ ਉਥੇ ਇਕ ਮੀਟਿੰਗ ਕੀਤੀ ਜਿਸ ਤੋਂ ਜਾਇਜ਼ਾ ਲਾਇਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਚੰਡੀਗੜ੍ਹ ਦੇ ਮਾਮਲੇ ਨੂੰ ਛੇਤੀ ਨਿਪਟਾਉਣਾ ਚਾਹੁੰਦੇ ਹਨ। ਸ: ਬਰਨਾਲਾ ਨੇ ਖਜ਼ਾਨਾ ਮੰਤਰੀ ਅਤੇ ਗ੍ਰਹਿ ਮੰਤਰੀ ਨਾਲ ਵੀ ਮੁਲਾਕਾਤਾਂ ਕੀਤੀਆਂ।

ਕਸ਼ਮੀਰ ਵਿਚ ਫਿਰਕੂ ਦੰਗੇ ਘਟੇ

ਸ੍ਰੀ ਨਗਰ — ਫਿਰਕੂ ਦੰਗਿਆਂ ਦੀ ਲਪੇਟ ਵਿਚ ਕਸ਼ਮੀਰ ਵਾਦੀ ਪੂਰੀ ਤਰ੍ਹਾਂ ਜਕੜੀ ਜਾ ਚੁੱਕਣ ਤੋਂ ਪਿਛੋਂ ਹਾਲਾਤ ਸੁਧਾਰ ਵਲ ਜਾ ਰਹੇ ਹਨ। ਰਾਜ ਦੇ ਮੁੱਖ ਮੰਤਰੀ ਸ੍ਰੀ ਜੀ. ਐਮ. ਸ਼ਾਹ ਨੇ ਫਿਰਕੂ ਤੱਤਾਂ ਨੂੰ ਤਾੜਨਾ ਕੀਤੀ ਹੈ ਕਿ ਉਹ ਅੱਗ ਨਾਲ ਖੇਲਣਾ ਬੰਦ ਕਰਨ। ਸ੍ਰੀ ਸ਼ਾਹ ਨੇ ਇਕ ਬਿਆਨ ਵਿਚ ਪੁਲਸ ਅਧਿਕਾਰੀਆਂ ਨੂੰ ਵੀ ਹੁਕਮ ਦਿਤਾ ਹੈ ਕਿ ਸ਼ਰਾਰਤੀ ਅਨਸਰਾਂ ਨਾਲ ਸਖਤੀ ਨਾਲ ਨਜਿਠਿਆ ਜਾਵੇ। ਉਨ੍ਹਾਂ ਚੈਂਬਰ ਆਫ ਕਾਮਰਸ ਦੀ ਇਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਭਰੋਸਾ ਦਿਤਾ ਕਿ ਸ਼ਰਾਰਤੀ ਅਨਸਰ ਨੂੰ ਕੁਚਲੇ ਬਿਨਾਂ ਰਾਜ ਵਿਚ ਅਮਨ ਨਹੀਂ ਹੋ ਸਕਦਾ ਇਸ ਲਈ ਅਜਿਹੇ ਅਨਸਰਾਂ ਨਾਲ ਸਖਤੀ ਨਾਲ ਪੇਸ਼ ਆਇਆ ਜਾਵੇਗਾ।

ਸ੍ਰੀ ਚਵਾਨ ਸ੍ਰੀ ਨਗਰ ਵਿਚ

ਕੇਂਦਰੀ ਗ੍ਰਹਿ ਮੰਤਰੀ ਸ੍ਰੀ ਐਸ. ਬੀ. ਚਵਾਨ ਇਥੇ 24 ਫਰਵਰੀ ਨੂੰ ਪਹੁੰਚੇ ਅਤੇ ਹਾਲਾਤ ਦਾ ਜਾਇਜ਼ਾ ਲਿਆ। ਅੱਜ ਸ਼ਾਮ ਉਨ੍ਹਾਂ ਜੰਮੂ ਖੇਤਰ ਦਾ ਦੌਰਾ ਕੀਤਾ। ਸ੍ਰੀ ਚਵਾਨ ਰਾਜ ਦੇ ਗਵਰਨਰ ਸ੍ਰੀ ਜਗਮੋਹਨ ਨੂੰ ਵੀ ਮਿਲੇ।

ਨਵੀਆਂ ਖਬਰਾਂ ਅਨੁਸਾਰ ਸ੍ਰੀ ਨਗਰ ਅਤੇ ਅਨੰਤ ਨਗਰ ਦੇ ਖੇਤਰਾਂ ਵਿਚ ਅਜੇ ਵੀ ਕਰਫੀਊ ਜਾਰੀ ਹੈ ਪਰ ਅੱਜ ਸਵੇਰ 4 ਘੰਟੇ ਲਈ ਕਰਫੀਊ ਵਿਚ ਢਿੱਲ ਦਿਤੀ ਗਈ।

ਜੰਮੂ ਵਿਚ ਸਰਕਾਰੀ ਦਫਤਰ ਖੁਲ੍ਹੇ

ਜੰਮੂ ਦੇ ਇਲਾਕੇ ਵਿਚ ਅੱਜ ਸਰਕਾਰੀ ਦਫਤਰ ਖੁਲ੍ਹੇ ਪਰ ਵਿਦਿਅਕ ਅਦਾਰੇ ਬੰਦ ਰਹੇ। ਸ੍ਰੀ ਨਗਰ ਵਿਚ ਵੀ ਸਵੇਰੇ ਛੇ ਵਜੇ ਤੋਂ 12 ਵਜੇ ਦੁਪਹਿਰ ਤੱਕ ਕਰਫੀਊ ਵਿਚ ਢਿੱਲ ਦਿਤੀ ਗਈ।

ਫ਼ਿਲਪੀਨ ਦਾ ਬਦਨਾਮ ਡਿਕਟੇਟਰ ਅਮਰੀਕਾ ਦੀ ਸ਼ਰਨ ਵਿਚ

ਸ੍ਰੀਮਤੀ ਅਕੀਨੋ ਨੇ ਸਰਕਾਰ ਬਣਾ ਲਈ



ਮਨੀਲਾ — ਫਿਲਪੀਨ ਦੇ 20 ਸਾਲ ਤੋਂ ਚਲੇ ਆ ਰਹੇ ਡਿਕਟੇਟਰ ਮਾਰਕੋਸ ਗੱਦੀ ਛੱਡ ਗਏ ਹਨ ਅਤੇ ਉਨ੍ਹਾਂ ਦੀ ਥਾਂ ਸ੍ਰੀਮਤੀ ਕੋਰੀ ਅਕੀਨੋ ਨੇ ਪ੍ਰਧਾਨ ਦਾ ਅਹੁਦਾ ਸੰਭਾਲ ਲਿਆ ਹੈ। ਇਨ੍ਹਾਂ ਦਿਨਾਂ ਵਿਚ ਮਾਰਕੋਸ ਦੂਜੇ ਡਿਕਟੇਟਰ ਹਨ ਜਿਨ੍ਹਾਂ ਨੂੰ ਗੱਦੀ ਛੱਡਣ ਲਈ ਮਜ਼ਬੂਰ ਹੋਣਾ ਪਿਆ। ਇਸ ਤੋਂ ਪਹਿਲਾਂ ਹਾਇਟੀ ਦੇ ਡਿਕਟੇਟਰ ਡੁਵੇਲੀਅਏ ਨੂੰ ਵੀ ਤਖਤ ਛੱਡਣਾ ਪਿਆ।

ਸ੍ਰੀ ਮਾਰਕੋਸ ਨੂੰ ਅਮਰੀਕਾ ਸ਼ਰਨ ਦੇਣ ਲਈ ਤਿਆਰ ਹੋ ਗਿਆ ਹੈ ਅਤੇ ਉਹ ਹਵਾਈ ਵਿਚ ਕੁਝ ਦਿਨ ਰਹਿਣ ਮਗਰੋਂ ਅਮਰੀਕਾ ਵਿਚ ਪਹੁੰਚ ਜਾਣਗੇ।

ਇਹ ਗੱਦੀ ਛੱਡਣ ਲਈ ਲੋਕਾਂ ਨੇ ਮਾਰਕੋਸ ਨੂੰ ਮਜ਼ਬੂਰ ਕਰ ਦਿ ਤਾ। ਸ੍ਰੀ ਬਿਨਾਇਕ ਅਕੀਨੋ ਦੀ ਹੱਤਿਆ ਦਾ ਦੋਸ਼ੀ ਸ੍ਰੀ ਮਾਕਰੋਸ ਨੂੰ ਮੰਨਿਆ ਜਾਦਾ ਹੈ ਅਤੇ ਉਸਦੀ ਵਿਧਵਾ ਸ੍ਰੀਮਤੀ ਕੋਰੀ ਅਕੀਨੋ ਨੇ ਲਗਾਤਾਰ ਮਾਰਕੋਸ-ਵਿਰੋਧੀ ਮੁਜ਼ਾਹਰੇ ਲਾਮਬੰਦ ਕਰਕੇ ਜਿੱਤ ਪ੍ਰਾਪਤ ਕੀਤੀ ਹੈ।

ਵਿਰੋਧੀ ਪਾਰਟੀਆਂ ਵਲੋਂ ਭਾਰਤ ਬੰਦ

ਨਵੀਂ ਦਿੱਲੀ — 12 ਵਿਰੋਧੀ ਪਾਰਟੀਆਂ ਨੇ ਸਾਂਝੇ ਤੌਰ 'ਤੇ 26 ਫਰਵਰੀ ਨੂੰ ਇਕ ਦਿਨਾਂ 'ਭਾਰਤ ਬੰਦ ਅਤੇ ਆਮ ਹੜਤਾਲ' ਕੀਤੀ ਹੈ। 'ਬੰਦ ਤੇ ਹੜਤਾਲ' ਦਾ ਸੱਦਾ ਜ਼ਰੂਰੀ ਵਸਤਾਂ-ਪਟਰੋਲੀਅਮ ਪਦਾਰਥਾਂ, ਚਾਵਲ ਅਤੇ ਕਣਕ ਦੀਆਂ ਕੀਮਤਾਂ ਵਿਚ ਕੀਤੇ ਵਾਧੇ ਬਾਰੇ ਰੋਸ ਪ੍ਰਗਟ ਕਰਨ ਲਈ ਦਿੱਤਾ ਗਿਆ ਸੀ। ਦਿੱਲੀ, ਪੱਛਮੀ ਬੰਗਾਲ ਅਤੇ ਤ੍ਰਿਪੁਰਾ ਨੂੰ 'ਬੰਦ ਤੇ ਹੜਤਾਲ' ਦੇ ਯੱਦੇ ਤੋਂ ਛੋਟ ਦਿਤੀ ਗਈ ਸੀ ਕਿਉਂਕਿ ਇਨ੍ਹਾਂ ਥਾਵਾਂ 'ਤੇ ਦਸ ਅਤੇ ਗਿਆਰਾਂ ਫਰਵਰੀ ਨੂੰ ਪਹਿਲਾਂ ਹੀ 'ਬੰਦ' ਦਾ ਆਯੋਜਨ ਕੀਤਾ ਗਿਆ ਸੀ। ਹੜਤਾਲ ਦੇ ਆਯੋਜਕਾਂ ਨੇ ਸਾਰੇ ਉਹ ਜ਼ਰੂਰੀ ਸੇਵਾਵਾਂ ਨੂੰ ਬਣਾਈ ਰੱਖਦ ਲਈ ਪਾਣੀ ਦੀ ਸਪਲਾਈ ਲਈ ਕੰਮ ਕਰਦੇ ਕਰਮਚਾਰੀਆਂ, ਹਸਪਤਾਲਾਂ ਅਤੇ ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੂੰ ਹੜਤਾਲ ਦੇ ਸੱਦੇ ਤੋਂ ਬਾਹਰ ਰੱਖਿਆ ਗਿਆ ਸੀ।

ਦਿੱਲੀ ਵਿਚ ਪਾਰਲੀਮੈਂਟ ਦੇ ਮੈਂਬਰ ਅਤੇ ਵਿਰੋਧੀ ਧਿਰ ਦੇ ਆਗੂ ਪਾਰਲੀਮੈਂਟ ਹਾਊਸ ਨੇੜੇ ਪਟੇਲ ਚੌਕ ਵਿਖੇ ਵਿਖਾਵੇ ਵਿਚ ਸ਼ਾਮਲ ਹੋਏ ਅਤੇ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਕਰ ਕੇ ਗ੍ਰਿਫਤਾਰੀ ਦਿਤੀ। ਅਜਿਹੀਆਂ ਹੀ ਰੈਲੀਆਂ ਤ੍ਰਿਪੁਰਾ ਅਤੇ ਪੱਛਮੀ ਬੰਗਾਲ ਵਿਚ ਕੀ ਕੀਤੀਆਂ ਗਈਆਂ। ਵਿਰੋਧੀ ਪਾਰਟੀਆਂ ਦੇ ਜਿਨ੍ਹਾਂ ਆਗੂਆਂ ਨੇ ਭਾਗ ਲਿਆ ਉਨ੍ਹਾਂ ਵਿਚ ਸ੍ਰੀ ਈ. ਐਮ. ਐਸ. ਨਬੂੰਦਰੀਪਾਦ, ਸ੍ਰੀ ਐਮ. ਬਾਸਾਪੁਨੱਈਆ ਅਤੇ ਸ੍ਰੀ ਹਰਕਿਸ਼ਨ ਸਿੰਘ ਸੁਰਜੀਤ(ਮਾਰਕਸੀ), ਸ੍ਰੀ ਇੰਦਰਜੀਤ ਗੁਪਤਾ (ਸੀ. ਪੀ. ਆਈ), ਸ੍ਰੀ ਐਚ ਐਨ ਬਹੁਗੁਣਾ ਅਤੇ ਸ੍ਰੀ ਐਸ. ਪੀ. ਮਾਲਵੀਆ (ਲੋਕ ਦਲ), ਸ੍ਰੀ ਵੀ. ਕੇ. ਮਲਹੋਤਰਾ ਅਤੇ ਸ੍ਰੀ ਕ੍ਰਿਸ਼ਨ ਲਾਲ ਸ਼ਰਮਾ (ਭਾਜਪਾ), ਸ੍ਰੀਮਤੀ ਅੰਬਿਕਾ ਸੋਨੀ ਅਤੇ ਸ੍ਰੀ ਧਰਮਵੀਰ ਸਿਨਹਾ (ਕਾਂਗਰਸ-ਐਸ), ਸ੍ਰੀ ਪ੍ਰਤੀਸ਼ ਚੰਦਾ (ਐਸ. ਯੂ. ਸੀ. ਆਈ), ਸ੍ਰੀ ਚਿਤਾਬਾਸੂ (ਐਫ ਬੀ), ਸ੍ਰੀ ਪੀ. ਤਿਰੁਕੇ ਅਤੇ ਸ੍ਰੀ ਪਖਨ ਪਾਲ (ਆਰ. ਐਸ. ਪੀ.), ਸ੍ਰੀ ਸੀ. ਮਾਧਵ ਰੈਡੀ (ਤੈਲਗੂ ਦੇਸ਼ਮ), ਸ੍ਰੀ ਜਾਰਜ ਫਰਨਾਂਡੇਜ਼ ਅਤੇ ਸ੍ਰੀ ਸੁਰੇਂਦਰ ਮੋਹਨ (ਜਨਤਾ) ਅਤੇ ਸ੍ਰੀ ਹਰੀਸ਼ ਚੰਦਰ ਰਾਮ ਟੇਕ (ਆਰ. ਪੀ. ਆਈ. ਕੇ.) ਦੇ ਨਾਂ ਸ਼ਾਮਲ ਹਨ।

ਭਾਰਤ ਬੰਦ ਦੀ ਨਿੰਦਾ

ਨਵੀਂ ਦਿੱਲੀ — ਇੰਡੀਅਨ ਯੂਥ ਕਾਂਗਰਸ (ਆਈ) ਨੇ ਵਿਰੋਧੀ ਧਿਰ ਦੇ 'ਭਾਰਤ ਬੰਦ' ਦੀ ਨਿੰਦਾ ਕੀਤੀ ਹੈ। ਯੂਥ ਕਾਂਗਰਸ (ਆਈ) ਵਲੋਂ ਕਿਹਾ ਗਿਆ ਹੈ ਕਿ ਇਹ ਸੰਕਟ, ਉਲਝਣ ਅਤੇ ਗੜਬੜ ਪੈਦਾ ਕਰਨ ਦੀ ਸਾਜ਼ਿਸ਼ ਦੀ ਹੀ ਕੜੀ ਸੀ।

ਦਹਿਸ਼ਤਪਸੰਦਾਂ ਰੇਲਵੇ ਪੁਲਸ ਚੌਕੀ ਲੁੱਟ ਲਈ

ਤਰਨਤਾਰਨ ਵਿਚ ਸਨਸਨੀ ਖੇਜ਼ ਡਾਕਾ

ਅੰਮ੍ਰਿਤਸਰ — ਕਥਿਤ ਦਹਿਸ਼ਤਪਸੰਦ ਤਰਨਤਾਰਨ ਵਿਚ ਰੇਲਵੇ ਪੁਲਸ ਚੌਕੀ ਉਤੇ ਹਮਲਾ ਕਰਕੇ 16 ਰਫਲਾਂ ਅਤੇ 450 ਕਾਰਤੂਸ ਲੈ ਗਏ। 23 ਫਰਵਰੀ ਦੀ ਰਾਤ ਨੂੰ ਇਸ ਸਨਸਨੀਖੇਜ਼ ਡਾਕੇ ਵਿਚ ਸ਼ਾਮਲ ਵਿਅਕਤੀ ਖਾਕੀ ਵਰਦੀਆਂ ਪਾ ਕੇ ਆਏ ਸਨ। ਕਥਿਤ ਦਹਿਸ਼ਤਪਸੰਦਾਂ ਨੇ ਹਮਲਾ ਕਰਕੇ ਡਿਊਟੀ ਉਤੇ ਹਾਜ਼ਰ ਸੰਤਰੀ ਨੂੰ ਰੱਸਿਆਂ ਨਾਲ ਬੰਨ੍ਹ ਦਿਤਾ ਅਤੇ ਹਥਿਆਰ ਲੈ ਕੇ ਦੌੜ ਗਏ।

ਪੁਲਸ ਦੇ ਸੀਨੀਅਰ ਅਧਿਕਾਰੀ ਘਟਨਾ ਵਾਲੇ ਸਥਾਨ ਉਤੇ ਹਮਲੇ ਦੀ ਪੁਣਛਾਣ ਵਿਚ ਲੱਗੇ ਹੋਏ ਹਨ। ਇਸ ਤੋਂ ਪਹਿਲਾਂ ਅਜਿਹਾ ਹਮਲਾ ਫੀਰੋਜ਼ਪੁਰ ਵਿਚ ਵੀ ਹੋਇਆ ਸੀ।

ਨੈਣਾ ਦੇਵੀ ਨੇੜੇ ਹਾਦਸਾ : 10 ਮੌਤਾਂ

ਰੋਪੜ — ਨੈਣਾ ਦੇਵੀ ਦੀ ਯਾਤਰਾ ਲਈ ਸ਼ਰਧਾਲੂਆਂ ਨੂੰ ਲਿਜਾ ਰਹੀ ਟਰੈਕਟਰ-ਟਰਾਲੀ ਦੇ ਇਕ ਡੂੰਘੀ ਖੱਡ ਵਿਚ ਡਿੱਗਣ ਨਾਲ ਘੱਟੋ ਘੱਟ ਦਸ ਬੰਦੇ ਮਾਰੇ ਗਏ। ਮ੍ਰਿਤਕਾਂ ਵਿਚ ਔਰਤਾਂ ਤੇ ਬੱਚੇ ਸ਼ਾਮਲ ਹਨ। ਹਾਦਸੇ ਵਿਚ 16 ਬੰਦੇ ਜ਼ਖਮੀ ਹੋਏ ਜਿਨ੍ਹਾਂ ਵਿਚ ਛੇ ਨੂੰ ਬੇਹੋਸ਼ੀ ਦੀ ਹਾਲਤ ਵਿਚ ਰੋਪੜ ਦੇ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ। ਜ਼ਖਮੀਆਂ ਨੂੰ ਪੀ. ਆਰ. ਟੀ. ਸੀ. ਦੀ ਬੱਸ ਨੇ ਲਿਆਂਦਾ ਜੋ ਪ ਟਿਆਲਾ ਤੋਂ ਨੈਣਾ ਦੇਵੀ ਜਾ ਰਹੀ ਹੈ। ਬੱਸ ਡਰਾਈਵਰ ਗੁਰਚਰਨ ਸਿੰਘ ਅਤੇ ਕੰਡਕਟਰ ਕਿਸ਼ਨ ਦੇਵ, ਜੋ ਜ਼ਖਮੀਆਂ ਨੂੰ ਇਥੇ ਲਿਆਏ, ਸਥਾਨਕ ਅਧਿਕਾਰੀਆਂ ਨੂੰ ਦੱਸਿਆ ਕਿ ਟਰੈਕਟਰ-ਟਰਾਲੀ ਵਿਚ ਘੱਟੋ ਘੱਟ ਪੰਜਾਹ ਬੰਦੇ ਸਨ ਜਿਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ। ਇਹ ਟਰੈਕਟਰ-ਟਰਾਲੀ ਨਾਲਾਗੜ੍ਹ ਸਬ ਡਿਵੀਜ਼ਨ ਵਿਚ ਨਗਲ ਪਿੰਡ ਤੋਂ ਯਾਤਰੂਆਂ ਨੂੰ ਨੈਣਾ ਦੇਵੀ ਵੱਲ ਲਿਜਾ ਰਹੀ ਸੀ। ਉਨ੍ਹਾਂ ਦੱਸਿਆ ਕਿ ਟਰੈਕਟਰ-ਟਰਾਲੀ ਨੈਣਾ ਦੇਵੀ ਮੰਦਰ ਤੋਂ ਦਸ ਕਿਲੋਮੀਟਰ ਦੂਰ ਉਸ ਸਮੇਂ 60 ਫੁੱਟ ਡੂੰਘੀ ਖੱਡ ਵਿਚ ਜਾ ਡਿੱਗੀ ਜਦੋਂ ਇਸ ਦਾ ਡਰਾਈਵਰ ਇਕ ਤਿੱਖਾ ਮੋੜਾ ਕੱਟ ਰਿਹਾ ਸੀ। ਦਸ ਬੰਦੇ ਤਾਂ ਮੌਕੇ ਤੇ ਹੀ ਮਰ ਗਏ ਜਦ ਕਿ ਪੀ. ਆਰ. ਟੀ ਸੀ ਦਾ ਬਸ ਦੇ ਮੁਸਾਫਰਾਂ ਨੇ 16 ਜ਼ਖਮੀਆਂ ਨੂੰ ਕੱਢ ਲਿਆ।

ਭਗਤ ਰਵਿਦਾਸ ਦਿਨ ਮਨਾਇਆ ਗਿਆ

ਨਵੀਂ ਦਿੱਲੀ — ਨਵੀਂ ਦਿੱਲੀ ਵਿਚ ਭਾਰਤ ਰਵਿਦਾਸ ਜੀ ਦਾ 609ਵਾਂ ਜਨਮ ਦਿਵਸ ਧੂੰਮਧਾਮ ਨਾਲ ਮਨਾਇਆ ਗਿਆ। 24 ਫਰਵਰੀ ਨੂੰ ਇਕ f ਵਸ਼ਾਲ ਜਲੂਸ ਲਾਲ ਕਿਲ੍ਹੇ ਤੋਂ ਸ਼ੁਰੂ ਹੋਇਆ ਜਿਸ ਵਿਚ ਭਗਤ ਰਵਿਦਾਸ ਦੇ ਜੀਵਨ ਕ੍ਰਿਸ਼ਮਾਂ ਦੀਆਂ ਝਲਕੀਆਂ ਵੀ ਪੇਸ਼ ਕੀਤੀਆਂ ਗਈਆਂ।

ਗਿ: ਜ਼ੈਲ ਸਿੰਘ ਨੇ ਭਗਤ ਰਵਿਦਾਸ ਦੇ ਜੀਵਨ ਸਬੰਧੀ ਇਕ ਪੁਸਤਕ ਵੀ ਰੀਲੀਜ਼ ਕੀਤੀ। ਉਨ੍ਹਾਂ ਕਿਹਾ ਕਿ ਭਗਤ ਰਵਿਦਾਸ ਨੇ ਨੀਵੀਆਂ ਜ਼ਾਤੀਆਂ ਨੂੰ ਉਚਾ ਚੁਕਣ ਅਤੇ ਫਿਰਕੂ ਸਦਭਾਵਨਾ ਕਾਇਮ ਕਰਨ ਲਈ ਆਪਣਾ ਜੀਵਨ ਅਰਪਤ ਕੀਤਾ। ਉਨ੍ਹਾਂ ਕਿਹਾ ਕਿ ਧਾਰਮਿਕ ਪੁਸਤਕਾਂ ਵਿਚ ਰਵਿਦਾਸ ਜੀ ਨੂੰ ਬਹੁਤ ਉਚਾ ਅਸਥਾਨ ਹਾਸਲ ਹੈ।

ਕੇਂਦਰੀ ਖੇਤੀਬਾੜੀ ਮੰਤਰੀ ਸ੍ਰੀ ਬੂਟਾ ਸਿੰਘ ਅਤੇ ਦਿੱਲੀ ਦੇ ਮੇਅਰ ਮਹਿੰਦਰ ਸਿੰਘ ਸਾਥੀ ਨੇ ਇਥੇ ਹੋਏ ਇਕ ਸਮਾਗਮ ਵਿਚ ਭਗਤ ਰਵਿਦਾਸ ਜੀ ਦੇ ਜੀਵਨ ਸਬੰਧੀ ਭਾਸ਼ਨ ਦਿਤੇ।

26 ਫਰਵਰੀ ਦੇ 'ਭਾਰਤ ਬੰਦ' ਵਿਚ ਹਿੱਸਾ ਲੈਣ ਤੋਂ ਇਨਕਾਰ

26 ਜਨਵਰੀ ਦੇ ਵਿਰੋਧੀ ਪਾਰਟੀਆਂ ਵਲੋਂ 'ਭਾਰਤ ਬੰਦ' ਦੇ ਸੱਦੇ ਦਾ ਜੰਮੂ ਕਸ਼ਮੀਰ ਦੀਆਂ ਛੇਵਾਂ ਵਿਰੋਧੀ ਪਾਰਟੀਆਂ ਨੇ ਹੁੰਗਾਰਾ ਭਰਨ ਤੋਂ ਇਨਕਾਰ ਕੀਤਾ ਹੈ ਕਿਉਂਕਿ ਰਾਜ ਦੇ ਹਾਲਾਤ ਇਸ ਦੀ ਆਗਿਆ ਨਹੀਂ ਦਿੰਦੇ। ਜਨਤਾ ਪਾਰਟੀ, ਸੀ. ਪੀ. ਐਮ., ਭਾਰਤੀ ਜਨਤਾ ਪਾਰਟੀ, ਲੋਕ ਦਲ ਅਤੇ ਪੈਂਥਰ ਪਾਰਟੀ ਦੇ ਆਗੂਆਂ ਨੇ ਅੱਜ ਇਥੇ 'ਬੰਦ' ਦੇ ਮਾਮਲੇ ਵਿਚ ਆਪਣੀਆਂ ਗ੍ਰਿਫਤਾਰੀਆਂ ਦਿਤੀਆਂ।

ਸਤਵੰਤ ਸਿੰਘ ਅਤੇ ਸਾਥੀਆਂ ਦੀਆਂ ਅਪੀਲਾਂ ਦਾਖਲ

ਨਵੀਂ ਦਿੱਲੀ — 24 ਫਰਵਰੀ ਨੂੰ ਇੰਦਰਾ ਗਾਂਧੀ ਕਤਲ ਵਿਚ ਸਜ਼ਾ ਖਾ ਚੁਕੇ ਸਤਵੰਤ ਸਿੰਘ, ਕੇਹਰ ਸਿੰਘ ਅਤੇ ਬਲਬੀਰ ਸਿੰਘ ਦੀਆਂ ਅਪੀਲਾਂ ਦਿੱਲੀ ਹਾਈ ਕੋਰਟ ਦੇ ਡਵੀਜ਼ਨ ਬੈਂਚ ਨੇ ਦਾਖਲ ਕਰ ਲਈਆਂ। ਯਾਦ ਰਹੇ ਕਿ ਪਿਛਲੇ ਮਹੀਨੇ ਸੈਸ਼ਨ ਜੱਜ ਨੇ ਤਿੰਨਾਂ ਵਿਅਕਤੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ।

ਜਸਟਿਸ ਆਰ. ਐਨ. ਅਗਰਵਾਲ ਅਤੇ ਜਸਟਿਸ ਮਲਿਕ ਸ਼ਰੀਫੋਦੀਨ ਉਤੇ ਅਧਾਰਿਤ ਡਵੀਜ਼ਨ ਬੈਂਚ ਨੇ ਹੁਕਮ ਦਿਤਾ ਹੈ ਕਿ ਤਿੰਨਾਂ ਵਿਅਕਤੀਆਂ ਦੀਆਂ ਅਪੀਲਾਂ ਉਸੇ ਪੇਸ਼ੀ ਉਤੇ ਸੁਣੀਆਂ ਜਾਣਗੀਆਂ ਜਿਸ ਦਿਨ ਸਪੈਸ਼ਲ ਟਰਾਇਲ ਜੱਜ ਸ੍ਰੀ ਮਹੇਸ਼ ਚੰਦਰ ਵਲੋਂ ਫਾਂਸੀ ਦੀ ਸਜ਼ਾ ਪੱਕੀ ਕਰਨ ਦੀ ਤਾਰੀਖ ਦੀ ਪੇਸ਼ੀ ਹੋਵੇਗੀ।

ਯੂ. ਪੀ. ਵਿਚ ਫਿਰਕੂ ਦੰਗੇ

ਯੂ. ਪੀ. ਦੇ ਦੋਮਰੀਆ ਗੰਜ ਸ਼ਹਿਰ ਵਿਚ ਕਰਫੀਊ ਅਜੇ ਵੀ ਲਾਗੂ ਹੈ। ਇਹ ਸ਼ਹਿਰ ਬਸਤੀ ਜ਼ਿਲੇ ਵਿਚ ਹੈ। 23 ਫਰਵਰੀ ਨੂੰ ਫਿਰਕੂ ਦੰਗਿਆਂ ਕਾਰਨ ਇਥੇ ਇਕ ਵਿਅਕਤੀ ਹਲਾਕ ਅਤੇ ਤਿੰਨ ਜ਼ਖਮੀ ਹੋ ਗਏ ਸਨ। ਕਰਫੀਊ ਅਨਿਸਚਤ ਸਮੇਂ ਤੱਕ ਲਾਗੂ ਕੀਤਾ ਗਿਆ ਹੈ।

ਦਿੱਲੀ ਵਿਚ 144 ਲਾਗੂ

5 ਮਾਰਚ ਤੱਕ ਦਿੱਲੀ ਦੇ ਅੰਦਰਲੇ ਹਲਕਿਆਂ ਵਿਚ ਦਫ਼ਾ 144 ਲਾਗੂ ਕਰ ਦਿਤੀ ਗਈ ਹੈ। ਰਾਤ ਦਾ ਕਰਫੀਊ ਵੀ ਜਾਰੀ ਹੈ।

ਪਾਕਿ ਨੇ ਭਾਰਤੀ ਟੀਮ ਨੂੰ ਹਰਾਇਆ

ਸਿਆਲਕੋਟ — ਪਾਕਿਸਤਾਨ ਦੀ ਹਾਕੀ ਟੀਮ ਨੇ ਭਾਰਤ ਦੀ ਹਾਕੀ ਟੀਮ ਨੂੰ ਦੋ ਦੇ ਮੁਕਾਬਲੇ f ਤਿੰਨ ਗੋਲਾਂ ਨਾਲ ਹਰਾਇਆ। 24 ਫਰਵਰੀ ਨੂੰ ਖੇਡਿਆ ਗਿਆ ਇਹ ਸੱਤ ਮੈਚਾਂ ਦੀ ਲੜੀ ਦਾ ਚੌਥਾ ਮੈਚ ਸੀ। ਪਾਕਿਸਤਾਨ ਦੇ ਨਾਸਿਰ ਅਲੀ ਮਕਸੂਦ ਅਤੇ ਫਰਹਤ ਨੇ ਤਿੰਨੇ ਗੋਲ ਕੀਤੇ।

ਸ਼ਾਹਬਾਨੋ ਕੇਸ ਬਾਰੇ ਲੀਡਰਾਂ ਦੀ ਮੀਟਿੰਗ

ਨਵੀਂ ਦਿੱਲੀ — ਸ਼ਾਹਬਾਨੋ ਕੇਸ ਦੇ ਮਾਮਲੇ ਉਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਅਤੇ ਪ੍ਰਧਾਨ ਮੰਤਰੀ ਵਿਚਕਾਰ ਇਕ ਮੀਟਿੰਗ ਹੋਈ ਜਿਸ ਵਿਚ ਇਸ ਕੇਸ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।

ਇਹ ਮੀਟਿੰਗ ਲੋਕ ਸਭਾ ਵਿਚ ਮੁਸਲਿਮ ਲੀਗ ਦੇ ਲੀਡਰ ਬਨਤਵਾਲਾ ਦੇ ਬਿੱਲ ਉਤੇ ਬਹਿਸ ਦੇ ਆਧਾਰ ਉਤੇ ਕੀਤੀ ਗਈ।

ਬੱਬੇਹਾਲੀ ਸੁਰਗਵਾਸ

ਗੁਰਦਾਸਪੁਰ, – ਸਾਬਕਾ ਅਕਾਲੀ ਵਿਧਾਇਕ ਸ. ਮਹਿੰਦਰ ਸਿੰਘ ਬੱਬੇਹਾਲੀ ਅੱਜ ਇਥੇ ਅਚਾਨਕ ਸੁਰਗਵਾਸ ਹੋ ਗਏ। ਉਹ 69 ਵਰ੍ਹਿਆਂ ਦੇ ਸਨ।

ਉਹ 1969 ਵਿਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ। ਇਸ ਤੋਂ ਪਹਿਲਾਂ ਉਹ ਕੇਂਦਰੀ ਸਹਿਕਾਰੀ ਬੈਂਕ ਗੁਰਦਾਸਪੁਰ ਦੇ ਚੇਅਰਮੈਨ ਤੇ ਮੈਨੇਜਿੰਗ ਡਾਇਰੈਕਟਰ ਰਹਿ ਚੁੱਕੇ ਸਨ। ਉਨ੍ਹਾਂ ਨੇ ਸਰਗਰਮ ਸਿਆਸਤ 'ਚ ਕੁੱਦਣ ਲਈ 1952 ਵਿਚ ਨਾਇਬ ਤਹਿਸੀਲਦਾਰ ਦੇ ਅਹੁਦੇ ਤੋਂ ਅਸਤੀਫਾ ਦਿੱਤਾ।

ਪੋਸਟ ਮਾਰਟਮ

ਟੌਹੜਾ ਜੀ ਦਾ ਅਸਤੀਫਾ

ਸਰਬੱਤ ਖਾਲਸਾ ਸਮਾਗਮ ਆਨੰਦਪੁਰ ਸਾਹਿਬ ਵਿਖੇ ਟੌਹੜਾ ਜੀ ਨੇ ਹਾਈ ਕੋਰਟ ਦੇ ਇਕ ਪ੍ਰਸਿੱਧ ਵਕੀਲ ਨਾਲ ਗੱਲਾਂ ਕਰਦਿਆਂ ਕਿਹਾ, "ਹੁਣ ਤਾਂ ਚਾਚਾ ਚੰਡੀਗੜ੍ਹੀਆ ਦੇ ਢਿੱਡ ਵਿਚ ਠੰਢ ਪੈ ਗਈ ਹੋਵੇਗੀ। ਮੈਂ ਅਸਤੀਫਾ ਦੇ ਦਿਤਾ ਹੈ।" ਉਹ ਸੱਜਣ ਕੁਝ ਸਮਝ ਨਾ ਸਕਿਆ ਤੇ ਹੌਲੀ ਹੌਲੀ ਗੱਲ ਰੁੜ੍ਹਦੀ ਰੁੜ੍ਹਦੀ ਚਾਚਾ ਚੰਡੀਗੜ੍ਹੀਆ ਪਾਸ ਪੁਜੀ।

ਚਾਚਾ ਚੰਡੀਗੜ੍ਹੀਆ ਟੌਹੜਾ ਸਾਹਿਬ ਦਾ ਹਮੇਸ਼ਾ ਹੀ ਸਮਰਥਕ ਰਿਹਾ ਹੈ। ਉਨ੍ਹਾਂ ਦੀ ਹਰ ਚੋਣ ਸਮੇਂ ਭਾਵੇਂ ਉਹ ਪਾਰਲੀਮੈਂਟ ਦੀ ਹੋਵੇ ਤੇ ਭਾਵੇਂ ਸ਼ਰੋਮਣੀ ਕਮੇਟੀ ਦੀ ਉਹ ਵੱਧ ਚੜ੍ਹਕੇ ਉਨ੍ਹਾਂ ਲਈ ਵੋਟਾਂ ਮੰਗਦਾ ਰਿਹਾ ਹੈ। ਹਾਂ 26 ਜਨਵਰੀ ਦੀਆਂ ਦੁਰਘਟਨਾਵਾਂ ਪਿਛੋਂ ਉਸ ਨੇ ਜ਼ਰੂਰ ਅਨੁਭਵ ਕੀਤਾ ਕਿ ਜਿਸ ਬੰਦੇ ਨੂੰ ਉਹ ਪੂਜਦਾ ਰਿਹਾ ਸੀ ਉਹ ਕਈ ਵਾਰ ਅਜਿਹੀਆਂ ਖੇਡਾਂ ਵੀ ਖੇਡ ਜਾਂਦਾ ਹੈ ਜੋ ਕੌਮ ਦੇ ਹਿੱਤ ਵਿਚ ਨਹੀਂ ਹੁੰਦੀਆਂ।

ਚਾਚਾ ਚੰਡੀਗੜ੍ਹੀਆ ਨੇ ਟੌਹੜਾ ਸਾਹਿਬ ਪਿਛੇ ਸਾਰੇ ਅਕਾਲੀ ਲੀਡਰਾਂ ਨਾਲ ਕਿਸੇ ਨਾ ਕਿਸੇ ਸਮੇਂ ਕਿਸੇ ਨਾ ਕਿਸੇ ਗੱਲ ਪਿਛੇ ਟੱਕਰ ਲਈ। ਕਿਉਂਕਿ ਚਾਚੇ ਨੂੰ ਟੌਹੜਾ ਸਾਹਿਬ ਦੀ ਸ਼ਖਸ਼ੀਅਤ ਨਾਲ ਪਿਆਰ ਹੈ। ਜਦੋਂ ਕਿਤੇ ਟੌਹੜਾ ਸਾਹਿਬ ਨੇ ਸੁਰਮੇ ਦੀ ਧਾਰ ਖਿਚੀ ਹੋਵੇ ਉਦੋਂ ਹਰਨਾਂ ਵਰਗੀਆਂ ਅੱਖੀਆਂ ਵਾਲੇ ਵੀ ਉਨ੍ਹਾਂ ਵੱਲ ਝਾਕ ਸਕਣ ਦੀ ਤਾਬ ਨਹੀਂ ਲਿਆ ਸਕਦੇ।

ਚਾਚਾ ਚੰਡੀਗੜ੍ਹੀਆ ਦਾ ਇਕ ਹੋਰ ਅਸੂਲ ਇਹ ਹੈ ਕਿ ਉਹ ਕੇਵਲ ਉਨ੍ਹਾਂ ਲੋਕਾਂ ਨਾਲ ਹੱਸਦਾ ਹੈ ਜਿਨ੍ਹਾਂ ਨੂੰ ਹੱਸਣ ਦੀ ਜਾਚ ਆਉਂਦੀ ਹੈ। ਹੋ ਸਕਦਾ ਹੈ ਟੌਹੜਾ ਸਾਹਿਬ ਦੇ ਅਸਤੀਫੇ ਨਾਲ ਕੁਝ ਵਿਗੜੀ ਹੋਈ ਹਾਲਤ ਸੁਧਰ ਜਾਵੇ ਤੇ ਟੌਹੜਾ ਸਾਹਿਬ ਨੂੰ ਸ਼ਰੋਮਣੀ ਕਮੇਟੀ ਦੀ ਪੱਧਰ ਤੋਂ ਉਠ ਕੇ ਵੱਡੇ ਪੰਥਕ ਕੰਮ ਕਰਨ ਦਾ ਮੌਕਾ ਮਿਲੇ। ਟੌਹੜਾ ਸਾਹਿਕ ਨੂੰ ਆਪਣੇ ਮਸਤਕ ਉਤੇ ਗੁੱਸੇ ਗਿਲੇ ਦੀਆਂ ਝੁਰੜੀਆਂ ਨਹੀਂ ਪਾਉਣੀਆਂ ਚਾਹੀਦੀਆਂ ਸਗੋਂ ਹੌਂਸਲਾ ਕਰ ਕੇ ਆਪਣੇ ਮਿਤਰਾਂ ਤੋਂ ਪੁੱਛਣਾ ਚਾਹੀਦਾ ਹੈ, "ਤੁਸੀਂ ਕਿਉਂ ਹੱਸਦੇ ਹੋ ? ਕੀ ਵਾਕਿਆ ਹੀ ਤੁਸੀਂ ਸਾਡੀ ਚਤੁਰਾਈ ਸਮਝ ਗਏ ਸੋਂ ?"

ਚਾਚਾ ਚੰਡੀਗੜ੍ਹੀਆ

ਪੰਜ ਗਰੀਬ ਕੁੜੀਆਂ ਦੀ ਸ਼ਾਦੀ

ਬਟਾਲਾ, । (ਨਿਜੀ ਪੱਤਰ ਪ੍ਰੇਰਕ, – ਬਟਾਲਾ ਦੇ ਹੀ ਰਹਿਣ ਵਾਲੇ ਅਤੇ ਹੁਣ ਇੰਗਲੈਂਡ ਵਿਚ ਰਹਿ ਰਹੇ, ਦੌਲਤ ਰਾਮ ਨੇ ਇਥੇ ਬੀਤੇ ਇਕ ਹਫਤੇ ਵਿਚ, ਪੰਜ ਗਰੀਬ ਅਤੇ ਯਤੀਮ ਲੜਕੀਆਂ ਦੀਆਂ ਸ਼ਾਦੀਆਂ 50 ਹਜ਼ਾਰ ਰੁਪਏ ਤੋਂ ਵੱਧ ਰਕਮ ਖਰਚ ਕਰ ਕੇ ਕੀਤੀਆਂ। ਉਹ ਹਰ ਦੂਜੇ ਤੀਜੇ ਸਾਲ ਭਾਰਤ ਆ ਕੇ 2-3 ਮਹੀਨੇ ਇਥੇ ਰਹਿ ਕੇ ਘੱਟੋ ਘੱਟ 10-12 ਗਰੀਬ ਅਤੇ ਯਤੀਮ ਲੜਕੀਆਂ ਦੀ ਸ਼ਾਦੀ ਕਰਦੇ ਹਨ।

ਉਨ੍ਹਾਂ ਨੇ ਇਕ ਭੇਂਟ ਵਿਚ ਦੱਸਿਆ ਕਿ ਉਹ ਅੱਜ ਤੋਂ 30 ਸਾਲ ਪਹਿਲਾਂ ਇਕ ਸਥਾਨਕ ਕਾਰਖਾਨੇ ਵਿਚ 30 ਰੁਪਏ ਮਹੀਨੇ ਤੇ ਮੁਲਾਜ਼ਮ ਸਨ ਅਤੇ ਘਰ ਦੀ ਗਰੀਬੀ ਕਾਰਨ ਉਸਦੀ ਇਕੋ ਇਕ ਭੈਣ, ਜਿਸ ਦਾ ਉਹ 40 ਸਾਲਾਂ ਦੀ ਉਮਰ ਤਕ ਵਿਆਹ ਨਹੀਂ ਸੀ ਕਰ ਸਕੇ ਨੇ ਖੁਦਕਸ਼ੀ ਕਰ ਲਈ ਸੀ।

ਪੰਜਾਬ ਤੇ ਹਰਿਆਣਾ ਵਿਚਕਾਰ ਸਮਝੌਤੇ ਲਈ ਕੇਂਦਰ ਵਲੋਂ ਸ਼ੁਰੂਆਤ

ਨਵੀਂ ਦਿੱਲੀ — ਪੰਜਾਬ ਅਤੇ ਹਰਿਆਣਾ ਵਿਚਕਾਰ ਖੇਤਰੀ ਝਗੜੇ ਦਾ ਦੋਸਤਾਨਾ ਸਮਝੌਤਾ ਕਰਾਉਣ ਬਾਰੇ ਕੇਂਦਰ ਨੇ ਅਹਿਮ ਕਦਮ ਉਠਾਏ ਹਨ। ਕੇਂਦਰ ਗ੍ਰਹਿ ਮੰਤਰੀ ਐਸ. ਬੀ. ਚਵਾਨ ਨੇ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਨਾਲ ਇਕ ਘੰਟੇ ਤੱਕ ਗਲਬਾਤ ਕੀਤੀ ਤਾਂ ਕਿ ਪੰਜਾਬ ਸਮਝੌਤੇ ਨੂੰ ਲਾਗੂ ਕਰਨ ਦੇ ਰਾਹ ਵਿਚ ਰੋੜਕਿਆਂ ਨੂੰ ਸੁਲਝਾਇਆ ਜਾ ਸਕੇ। ਅੰਦਰੂਨੀ ਸੁਰੱਖਿਆ ਦੇ ਮੰਤਰੀ ਅਰੁਨ ਸਿੰਘ ਨੇ ਵੀ ਗੱਲਬਾਤ ਵਿਚ ਭਾਗ ਲਿਆ। ਬਾਅਦ ਵਿਚ ਦੋਵੇਂ ਮੁਖ ਮੰਤਰੀਆਂ ਨੂੰ ਵੱਖਰੇ ਵੱਖਰੇ ਤੌਰ 'ਤੇ ਮਿਲੇ। ਜਾਣਕਾਰ ਸੂਤਰਾਂ ਅਨੁਸਾਰ ਗੱਲਬਾਤ ਇਸ ਨੁਕਤੇ ਉਤੇ ਕੇਂਦਰਤ ਰਹੀ ਕਿ ਪੰਜਾਬ ਦੇ ਹਿੰਦੀ ਬੋਲਦੇ ਇਲਾਕੇ ਮੁੜ ਤੈਅ ਕੀਤੇ ਜਾਣ ਜੋ ਚੰਡੀਗੜ੍ਹ ਦੇ ਬਦਲੇ ਹਰਿਆਣਾ ਨੂੰ ਦਿੱਤੇ ਜਾਣ।

ਗ੍ਰਹਿ ਮੰਤਰਾਲੇ ਦੇ ਬੁਲਾਰੇ ਅਨੁਸਾਰ ਗੱਲਬਾਤ ਸਦਭਾਵਨਾ ਭਰੇ ਮਾਹੌਲ ਵਿਚ ਹੋਈ। ਗੱਲਬਾਤ ਤੋਂ ਪਿਛੋਂ ਪੰਜਾਂਬ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਰੇੜਕਾ ਇਸ ਕਰਕੇ ਜਾਰੀ ਰਿਹਾ ਕਿਉਂਕਿ ਹਰਿਆਂਣਾ ਦੇ ਮੁੱਖ ਮੰਤਰੀ ਇਸ ਗੱਲ ਉਤੇ ਬਜ਼ਿਦ ਰਹੇ ਕਿ ਅਬੋਹਰ ਫਾਜ਼ਿਲਕਾ ਸ਼ਹਿਰ ਤੇ ਹਿੰਦੀ ਬੋਲਦੇ 87 ਪਿੰਡ ਲੈਣ ਤੋਂ ਬਗੈਰ ਚੰਡੀਗੜ੍ਹ ਪੰਜਾਬ ਨੂੰ ਨਹੀਂ ਜਾਣ ਦੇਣਾ। ਸ. ਸੁਰਜੀਤ ਸਿੰਘ ਬਰਨਾਲਾ ਨੇ ਕਿਹਾ ਕਿ ਦੁਬਾਰਾ ਮੀਟਿੰਗ ਕਰਨ ਦਾ ਕੋਈ ਤੁੱਕ ਨਹੀਂ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਦੇ ਬਦਲੇ ਪੰਜਾਬ ਹਰਿਆਣਾ ਨੂੰ ਪਟਿਆਲਾ ਜ਼ਿਲੇ ਦੇ 13 ਪਿੰਡ ਦੇਣ ਲਈ ਤਿਆਰ ਹੈ।

ਇਸਦੇ ਉਲਟ ਹਰਿਆਣਾ ਦੇ ਮੁਖ ਮੰਤਰੀ ਸ੍ਰੀ ਭਜਨ ਲਾਲ ਨੇ ਦੱਸਿਆ ਕਿ ਮੀਟਿੰਗ ਬੜੇ ਸਦਭਾਵਨਾ ਵਾਲੇ ਮਾਹੌਲ ਵਿਚ ਹੋਈ ਤੇ ਗੱਲਬਾਤ ਅਗਲੇ ਹਫਤੇ ਵੀ ਜਾਰੀ ਰਹੇਗੀ। ਉਨ੍ਹਾਂ ਨੇ ਇਹ ਗੱਲ ਸਪਸ਼ਟ ਕਰ ਦਿਤੀ ਕਿ ਇਸ ਮਸਲੇ 'ਤੇ ਹਰਿਆਣਾ ਦੇ ਸਟੈਂਡ ਵਿਚ ਕੋਈ ਤਬਦੀਲੀ ਨਹੀਂ।

ਚੰਡੀਗੜ੍ਹ ਪੰਜਾਬ ਨੂੰ 26 ਜਨਵਰੀ ਨੂੰ ਇਸ ਕਰਕੇ ਨਾ ਦਿਤਾ ਗਿਆ ਕਿਉਂਕਿ ਮੈਥਿਊ ਕਮਿਸ਼ਨ ਨੇ ਚੰਡੀਗੜ੍ਹ ਦੇ ਬਦਲੇ ਹਰਿਆਣਾ ਨੂੰ ਦਿਤੇ ਜਾਣ ਵਾਲੇ ਹਿੰਦੀ ਬਲੋਦੇ ਪਿੰਡਾਂ ਬਾਰੇ ਸਪਸ਼ਟ ਨਹੀਂ ਸੀ ਕੀਤਾ।

ਕੇਂਦਰੀ ਗ੍ਰਹਿ ਮੰਤਰੀ ਨੇ ਦੋਵਾਂ ਮੁਖ ਮੰਤਰੀਆਂ ਨੂੰ ਕਿਹਾ ਕਿ ਉਹ ਕੁਝ ਸਮਾਜ ਵਿਰੋਧੀ ਅਨਸਰਾਂ ਵਲੋਂ ਲੋਕਾਂ ਦੇ ਫਿਰਕੂ ਜਜ਼ਬਾਤ ਭੜਕਾਉਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਿਰੁੱਧ ਚੌਕਸ ਰਹਿਣ। ਮੁਖ ਮੰਤਰੀਆਂ ਨੂੰ ਸਲਾਹ ਦਿਤੀ ਗਈ ਕਿ ਲੋਕਾਂ ਨੂੰ ਭਰੋਸੇ ਵਿਚ ਲਿਆ ਜਾਵੇ ਅਤੇ ਆਪੋ ਆਪਣੇ ਰਾਜਾਂ ਵਿਚ ਫਿਰਕੂ ਸਦਭਾਵਨਾ ਯਕੀਨੀ ਬਣਾਉਣ ਲਈ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦਾ ਸਹਿਯੋਗ ਲਿਆ ਜਾਵੇ। ਉਨ੍ਹਾਂ ਨੂੰ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਕਿਸੇ ਵੀ ਸੂਰਤ ਵਿਚ ਵੱਖ ਵੱਖ ਫਿਰਕਿਆਂ ਵਿਚਾਲੇ ਭਾਈਚਾਰਕ ਸਾਂਝ ਨੂੰ ਆਂਚ ਨਾ ਆਉਣ ਦਿਤੀ ਜਾਵੇ। ਇਸ ਮੰਤਵ ਲਈ ਵੱਖ ਵੱਖ ਵਾਲੰਟਰੀ ਜਥੇਬੰਦੀਆਂ ਦਾ ਸਹਿਯੋਗ ਪ੍ਰਾਪਤ ਕੀਤਾ ਜਾਵੇ ਤੇ ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਜਾਣ। ਗ੍ਰਹਿ ਮੰਤਰੀ ਨਾਲ ਮੀਟਿੰਗ ਪਿਛੋਂ ਦੋਵਾਂ ਮੁਖ ਮੰਤਰੀਆਂ ਵਲੋਂ ਜੋ ਕੁਝ ਪੱਤਰਕਾਰਾਂ ਨੂੰ ਦੱਸਿਆ ਗਿਆ, ਉਹ ਇਕ ਦੂਜੇ ਨਾਲ ਮਿਲਦਾ ਜੁਲਦਾ ਨਹੀਂ ਸੀ। ਸ: ਬਰਨਾਲਾ ਦਾ ਕਹਿਣਾ ਸੀ ਕਿ ਉਹ ਹੁਣ ਦਿੱਲੀ ਵਿਚ ਸ੍ਰੀ ਭਜਨ ਲਾਲਾ ਨੂੰ ਨਹੀਂ ਮਿਲਣਗੇ ਜਦ ਕਿ ਸ੍ਰੀ ਭਜਨ ਲਾਲ ਨੇ ਦਾਅਵਾ ਕੀਤਾ ਕਿ ਉਹ ਅਤੇ ਸ: ਬਰਨਾਲਾ ਅਗਲੇ ਦੋ ਤਿੰਨ ਦਿਨਾਂ ਵਿਚ ਲਿੰਕ ਨਹਿਰ ਦੀ ਉਸਾਰੀ ਵੇਖਣ ਜਾਣਗੇ। ਉਨ੍ਹਾਂ ਕਿਹਾ ਕਿ ਸ: ਬਰਨਾਲਾ ਨੇ ਮੈਨੂੰ ਕਿਹਾ ਹੈ ਕਿ ਉਹ ਨਹਿਰ ਦੀ ਉਸਾਰੀ ਖੁਦ ਆ ਕੇ ਦੇਖਣ।

ਸ੍ਰੀ ਭਜਨ ਲਾਲ ਨੇ ਇਹ ਵੀ ਦਾਅਵਾ ਕੀਤਾ ਕਿ ਤ੍ਰੈਪੱਖੀ ਮੀਟਿੰਗ ਵਿਚ ਸ: ਬਰਨਾਲਾ ਝਗੜੇ ਵਾਲੇ ਮਾਮਲਿਆਂ ਦੇ ਹੱਲ ਲਈ ਉਨ੍ਹਾਂ ਨੂੰ ਚੰਡੀਗੜ੍ਹ ਵਿਚ ਮਿਲਣ ਲਈ ਸਹਿਮਤ ਹੋ ਗਏ ਹਨ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਤ੍ਰੈਪੱਖੀ ਮੀਟਿੰਗ ਵਿਚ "ਕੁਝ ਪ੍ਰਗਤੀ" ਜ਼ਰੂਰ ਹੋਈ ਹੈ ਜਦ ਕਿ ਸ: ਬਰਨਾਲਾ ਨੇ ਕਿਹਾ ਕਿ ਝਗੜਾ ਜਿਉਂ ਦਾ ਤਿਉਂ ਹੈ ਕਿਉਂਕਿ ਸ੍ਰੀ ਭਜਨ ਲਾਲ ਫਾਜ਼ਿਲਕਾ ਅਬੋਹਰ ਲੈਣ ਤੋਂ ਘੱਟ ਕੋਈ ਗੱਲ ਨਹੀਂ ਕਰਨਾ ਚਾਹੁੰਦੇ।

ਸ: ਬਰਨਾਲਾ ਨੇ ਸਪੱਸ਼ਟ ਕਿਹਾ ਕਿ ਉਨ੍ਹਾਂ ਦੀ ਪਾਰਟੀ "ਸਰਬੱਤ ਖਾਲਸਾ" ਦੇ ਫੈਸਲਿਆਂ ਨੂੰ ਲਾਗੂ ਕਰਨ ਲਈ ਛੇਤੀ ਹੀ ਇਕ ਮੀਟਿੰਗ ਕਰੇਗੀ। ਇਹ ਪੁੱਛੇ ਜਾਣ ਉਤੇ ਕਿ ਜੇਕਰ ਪੰਜਾਬ ਸਮਝੌਤਾ ਲਾਗੂ ਨਾ ਕੀਤਾ ਗਿਆ ਤਾਂ ਤੁਸੀਂ ਕੀ ਕਰੋਗੇ, ਸ: ਬਰਨਾਲਾ ਮੁਸਕਰਾਏ ਤੇ ਕਿਹਾ ਕਿ "ਮੈਨੂੰ ਯਕੀਨ ਹੈ ਕਿ ਕੇਂਦਰ ਸਮਝੌਤੇ ਨੂੰ ਲਾਗੂ ਕਰੇਗਾ।" ਉਨ੍ਹਾਂ ਕਿਹਾ ਕਿ ਸ੍ਰੀ ਭਜਨ ਲਾਲ ਵਿਚਾਰ ਵਟਾਂਦਰਾ ਕਰਨ ਵਾਲੀ ਕੋਈ ਗੱਲ ਨਹੀਂ ਕਿਉਂਕਿ ਮੈਥਿਊ ਕਮਿਸ਼ਨ ਨੇ ਅਕਾਲੀ ਦਲ ਦੇ ਸਟੈਂਡ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਭਜਨ ਲਾਲ ਪਟਿਆਲਾ ਜ਼ਿਲੇ ਦੇ 13 ਪਿੰਡਾਂ ਤੋਂ ਵੱਧ ਪਿੰਡ ਦੱਸ ਦੇਣ ਜਿਨ੍ਹਾਂ 'ਤੇ ਝਗੜਾ ਹੋਵੇ ਤਾਂ ਅਸੀਂ ਵਿਚਾਰ ਕਰ ਸਕਦੇ ਹਾਂ ਪਰ ਮੈਨੂੰ ਪਤਾ ਹੈ ਕਿ ਪਿੰਡ ਇਕ ਵੀ ਨਹੀਂ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੇ ਕਦੇ ਵੀ ਹਰਿਆਣਾ ਨੂੰ ਚੰਡੀਗੜ੍ਹ ਬਦਲੇ 33 ਪਿੰਡ ਦੇਣ ਬਾਰੇ ਪੇਸ਼ਕਸ਼ ਨਹੀਂ ਕੀਤੀ।

ਅੰਤ੍ਰਿਮ ਰੀਲੀਫ ਦੇਣ ਲਈ ਸੁਪਰੀਮ ਕੋਰਟ ਨੇ ਆਰਡਰ ਦੇ ਦਿਤਾ

ਨਵੀਂ ਦਿੱਲੀ — ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਹੁਕਮ ਜਾਰੀ ਕਰ ਦਿਤਾ ਹੈ ਕਿ ਕੇਂਦਰੀ ਮੁਲਾਜ਼ਮਾਂ ਨੂੰ ਅੰਤ੍ਰਿਮ ਰੀਲੀਫ ਜਾਰੀ ਕੀਤਾ ਜਾਵੇ। ਜੋ ਮੁਲਾਜ਼ਮ 1000 ਰੁਪਏ ਤੋਂ ਘੱਟ ਤਨਖਾਹ ਲੈਂਦੇ ਹਨ ਉਨ੍ਹਾਂ ਨੂੰ 1 ਜਨਵਰੀ 1986 ਤੋਂ ਅੰਤ੍ਰਿਮ ਰੀਲੀਫ ਦੇ ਪੈਸੇ ਦਿਤੇ ਜਾਣ ਦਾ ਹੁਕਮ ਦਿਤਾ ਗਿਆ ਹੈ। ਬਕਾਏ ਦੇ ਪੈਸੇ ਵੀ ਇਕ ਮਹੀਨੇ ਦੇ ਅੰਦਰ ਅੰਦਰ ਦਿਤੇ ਜਾਣ ਦਾ ਆਦੇਸ਼ ਦਿਤਾ ਗਿਆ ਹੈ।

ਸ਼ਿਵਸੈਨਾ ਵਲੋਂ ਰੋਸ ਦਿਵਸ

ਚੰਡੀਗੜ੍ਹ — ਹਿੰਦੂ ਸ਼ਿਵ ਸੈਨਾਂ ਵਲੋਂ ਪੰਜਾਬ ਵਿਚ ਦਹਿਸ਼ਤਪਸੰਦਾਂ ਹੱਥੋਂ ਬੇਦੋਸ਼ੇ ਹਿੰਦੂਆਂ ਦੇ ਕਤਲਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਦਿੱਤੇ ਗਏ ਸੱਦੇ ਨੂੰ ਰਾਜ ਦੇ ਲੋਕਾਂ ਨੇ ਇੱਕਾ ਦੁੱਕਾ ਘਟਨਾਵਾਂ ਨੂੰ ਛੱਡ ਕੇ ਕੋਈ ਹੁੰਗਾਰਾ ਨਹੀਂ ਭਰਿਆ। ਲੁਧਿਆਣਾ ਵਿਚ ਸੈਨਾ ਦੇ 21 ਵਰਕਰਾਂ ਨੇ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਕਰ ਕੇ ਗ੍ਰਿਫਤਾਰੀ ਦਿੱਤੀ। ਦੀਨਾਨਗਰ ਕਸਬੇ ਵਿਚ ਹੜਤਾਲ ਰਹੀ। ਆਲ ਇੰਡੀਆ ਹਿੰਦੂ ਸਟੂਡੈਂਟਸ ਫੈਡਰੇਸ਼ਨ ਅਤੇ ਸ਼ਿਵ ਸੈਨਾ ਦੇ ਹਮਾਇਤੀਆਂ ਨੇ ਗੁਰਦਾਸਪੁਰ ਕਸਬੇ ਵਿਚ ਕਾਲਜ ਬੰਦ ਕਰਾਉਣ ਦੀ ਕੋਸ਼ਿਸ਼ ਕੀਤੀ। ਪਠਾਨਕੋਟ ਵਿਚ ਵੀ ਸ਼ਿਵ ਸੈਨਾਂ ਦੇ ਹਮਾਇਤੀਆਂ ਨੇ ਮੀਟਿੰਗ ਕੀਤੀ ਕੁਝ ਲੋਕਾਂ ਨੇ ਗੁਰਦਾਸਪੁਰ ਵਿਚ ਆਵਾਜਾਈ ਰੋਕਣ ਦੀ ਵੀ ਕੋਸ਼ਿਸ਼ ਕੀਤੀ।

ਲੁਧਿਆਣਾ — ਹਿੰਦੂ ਸ਼ਿਵ ਸੈਨਾ ਅਤੇ ਆਲ ਇੰਡੀਆ ਹਿੰਦੂ ਸਟੂਡੈਂਟਸ ਫੈਡਰੇਸ਼ਨ ਦੇ 21 ਵਰਕਰਾਂ ਨੇ ਦਫਾ 144 ਦੀ ਉਲੰਘਣਾ ਕਰ ਕੇ ਗ੍ਰਿਫਤਾਰੀ ਦਿਤੀ। ਉਹ ਪੰਜਾਬ ਵਿਚ ਭੋਲ-ਭਾਲੇ ਹਿੰਦੂਆਂ ਦੇ ਕਤਲਾਂ ਵਿਰੁੱਧ ਰੋਸ ਪ੍ਰਗਟ ਕਰ ਰਹੇ ਸਨ। ਇਨ੍ਹਾਂ ਵਰਕਰਾਂ ਨੂੰ ਉਸ ਵੇਲੇ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਸ਼ਿਵ ਸੈਨਾਂ ਦੇ ਹੈਡ ਕੁਆਰਟਰ ਗੁੜ ਮੰਡੀ ਵਲੋਂ ਬਾਹਰ ਨੂੰ ਆ ਰਹੇ ਸਨ।

ਇਲਾਕੇ ਵਿਚ ਤਣਾਓ ਹੋਣ ਕਰਕੇ ਨੇੜਲੇ ਬਜ਼ਾਰਾਂ ਵਿਚ ਦੁਕਾਨਦਾਰਾਂ ਨੇ ਦੁਕਾਨਾਂ ਬੰਦ ਰੱਖੀਆਂ। ਗੁੜ ਮੰਡੀ ਵਿਚ ਇਕ ਸਾਂਝੀ ਰੈਲੀ ਵੀ ਕੀਤੀ ਗਈ ਜਿਸ ਨੂੰ ਸੰਬੋਧਨ ਕਰਦਿਆਂ ਸ਼ਿਵ ਸੈਨਾਂ ਦੇ ਪ੍ਰਧਾਨ ਜਗਦੀਸ਼ ਚੰਦਰ ਟਾਂਗਰੀ ਨੇ ਮੁੱਖ ਮੰਤਰੀ ਦੀ ਇਸ ਟਿਪਣੀ ਦੀ ਕਰੜੀ ਨੁਕਤਾਚੀਨੀ ਕੀਤੀ ਕਿ ਸ਼ਿਵ ਸੈਨਾ ਇਕ ਹੋਰ ਅਤਿਵਾਦੀ ਜਥੇਬੰਦੀ ਹੈ। ਸ੍ਰੀ ਟਾਂਗਰੀ ਨੇ ਕਿਹਾ ਕਿ ਸ਼ਿਵ ਸੈਨਾ ਨੇ ਕਦੇ ਵੀ ਕਿਸੇ ਅਤਿਵਾਦੀ ਕਾਰਵਾਈ ਵਿਚ ਹਿਸਾ ਨਹੀਂ ਲਿਆ ਸਗੋਂ ਸਿਰਫ ਪੰਜਾਬ ਵਿਚ ਬੇਕਸੂਰ ਹਿੰਦੂਆਂ ਦੇ ਹੋ ਰਹੇ ਕਤਲਾਂ ਦੇ ਵਿਰੁੱਧ ਆਵਾਜ਼ ਉਠਾਈ। ਉਨ੍ਹਾਂ ਕਿਹਾ ਕਿ ਸ਼ਿਵ ਸੈਨਾ ਕਤਲਾਂ ਵਿਰੁੱਧ ਆਵਾਜ਼ ਉਠਾਉਣ ਦਾ ਕੰਮ ਜਾਰੀ ਰੱਖੇਗੀ। ਸ੍ਰੀ ਟਾਂਗਰੀ ਨੂੰ ਲਾਢੋਵਾਲ ਨੇੜੇ ਗ੍ਰਿਫਤਾਰ ਕੀਤਾ ਗਿਆ ਸੀ, ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ।

ਸ਼ਿਵ ਸੈਨਾਂ ਵਰਕਰਾਂ ਨੇ ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਦਾ ਪੁਤਲਾ ਵੀ ਸਾੜਿਆ। ਐਡੀਸ਼ਨਲ ਡਿਪਟੀ ਕਮਿਸ਼ਨਰ ਨੂੰ ਦਿੱਤੇ ਗਏ ਪੱਤਰ ਵਿਚ ਸ਼ਿਵ ਸੈਨਾ ਨੇ ਮੰਗ ਕੀਤੀ ਕਿ ਬਰਨਾਲਾ ਸਰਕਾਰ ਅਸਤੀਫਾ ਦੇਵੇ ਤੇ ਪੰਜਾਬ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਵੇ। ਇਸ ਤੋਂ ਇਲਾਵਾ ਪੰਜਾਂਬ ਵਿਚ ਹਿੰਦੂਆਂ ਦੀ ਸੁਰੱਖਿਆ ਲਈ ਹਥਿਆਰਾਂ ਦੇ ਲਾਈਸੈਂਸ ਦਿਤੇ ਜਾਣ। ਯਾਦ ਪੱਤਰ ਵਿਚ ਹਿੰਦੂਆਂ ਦੀ ਜਾਨ ਮਾਲ ਦੀ ਰਾਖੀ ਕਰਨ ਦੀ ਵੀ ਮੰਗ ਕੀਤੀ ਗਈ।

ਨਾ ਮਾਰੂਥਲ ਚੀਰੇ ਨਾ ਸਾਗਰ ਤਰ ਹੋਇਆ।
ਇਸ ਵਾਰ ਦੇ ਮੌਸਮ ਵਿਚ ਇਹ ਕੇਹਾ ਸਫ਼ਰ ਹੋਇਆ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: . . . . . .
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਫ਼ਿਲਪੀਨਜ਼ ਵਿਚ ਰਾਜ ਪਲਟਾ

ਅਮਰੀਕਾ ਦੀ ਸਰਕਾਰ ਨੇ ਜਿਸ 'ਸ਼ਾਂਤਮਈ ਢੰਗ' ਨਾਲ ਫਿਲਪੀਨਜ਼ ਵਿਚ ਰਾਜ ਪਲਟਾ ਲਿਆਂਦਾ ਹੈ ਉਸਨੂੰ ਪੱਛਮੀ ਮੀਡੀਆ ਕੇਵਲ ਵਡਿਆ ਹੀ ਨਹੀਂ ਰਿਹਾ ਸਗੋਂ ਇਕ 'ਅਮਰੀਕਨ ਕਰਾਮਾਤ' ਵਜੋਂ ਪੇਸ਼ ਕਰ ਰਿਹਾ ਹੈ। 20 ਸਾਲ ਇਕ ਜ਼ਾਲਮ ਡਿਕਟੇਟਰ ਦੇ ਹੱਥੋਂ ਲੋਕਾਂ ਦਾ ਕਤਲੇਆਮ, ਜਮਹੂਰੀਅਤ ਦਾ ਗਲਾ ਘੁਟਣਾ, ਬੇਗੁਨਾਹਾਂ ਨੂੰ ਸੂਲੀਆਂ ਤੇ ਚਾੜ੍ਹਨਾ ਬਰਦਾਸ਼ਤ ਕੀਤਾ ਜਾਂਦਾ ਰਿਹਾ ਅਤੇ ਉਸ ਡਿਕਟੇਟਰ ਨੂੰ ਅਮਰੀਕਾ ਦਾ 'ਵਧੀਆ ਭਾਈਵਾਲ' ਕਹਿ ਕੇ ਸਤਿਕਾਰਤ ਕੀਤਾ ਜਾਂਦਾ ਰਿਹਾ ਪਰ ਜਦ ਲੋਕਾਂ ਦੀ ਆਵਾਜ਼ ਉਠਣੀ ਸ਼ੁਰੂ ਹੋਈ, ਗੁਰੀਲਿਆਂ ਨੇ ਅਫਸਰਸ਼ਾਹੀ ਅਤੇ ਸਰਮਾਏਦਾਰ ਲੋਕਾਂ ਦਾ ਜਿਊਣਾ ਦੂਭਰ ਕਰ ਦਿਤਾ ਤਾਂ ਅਮਰੀਕਾ ਨੂੰ ਕੇਵਲ ਆਪਣੇ ਹਵਾਈ ਅੱਡਿਆਂ ਦਾ ਫਿਕਰ ਲੱਗਾ — ਇਸੇ ਕਾਰਨ ਉਨ੍ਹਾਂ ਮਾਰਕੋਸ ਨੂੰ ਗੱਦੀ ਤੋਂ ਲਾਹੁਣ ਦਾ ਅਡੰਬਰ ਰਚਿਆ।

ਜਦ ਹਾਲਾਤ ਇਸ ਪੱਧਰ ਤੱਕ ਵਿਗੜ ਗਏ ਕਿ ਅਮਰੀਕਾ ਦੀ ਸਰਕਾਰ ਨੂੰ ਸਪੱਸ਼ਟ ਨਜ਼ਰ ਆਉਣ ਲਗ ਪਿਆ ਕਿ ਲੋਕ ਇਨਕਲਾਬ ਦੇ ਰਾਹ ਵੱਲ ਤੁਰ ਪਏ ਹਨ ਤਾਂ ਉਨ੍ਹਾਂ ਮਾਰਕੋਸ ਨੂੰ 'ਕੁਰਬਾਨੀ ਦਾ ਬੱਕਰਾ' ਬਨਾਉਣ ਦੀ ਚਾਲ ਅਰੰਭੀ। ਇਸੇ ਲਈ ਸ੍ਰੀਮਤੀ ਅਕੀਨੋ ਨੂੰ ਵੱਡੀ ਪੱਧਰ ਉਤੇ ਪੱਛਮੀ ਮੀਡੀਏ ਨੇ ਉਭਾਰਨਾ ਸ਼ੁਰੂ ਕੀਤਾ। ਸ੍ਰੀਮਤੀ ਅਕੀਨੋ ਨਾਲ ਹਮਦਰਦੀ ਕੁਦਰਤੀ ਤੌਰ ਉਤੇ ਲੋਕਾਂ ਦੀ ਹੋਣੀ ਜ਼ਰੂਰੀ ਸੀ ਕਿਉਂਕਿ ਉਸ ਦਾ ਪਤੀ ਬੀਨਾਈਕ ਅਕੀਨੋ ਮਾਰਕੋਸ ਅਤੇ ਉਸ ਦੀ ਪਾਲਤੂ ਫੌਜ ਦੀਆਂ ਗੋਲੀਆਂ ਦਾ ਸ਼ਿਕਾਰ ਵੀ ਉਸ ਸਮੇਂ ਹੋਇਆ ਜਦੋਂ ਉਹ ਅਮਰੀਕਾ ਤੋਂ ਆਪਣਾ "ਬਨਵਾਸ" ਪੂਰਾ ਕਰਕੇ ਪਰਤ ਰਿਹਾ ਸੀ।

ਸ੍ਰੀਮਤੀ ਅਕੀਨੋ ਸਿਆਸੀ ਤੌਰ ਉਤੇ ਪੂਰਨ ਤੌਰ ਉਤੇ ਨਾਤਜਰਬਾਕਾਰ ਹੈ — ਇਸੇ ਲਈ ਇਕ ਕੁਰੱਪਟ ਸਾਬਤ ਹੋ ਚੁਕੇ ਮੰਤਰੀ ਅਤੇ ਮਾਰਕੋਸ ਦੇ ਪਾਲੇ ਹੋਏ ਜਰਨੈਲ ਨੂੰ ਸ੍ਰੀਮਤੀ ਅਕੀਨੋ ਵੱਲ ਭੇਜਿਆ ਗਿਆ ਤਾਂ ਕਿ ਸ੍ਰੀਮਤੀ ਅਕੀਨੋ ਅਮਰੀਕਨ ਹਿਤਾਂ ਦੇ ਵਿਰੁੱਧ ਨਾ ਜਾ ਸਕੇ। ਪਰ ਹਾਲਾਤ ਇਹ ਦੱਸਦੇ ਹਨ ਕਿ ਆਮ ਫਿਲਪੀਨੀ ਲੋਕ ਅਮਰੀਕਾ ਸਰਕਾਰ ਦੇ ਖਿਲਾਫ ਹੋਣ ਦੇ ਨਾਲ ਨਾਲ ਆਰਥਿਕ ਤੌਰ ਉਤੇ ਤਬਾਹ ਹੋ ਚੁੱਕੇ ਮੁਲਕ ਦੀ ਸਾਰੀ ਜਿੰਮੇਵਾਰੀ ਅਮਰੀਕਾ ਦੀ ਸਰਕਾਰ ਉਤੇ ਸੁਟਦੇ ਹਨ।

ਇਹ ਵੀ ਕੋਈ ਅਚੰਭੇ ਵਾਲੀ ਗੱਲ ਨਹੀਂ ਹੋਵੇਗੀ ਕਿ 1991 ਵਿਚ ਅਮਰੀਕਨ ਅੱਡੇ ਚੁਕਣ ਲਈ ਅਮਰੀਕਾ ਨੂੰ ਮਜ਼ਬੂਰ ਹੋਣਾ ਪਵੇ। ਲੋਕਾਂ ਨੂੰ ਆਪਣੀ ਸ਼ਕਤੀ ਦਾ ਅਹਿਸਾਸ ਹੋ ਚੁਕਾ ਹੈ ਅਤੇ ਇਹ ਲੋਕ-ਸ਼ਕਤੀ ਕਿਸੇ ਸਾਮਰਾਜੀ ਦੇਸ਼ ਦੀ ਅਧੀਨਤਾ ਨਹੀਂ ਕਬੂਲੇਗੀ।

ਭਾੜੇ ਦੇ ਟੱਟੂ

ਰੀਝਾਂ ਨਾਲ ਉਸਾਰਦੇ ਕੋਠੀਆਂ ਨੇ,
ਮੂਹਰੇ ਟੰਗ ਦੇਂਦੇ ਨਜ਼ਰ-ਪੱਟੂਆਂ ਨੂੰ।
ਸਰਵਣ-ਪੁੱਤ ਪਰਦੇਸਾਂ ਵਿਚ . ਖਾਣ ਧੱਕੇ,
ਮਾਵਾਂ ਕਰਦੀਆਂ ਪਿਆਰ ਨਖੱਟੂਆਂ ਨੂੰ।
ਇਕੋ ਲਿੱਬੜੀ ਮੱਝ ਲਬੇੜ ਦਿੰਦੀ,
ਸਾਰੇ ਵੱਗ ਦੇ ਵੱਛੂਆਂ-ਕੱਟੂਆਂ ਨੂੰ।
ਅਰਬੀ ਘੋੜਿਆਂ ਵਾਸਤੇ ਕੱਖ-ਕੰਡਾ
ਸੱਭੇ ਨਿਹਮਤਾਂ ਭਾੜੇ ਦੇ ਟੱਟੂਆਂ ਨੂੰ।।

ਧਿਆਨਪੁਰੀ

ਪੰਜਾਬ ਡਾਇਰੀ


ਇਸ ਦੇਸ਼ ਦੀ ਵਾਗਡੋਰ ਹਰ ਪੱਧਰ ਤੇ ਬੜੇ ਹੀ ਘਟੀਆ ਸਿਆਸਤਦਾਨਾਂ ਦੇ ਹੱਥ ਚਲੀ ਗਈ ਹੈ। ਕੇਂਦਰ, ਹਰਿਆਣਾ ਅਤੇ ਪੰਜਾਬ ਦੇ ਸਿਆਸਤਦਾਨਾਂ ਨੇ ਇਹਨਾਂ ਦਿਨਾਂ ਵਿਚ ਜਿਹੜੀ ਘਟੀਆ ਸਿਆਸਤ ਦੀ ਪ੍ਰਦਰਸ਼ਨੀ ਕੀਤੀ ਹੈ, ਇਸਦੀ ਜਿੰਨੀਂ ਵੀ ਨਿਖੇਧੀ ਕੀਤੀ ਜਾਏ, ਉਹ ਥੋੜ੍ਹੀ ਹੈ, ਕੁਰਸੀ ਲਈ ਵੋਟਾਂ ਚਾਹੀਦੀਆਂ ਹਨ ਤੇ ਵੋਟਾਂ ਲੋਕਾਂ ਦੇ ਜਜ਼ਬਾਤ ਭੜਕਾ ਕੇ ਲਈਆਂ ਜਾ ਸਕਦੀਆਂ ਹਨ। ਇਸ ਲਈ ਹਰ ਥਾਂ ਦੇ ਇਹ ਬੁਰਜੂਆ ਸਿਆਸਤਦਾਨ ਮੌਕਾਪ੍ਰਸਤੀ ਦੀਆਂ ਸਿਖਰਾਂ ਛੂਹ ਰਹੇ ਹਨ। ਅੰਦਰਖਾਨੇ ਸਮਝੌਤੇ ਕੁਝ ਕਰਦੇ ਹਨ, ਬਾਹਰ ਦਸਦੇ ਕੁਝ ਹਨ। ਫੇਰ ਇਕ ਦੂਜੇ ਉਤੇ ਸਮਝੌਤੇ ਤੋਂ ਮੁਕਰਨ ਦੇ ਇਲਜ਼ਾਮ ਲਗਾਉਂਦੇ ਹਨ। ਆਰਾਮ ਨਾਲ ਬੈਠੇ ਬੈਠਾਏ ਸਾਧਾਰਨ ਲੋਕਾਂ ਵਿਚ ਨਫਰਤ ਦੇ ਬੀਜ ਬੀਜਦੇ ਹਨ, ਉਹਨਾਂ ਦੇ ਹੱਥ ਡਾਂਗਾਂ ਫੜਾਂਦੇ ਹਨ ਤੇ ਆਪ ਫੇਰ ਇਕੱਠੇ ਬੈਠੇ ਚਾਹਾਂ ਪੀਂਦੇ ਹਨ। ਨਵੇਂ ਸਮਝੌਤੇ ਕਰਦੇ ਹਨ। ਆਮ ਆਦਮੀ ਇਹਨਾਂ ਦੀ ਚਾਲਾਂ ਦੇ ਸ਼ਿਕਾਰ ਹੁੰਦੇ ਹਨ। ਇਸ ਹਾਲਤ ਵਿਚ ਸੂਝਵਾਨ ਲੋਕਾਂ ਦਾ ਵਿਸ਼ੇਸ਼ ਕਰਕੇ ਖੱਬੀ ਧਿਰ ਵਾਲਿਆਂ ਦਾ ਵੱਡਾ ਫਰਜ਼ ਹੈ ਕਿ ਉਹ ਦ੍ਰਿੜ ਸਟੈਂਡ ਲੈਣ, ਲੋਕਾਂ ਨੂੰ ਆਪਸੀ ਨਫਰਤ ਤੋਂ ਬਚਾਉਣ ਤੇ ਇਸ ਭ੍ਰਿਸ਼ਟ ਤੇ ਝੂਠੇ ਨਿਜ਼ਾਮ ਨੂੰ ਚਲਾਉਣ ਵਾਲੇ ਸਾਂਝੇ ਦੁਸ਼ਮਣਾਂ ਦੇ ਵਿਰੁਧ ਰਲ ਕੇ ਸੰਘਰਸ਼ ਕਰਨ।

● ਪੰਜਾਬ ਦੇ ਲੋਕਾਂ ਦੀ ਆਪਸੀ ਏਕਤਾ ਕੋਈ ਵੀ ਮਸਲਾ ਹੱਲ ਕਰਨ ਲਈ ਸਭ ਤੋਂ ਵੱਡੀ ਜ਼ਰੂਰਤ ਹੈ। ਪੰਜਾਬ ਵਿਚ ਜਿਹੜੇ ਇੱਕਾ ਦੁੱਕਾ ਹਿੰਦੂ ਕਤਲ ਹੋ ਰਹੇ ਹਨ, ਇਸਦੇ ਵਿਰੁੱਧ ਇਕ ਜ਼ੋਰਦਾਰ ਰਾਇਆਮਾ ਲਾਮਬੰਦ ਕੀਤੀ ਜਾਏ। ਇਸਨੂੰ ਅੱਖੋਂ ਪ੍ਰੋਖਾ ਨਾ ਕੀਤਾ ਜਾਏ। ਪੰਜਾਬ ਦੇ ਲੋਕਾਂ ਦੀ ਸਾਂਵੀ ਪੱਧਰੀ ਸਮਾਜਕ ਜ਼ਿੰਦਗੀ ਵਿਚ ਇਹ ਕਤਲ ਵੱਡਾ ਵਿਘਨ ਪਾ ਰਹੇ ਹਨ। ਬੱਸਾਂ ਸਵੇਰੇ ਸੱਤ ਵਜੇ ਤੋਂ ਪਹਿਲੇ ਅੱਡੇ ਤੋਂ ਨਿਕਲਦੀਆਂ ਨਹੀਂ ਤੇ ਸ਼ਾਮ ਸੱਤ ਵਜੇ ਬਾਅਦ ਸਾਰੀ ਆਵਾਜਾਈ ਬੰਦ ਹੋ ਜਾਂਦੀ ਹੈ, ਇਕ ਸਹਿਮ ਤੇ ਇਕ ਡਰ ਦਾ ਪ੍ਰਛਾਵਾਂ ਹਰ ਵੇਲੇ ਸੜਕਾਂ ਤੇ ਛਾਇਆ ਰਹਿੰਦਾ ਹੈ। ਹਾਲਾਤ ਦੇ ਸਾਧਾਰਨੀਕਰਨ ਨਾ ਹੋਣ ਤੇ ਸਮੁੱਚੇ ਪੰਜਾਬ ਨੂੰ ਆਰਥਕ ਤੌਰ ਤੇ ਇਕ ਵਡਾ ਨੁਕਸਾਨ ਹੋ ਰਿਹਾ ਹੈ, ਇਸਦੇ ਬਾਰੇ ਸਾਨੂੰ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ।

● ਹਰਿਆਣਾ ਤੇ ਪੰਜਾਬ ਦੇ ਲੋਕਾਂ ਵਿਚ ਆਪਸੀ ਨਫਰਤ ਫੈਲਾਉਣ ਦੀ ਇਹਨਾਂ ਬੁਰਜੂਆ ਸਿਆਸਤਦਾਨਾਂ ਦੀਆਂ ਚਾਲਾਂ ਫੇਲ ਕਰਨੀਆਂ ਚਾਹੀਦੀਆਂ ਹਨ। ਇਸ ਪ੍ਰਸੰਗ ਵਿਚ ਮੈਥਿਊ ਕਮਿਸ਼ਨ ਵਲੋਂ ਕਰਵਾਇਆ ਗਿਆ ਭਾਸ਼ਾਈ ਸਰਵੇਖਣ ਇਕ ਬੜਾ ਹੀ ਖਤਰਨਾਕ ਕਦਮ ਸੀ। ਭਾਰਤ ਦੀ ਸਰਕਾਰ ਨੇ ਇਸ ਸਰਵੇਖਣ ਦਾ ਬੰਦੋਬਸਤ ਕੀਤਾ ਹੈ, ਤੇ ਇਹ ਹੱਕ ਕੁਝ ਪਿੰਡਾਂ ਦੇ ਲੋਕਾਂ ਨੂੰ ਦਿਤਾ ਹੈ ਕਿ ਉਹ ਇਹ ਫੈਸਲਾ ਲੈਣ ਕਿ ਉਹਨਾਂ ਨੇ ਹਰਿਆਣਾ ਵਿਚ ਰਹਿਣਾ ਹੈ ਜਾਂ ਪੰਜਾਬ ਵਿਚ, ਇਹੋ ਸਰਕਾਰ ਕਸ਼ਮੀਰ ਦੇ ਲੋਕਾਂ ਨੂੰ ਇਹੋ ਹੱਕ ਦੇਣ ਲਈ ਸਾਲਾਂ ਤੋਂ ਮੁਨਕਰ ਹੈ। ਯੂ. ਐਨ. ਓ. ਜਾਂ ਸਿਕਿਊਰਿਟੀ ਕੌਂਸਲ ਵਿਚ ਭਾਰਤ ਦੇ ਨੁਮਾਇੰਦੇ ਹਮੇਸ਼ਾ ਇਹ ਸਟੈਂਡ ਲੈਂਦੇ ਰਹੇ ਹਨ ਕਿ ਇਹੋ ਜਿਹੀ ਰਾਏ ਸ਼ੁਮਾਰੀ ਨਾਲ ਸਿਰਫ ਕਸ਼ਮੀਰ ਦੇ ਲੋਕਾਂ ਦਾ ਸਬੰਧ ਨਹੀਂ, ਸਗੋਂ ਭਾਰਤ ਵਿਚ ਰਹਿ ਰਹੇ 9 ਕਰੋੜ ਮੁਸਲਮਾਨਾਂ ਦਾ ਭਵਿਖ ਖਤਰੇ ਵਿਚ ਪੈ ਜਾਂਦਾ ਹੈ, ਜੇਕਰ ਕਸ਼ਮੀਰ ਦੇ ਮੁਸਲਮਾਨ ਪਾਕਿਸਤਾਨ ਨਾਲ ਰਲਣ ਦੀ ਰਾਏ ਦੇ ਦੇਂਦੇ ਹਨ ਜਿਸ ਤਰ੍ਹਾਂ ਕਿ ਯਕੀਨ ਹੈ ਕਿ ਉਹਨਾਂ ਨੇ ਮਜ਼ਹਬੀ ਜਨੂੰਨ ਦੇ ਹੇਠ ਦੇ ਹੀ ਦੇਣੀ ਹੈ ਤਾਂ ਭਾਰਤ ਸਰਕਾਰ ਲਈ ਭਾਰਤ ਵਿਚ ਮੁਸਲਮਾਨਾਂ ਦੀ ਰਖਵਾਲੀ ਮੁਸ਼ਕਿਲ ਹੋ ਜਾਏਗੀ। ਕੀ ਇਹੋ ਦਲੀਲ ਇਸ 'ਭਾਸ਼ਾਈ ਸਰਵੇਖਣ' ਤੇ ਲਾਗੂ ਨਹੀਂ ਹੁੰਦੀ? ਜਿਸ ਤਰ੍ਹਾਂ ਹਰਿਆਣਾ ਤੇ ਪੰਜਾਬ ਦੋਵੇਂ ਪਾਸੇ ਤੋਂ ਵਜ਼ੀਰ ਮੰਤਰੀਆਂ ਨੇ ਡੇਰੇ ਲਗਾ ਕੇ ਪਰਚਾਰ ਕੀਤਾ ਹੈ, ਅਤੇ ਬੰਦੂਕਾਂ ਡਾਂਗਾਂ ਨਾਲ ਪਹਿਰੇਦਾਰੀਆਂ ਕੀਤੀਆਂ ਹਨ ਉਸ ਤੋਂ ਸਾਫ ਹੈ ਕਿ ਇਹ ਭਾਸ਼ਾਈ ਸਰਵੇਖਣ ਬੈਠੇ ਬੈਠਾਏ ਅਮਨ ਤੇ ਸ਼ਾਂਤੀ ਨਾਲ ਰਹਿ ਰਹੇ ਲੋਕਾਂ ਵਿਚ ਫਰਕ ਪਾਉਣ ਤੋਂ ਸਿਵਾ ਹੋਰ ਕੁਝ ਨਹੀਂ ਸੀ। ਕੀ ਇਹ ਮਸਲੇ ਇਕ ਮੇਜ਼ ਦੇ ਦੁਆਲੇ ਬੈਠਕੇ ਹੱਲ ਨਹੀਂ ਹੋ ਸਕਦੇ? ਇਹ ਯਕੀਨਨ ਹੋ ਸਕਦੇ ਹਨ ਜੇ ਨੀਅਤਾਂ ਠੀਕ ਹੋਣ। ਲੋਕਾਂ ਨੂੰ ਵੀ ਸਮਝਾਇਆ ਜਾ ਸਕਦਾ ਹੈ। ਇਹ ਕੋਈ ਮੁਸ਼ਕਿਲ ਕੰਮ ਨਹੀਂ।

● ਸਤਲੁਜ ਯਮਨਾ ਨਹਿਰ ਦੀ ਖੁਦਵਾਈ ਵਿਚ ਰੋਕ ਤੇ ਇਸ ਮਾਮਲੇ ਵਿਚ ਪੰਜਾਬ ਸਰਕਾਰ ਦੀ ਡਾਂਵਾਂਡੋਲਤਾ ਤੇ ਵੇਲੇ ਸਿਰ ਫੈਸਲਾ ਨਾ ਲੈਣਾ ਇਕ ਨਿੰਦਣਯੋਗ ਕਦਮ ਹੈ। ਇਹ ਇਕ ਵੱਡਾ ਕਾਰਨ ਹੈ ਕਿ ਪੰਜਾਬ ਸਰਕਾਰ ਕੇਂਦਰ ਉਤੇ ਜ਼ੋਰ ਨਹੀਂ ਪਾ ਸਕੀ ਕਿ 26 ਜਨਵਰੀ ਚੰਡੀਗੜ੍ਹ ਪੰਜਾਬ ਦੇ ਹਵਾਲੇ ਕੀਤਾ ਜਾਏ ਪੰਜਾਬ ਸਮਝੌਤੇ ਦੇ ਅਧੀਨ ਇਹ ਕੇਂਦਰੀ ਹਕੂਮਤ ਦਾ ਫਰਜ਼ ਸੀ ਕਿ ਉਹ 26 ਜਨਵਰੀ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਦੀ ਤੇ ਨਾਲ ਹੀ ਜ਼ੋਰ ਦੇ ਕੇ ਸਤਲੁਜ ਯਮਨਾ ਨਹਿਰ 15 ਅਗਸਤ ਤਕ ਮੁਕੰਮਲ ਕਰਵਾਂਦੀ। ਇਸ ਤਰ੍ਹਾਂ ਨਾ ਹੋਣ ਕਰਕੇ ਹੁਣ ਉਮੀਦ ਹੀ ਨਹੀਂ ਕੀਤੀ ਜਾ ਸਕਦੀ ਕਿ ਕੋਈ ਵੀ ਸਮਝੌਤਾ ਕਦੀ ਵੀ ਪੂਰਾ ਕੀਤਾ ਜਾ ਸਕਦਾ ਹੈ। ਹਰ ਇਕ ਧਿਰ ਕੋਈ ਨਾ ਕੋਈ ਬਹਾਨਾ ਲਗਾ ਕੇ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਸਕਦੀ ਹੈ। ਹਵਾ ਵਿਚ ਲਟਕਦਾ ਹਰ ਮਸਲਾ ਲੋਕਾਂ ਵਿਚ ਖਾਮਖਾਹ ਖਿਚਾਅ ਪੈਦਾ ਕਰਦਾ ਹੈ।

● ਅਕਾਲੀ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸਿਖ ਫੌਜੀਆਂ ਦੀ, ਜਿਨ੍ਹਾਂ ਨੇ ਹਰਿਮੰਦਰ ਸਾਹਿਬ ਉਤੇ ਹੋਏ ਫੌਜੀ ਹਮਲੇ ਬਾਰੇ ਆਪਣਾ ਪ੍ਰਤੀਕਰਮ ਵਿਖਾਂਦੇ ਹੋਏਹੇ ਬਗਾਵਤ ਕੀਤੀ, ਆਮ ਮੁਆਫੀ ਲਈ ਕੇਂਦਰ ਤੇ ਜ਼ੋਰ ਪਾਏ। ਇਸੇ ਤਰ੍ਹਾਂ ਜੋਧਪੁਰ ਦੀਆਂ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਦੀ ਰਿਹਾਈ ਵੀ ਹੋਣੀ ਚਾਹੀਦੀ ਹੈ। ਇਹ ਕਹਿਣਾ ਕਿ ਉਹਨਾਂ ਨੇ ਹਰਿਮੰਦਰ ਸਾਹਿਬ ਵਿਚ ਭਾਰਤੀ ਫੌਜ ਵਿਰੁੱਧ ਲੜਾਈ ਵਿਚ ਹਿਸਾ ਲੈਣ ਦਾ ਜੁਰਮ ਕੀਤਾ ਹੈ, ਇਕ ਬੇਹੂਦਾ ਜਿਹੀ ਗੱਲ ਹੈ। ਲੜਾਈ ਹੋਈ, ਇਕ ਧਿਰ ਹਾਰ ਗਈ। ਉਹ ਹੁਣ 20-20 ਮਹੀਨਿਆਂ ਦੀ ਕੈਦ ਭੁਗਤ ਚੁੱਕੇ ਹਨ। ਪੁੱਛ-ਗਿਛ ਦੌਰਾਨ ਘੋਰ ਤਸੀਹੇ ਸਹਿ ਚੁੱਕੇ ਹਨ। ਹੁਣ ਉਹਨਾਂ ਨੂੰ ਹੋਰ ਕੀ ਫਾਹੇ ਲਾ ਲੈਣਾ ਏ। ਉਹਨਾਂ ਵਿਚ ਜੇਕਰ ਕੋਈ ਖਤਰਨਾਕ ਕਿਸਮ ਦੇ ਮੁਜਰਿਮ ਹਨ ਤੇ ਉਹਨਾਂ ਤੇ ਸਾਧਾਰਨ ਲੋਕਾਂ ਦੇ ਕਤਲ ਦਾ ਇਲਜ਼ਾਮ ਹੈ, ਤਾਂ ਬਾਕਾਇਦਾ ਮੁੱਕਦਮੇ ਚਲਾ ਕੇ ਉਹਨਾਂ ਨੂੰ ਸਜ਼ਾ ਦਿਤੀ ਜਾਏ। ਇਸ ਤਰ੍ਹਾਂ ਉਹਨਾਂ ਨੂੰ ਬਗੈਰ ਮੁਕੱਦਮੇ ਜਾਂ ਬਗੈਰ ਜੁਰਮ ਸਾਬਤ ਕੀਤੇ ਡੱਕੀ ਰੱਖਣਾ, ਇਕ ਬੜੀ ਨਾਵਾਜਬ ਗੱਲ ਹੈ। ਅਕਾਲੀ ਸਰਕਾਰ ਵਲੋਂ ਚੋਣਾਂ ਦੇ ਦਰਮਿਆਨ ਦਿੱਤੇ ਇਹਨਾਂ ਵਾਅਦਿਆਂ ਤੋਂ ਘੇਸ ਵੱਟ ਜਾਣੀ ਹੀ ਸਿੱਖ ਸਟੂਡੈਂਟ ਫੈਡਰੇਸ਼ਨ ਵਾਲਿਆਂ ਨੂੰ ਇਹ ਮੌਕਾ ਦੇ ਰਹੀ ਹੈ ਕਿ ਉਹ ਆਪਣੀਆਂ ਸਰਗਰਮੀਆਂ ਪੂਰੀ ਤਰ੍ਹਾਂ ਲੋਕਾਂ ਵਿਚ ਫੈਲਾ ਸਕਣ ਅਤੇ ਖਾਲਿਸਤਾਨ ਦੇ ਹੱਕ ਵਿਚ ਖੁਲ੍ਹੇਆਮ ਜੈਕਾਰੇ ਲਗਾ ਸਕਣ। ਅਤਿਵਾਦ ਦਾ ਮਸਲਾ ਇਕ ਪਾਸੇ ਜੇਲਬੰਦ ਕੈਦੀਆਂ ਵੱਲ ਫਰਾਖਦਿਲੀ ਵਿਖਾ ਕੇ ਤੇ ਦੂਜੇ ਪਾਸੇ ਉਹਨਾਂ ਦੀਆਂ ਬਾਹਰ ਦੀਆਂ ਕਾਰਵਾਈਆਂ ਨੂੰ ਦ੍ਰਿੜਤਾ ਨਾਲ ਦਬਾ ਕੇ ਨਜਿੱਠਿਆ ਜਾ ਸਕਦਾ ਸੀ ਪਰ ਬਰਨਾਲਾ ਸਰਕਾਰ ਇਸ ਵਿਚ ਫੇਲ ਸਾਬਤ ਹੋਈ ਹੈ।



ਗੁਰਸ਼ਰਨ ਸਿੰਘ

● ਹਰਿਮੰਦਰ ਸਾਹਿਬ ਕੰਪਲੈਕਸ ਵਿਚ ਵਾਪਰ ਰਹੀਆਂ ਘਟਨਾਵਾਂ ਵੀ ਸਾਡੇ ਫਿਕਰ ਦਾ ਕਾਰਨ ਹੋਣਾ ਚਾਹੀਦਾ ਹੈ। ਖੱਬੀ ਧਿਰ ਲਈ ਨਾਸਤਿਕਤਾ ਦੇ ਫਲਸਫੇ ਦਾ ਧਾਰਨੀ ਹੋਣ ਕਰਕੇ ਧਰਮ ਦੇ ਮਾਮਲਿਆਂ ਵਿਚ ਦਖਲ ਅੰਦਾਜ਼ੀ ਅਸੂਲਨ ਤੌਰ ਤੇ ਵਾਜਬ ਨਹੀਂ, ਪਰ ਕਿਉਂਕਿ ਇਹ ਘਟਨਾਵਾਂ ਪੰਜਾਂਬ ਦੀ ਸਮੁੱਚੀ ਸਿਆਸਤ ਵਿਚ ਬਹੁਤ ਅਸਰ ਰੱਖਦੀਆਂ ਹਨ, ਇਸ ਲਈ ਇਸਦੇ ਬਾਰੇ ਰਾਏ ਜ਼ਰੂਰ ਸਪੱਸ਼ਟ ਹੋਣੀ ਚਾਹੀਦੀ ਹੈ। ਗੁਰਦੁਆਰਾ ਐਕਟ ਦੇ ਅਨੁਸਾਰ ਗੁਰਦੁਆਰਿਆਂ ਦਾ ਸਾਰਾ ਪ੍ਰਬੰਧ ਚਲਾਉਣ ਦਾ ਹੱਕ ਕਾਨੂੰਨੀ ਤੌਰ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਹੈ ਜੋ ਕਿ ਸਿੱਖਾਂ ਦੀ ਇਕ ਚੁਣੀ ਹੋਈ ਕਮੇਟੀ ਹੈ ਇਹ ਚੋਣ ਹੋਇਆਂ ਦਸ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਇਸ ਦਰਮਿਆਨ ਜੋ ਘਟਨਾਵਾਂ ਵਾਪਰੀਆਂ ਹਨ, ਉਹਨਾਂ ਸਾਬਤ ਕੀਤਾ ਹੈ ਕਿ ਇਹ ਕਮੇਟੀ ਇਹ ਪ੍ਰਬੰਧ ਕਰਨ ਦੇ ਯੋਗ ਨਹੀਂ। ਓਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ, ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹਥਿਆਰਬੰਦ ਲੋਕਾਂ ਦਾ ਖੁਲ੍ਹੇਆਮ ਦਹਿਸ਼ਤ ਫੈਲਾਉਣਾ, ਹਰਿਮੰਦਰ ਸਾਹਿਬ ਤੇ ਫੌਜੀ ਹਮਲਾ, ਅਕਾਲ ਤਖਤ ਦਾ ਢਹਿ ਜਾਣਾ, ਬਾਬਾ ਸੰਤਾ ਸਿੰਘ ਦੀ ਨਿਗਰਾਨੀ ਵਿਚ ਇਹਦਾ ਸਰਕਾਰ ਵਲੋਂ ਫਿਰ ਬਣਾਇਆ ਜਾਣਾ, ਹੁਣ ਫੇਰ ਢਾਹਿਆ ਜਾਣਾ ਤੇ ਇਸ ਗੱਲ ਦਾ ਝਗੜਾ ਕਿ ਢਾਹੇ ਤੇ ਬਣਾਏ ਕੌਣ, ਦਮਦਮੀ ਟਕਸਾਲ ਦਾ ਸਰਬੱਤ ਖਾਲਸਾ ਬੁਲਾਇਆ ਜਾਣਾ, ਅਕਾਲ ਤਖਤ ਦਾ ਨਵਾਂ ਜਥੇਦਾਰ ਚੁਣ ਲਿਆ ਜਾਣਾ ਆਦਿਕ ਇਹ ਸਭ ਘਟਨਾਵਾਂ ਹੁਣ ਮੰਗ ਕਰਦੀਆਂ ਹਨ ਕਿ ਪਹਿਲੀ ਕਮੇਟੀ ਭੰਗ ਕੀਤੀ ਜਾਏ ਅਤੇ ਨਵੇਂ ਸਿਰੇ ਤੋਂ ਚੋਣਾਂ ਕਰਕੇ ਐਸੀ ਕਮੇਟੀ ਚੁਣੀ ਜਾਏ ਜਿਸ ਕੋਲ ਬਹੁ ਗਿਣਤੀ ਸਿੱਖਾਂ ਦਾ ਵਿਸ਼ਵਾਸ਼ ਹੋਵੇ। ਜਿੰਨਾ ਚਿਰ ਇਹ ਨਹੀਂ ਹੁੰਦਾ ਇਕ ਨਿਰਪੱਖ ਐਡਹਾਕ ਕਮੇਟੀ ਗੁਰਦੁਆਰਿਆਂ ਦਾ ਪ੍ਰਬੰਧ ਆਪਣੀ ਨਿਗਰਾਨੀ ਥੱਲੇ ਚਲਾਏ। ਅਕਾਲ ਤਖਤ ਬਾਰੇ ਹਰ ਕਾਰਵਾਈ ਆਰਜ਼ੀ ਤੌਰ ਤੇ ਰੋਕ ਦਿਤੀ ਜਾਏ। ਦਮਦਮੀ ਟਕਸਾਲ ਅਤੇ ਸ਼ਰੋਮਣੀ ਅਕਾਲੀ ਦਲ ਜੋ ਸਿੱਖਾਂ ਵਿਚ ਦੋ ਧਿਰਾਂ ਦੇ ਤੌਰ ਤੇ ਨਿੱਖਰ ਕੇ ਸਾਹਮਣੇ ਆਈਆਂ ਹਨ, ਉਹਨਾਂ ਵਿਚੋਂ ਜਿਹੜੀ ਧਿਰ ਕੋਲ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਦਾ ਹੱਕ ਹੈ, ਇਸਦਾ ਫੈਸਲਾ ਜਮਹੂਰੀ ਢੰਗ ਨਾਲ ਨਵੀਂ ਕਮੇਟੀ ਦੀ ਚੋਣ ਨਾਲ ਕੀਤਾ ਜਾਏ। ਸਰਬੱਤ ਖਾਲਸਾ ਵਾਲੀ ਗੱਲ ਅੱਜ ਦੇ ਹਾਲਾਤ ਤੇ ਲਾਗੂ ਨਹੀਂ ਹੁੰਦੀ। ਬਾਬਾ ਸੰਤਾ ਸਿੰਘ ਨੇ ਵੀ ਸਰਬੱਤ ਖਾਲਸਾ ਕਨਵੈਨਸ਼ਨ ਕੀਤੀ ਸੀ। ਹੁਣ ਦਮਦਮੀ ਟਕਸਾਲ ਵਾਲਿਆਂ ਨੇ ਵੀ ਕੀਤੀ ਹੈ। ਕੱਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਕਰੇਗੀ। ਆਪਣੇ ਹੀ ਲੋਕ ਇਕੱਠੇ ਕਰਕੇ ਹੱਥ ਖੜੇ ਕਰਵਾ ਲੈਣ ਜਾਂ ਜੈਕਾਰੇ ਬੁਲਵਾ ਕੇ ਕਿਸੇ ਗੱਲ ਦੀ ਪ੍ਰਵਾਨਗੀ ਲੈ ਲੈਣੀ, ਇਕ ਧੋਖੇ ਵਾਲੀ ਕਾਰਵਾਈ ਤੋਂ ਸਿਵਾ ਕੁਝ ਨਹੀਂ। ਦਰਬਾਰ ਸਾਹਿਬ ਕੰਪਲੈਕਸ ਦੀ ਪਵਿਤਰਤਾ ਪੂਰੀ ਤਰ੍ਹਾਂ ਭੰਗ ਹੋ ਚੁੱਕੀ ਹੈ। ਤੁਸੀਂ ਕਲਪਨਾ ਕਰੋ, ਇਸ ਦ੍ਰਿਸ਼ ਨੂੰ, ਜੋ ਦਰਬਾਰ ਸਾਹਿਬ ਕੰਪਲੈਕਸ ਵਿਚ 19 ਜਨਵਰੀ ਵੇਖਿਆ ਗਿਆ। ਗੁਰੂ ਗਰੰਥ ਸਾਹਿਬ ਦਾ ਅਖੰਡ ਪਾਠ ਹੋ ਰਿਹਾ ਹੈ। ਭਾਈ ਸਾਹਿਬ ਪਾਠ ਕਰ ਰਹੇ ਹਨ। ਦੋ ਬੰਦੂਕਧਾਰੀ ਸੇਵਾਦਾਰ ਉਹਨਾਂ ਦੀ ਰਖਵਾਲੀ ਕਰ ਰਹੇ ਹਨ। ਭਾਈ ਸਾਹਬ ਪਾਠ ਨਹੀਂ ਕਰ ਰਹੇ, ਸਿਰਫ ਤੋਤਾ ਰਟਣੀ ਕਰ ਰਹੇ ਹਨ, ਕਿਉਂਕਿ ਉਹਨਾਂ ਦਾ ਧਿਆਨ ਸਾਹਮਣੇ ਖਲੋਤੇ ਬੰਦੂਕਧਾਰੀ ਲੋਕਾਂ ਵੱਲ ਹੈ, ਜੋ ਬਰਨਾਲਾ ਦੇ ਕਾਕਾ ਜੀ ਗਗਨਦੀਪ ਸਿੰਘ ਨਾਲ

ਬਾਕੀ ਪੰਨਾ 5 ਤੇ

ਪੰਜਾਬ ਵਿਚ 'ਫੌਜੀ ਰਾਜ' ਬਾਰੇ ਬਰਨਾਲਾ ਦੇ ਬਿਆਨ ਦੀ ਆਲੋਚਨਾ

ਅੰਮ੍ਰਿਤਸਰ — ਗੁਰਦਾਸਪੁਰ ਵਿਚ ਸ: ਬਰਨਾਲਾ ਨੇ ਪਿਛਲੇ ਦਿਨ ਇਕ ਬਿਆਨ ਵਿਚ ਕਿਹਾ ਸੀ ਕਿ ਦਹਿਸ਼ਤਪਸੰਦੀ ਕਰਨ ਵਾਲੇ ਲੋਕਾਂ ਨੇ ਜੇ ਆਪਣੀਆਂ ਕਾਰਵਾਈਆਂ ਬੰਦ ਨਾ ਕੀਤੀਆਂ ਤਾਂ ਇਸ ਦਾ ਸਿੱਟਾ ਫੌਜੀ ਰਾਜ ਵਿਚ ਨਿਕਲੇਗਾ। ਉਨ੍ਹਾਂ ਕਿਹਾ ਸੀ ਕਿ ਜੇਕਰ ਦਹਿਸ਼ਤਪਸੰਦ ਫੌਜੀ ਰਾਜ ਪਸੰਦ ਕਰਦੇ ਹਨ ਤਾਂ ਉਨ੍ਹਾਂ ਨੂੰ ਪਿਛਲੇ ਫੌਜੀ ਰਾਜ ਦੇ ਕਾਲੇ ਦਿਨ ਭੁਲਣੇ ਨਹੀਂ ਚਾਹੀਦੇ ਜਦੋਂ ਹਜ਼ਾਰਾਂ ਬੇਗੁਨਾਹ ਨੌਜਵਾਨ ਫੌਜੀ ਰਾਜ ਵਿਚ ਸ਼ਿਕਾਰ ਹੋਏ ਸਨ।

ਸ: ਬਰਨਾਲਾ ਦੇ ਇਸ ਬਿਆਨ ਦੀ ਨਿੰਦਾ ਕਰਦਿਆਂ ਵਿਰੋਧੀ ਨੇਤਾਵਾਂ ਨੇ ਕਿਹਾ ਹੈ ਕਿ ਅਜਿਹੇ ਬਿਆਨ ਅਕਾਲੀ ਸਰਕਾਰ ਦੀ ਅਮਨ ਕਾਨੂੰਨ ਲਾਗੂ ਕਰਨ ਦੀ ਸਮਰੱਥਤਾ ਉਤੇ ਸ਼ੱਕ ਪੈਦਾ ਕਰਦੇ ਹਨ।

ਭਾਰਤੀ ਜਨਤਾ ਪਾਰਟੀ ਦੇ ਸ੍ਰੀ ਬਲਦੇਵ ਪ੍ਰਕਾਸ਼ ਨੇ ਕਿਹਾ ਕਿ ਸ: ਬਰਨਾਲਾ ਅਤੇ ਅਕਾਲੀ ਸਰਕਾਰ ਆਪਣੀ ਜ਼ਿਮੇਂਵਾਰੀ ਤੋਂ ਭੱਜ ਰਹੀ ਹੈ। ਉਨ੍ਹਾਂ ਕਿਹਾ ਅਮਨ ਕਾਨੂੰਨ ਦੀ ਹਾਲਤ ਬਣਾਈ ਰੱਖਣਾ ਸੂਬਾ ਸਰਕਾਰ ਦਾ ਕੰਮ ਹੈ। ਜੇ ਸੂਬਾ ਸਰਕਾਰ ਕੋਤਾਹੀ ਕਰਦੀ ਹੈ ਤਾਂ ਇਸ ਦੇ ਸਿੱਟੇ ਸੂਬੇ ਦੇ ਲੋਕਾਂ ਲਈ ਭਿਆਨਕ ਸਾਬਤ ਹੋਣਗੇ।

ਇਕ ਵਿਰੋਧੀ ਨੇਤਾ ਦਾ ਕਹਿਣਾ ਹੈ ਕਿ 'ਕਾਰ ਸੇਵਾ' ਦੇ ਬਹਾਨੇ ਅਤਿਵਾਦੀਆਂ ਦੇ ਹਰਿਮੰਦਰ ਸਾਹਿਬ ਉਤੇ ਕਬਜ਼ੇ ਨੇ ਇਹ ਸਾਬਤ ਕਰ ਦਿਤਾ ਹੈ ਕਿ ਅਕਾਲੀ ਦਲ ਅਤੇ ਸ਼ਰੋਮਣੀ ਕਮੇਟੀ ਆਪਣੀ ਜ਼ਿਮੇਂਵਾਰੀ ਤੋਂ ਪਿਛਾਂਹ ਹਟੇ ਹਨ।

ਟੌਹੜਾ ਦਾ ਅਸਤੀਫਾ ਦੇਣਾ ਮਹਿਜ਼ ਡਰਾਮਾ — ਕਾਹਲੋਂ

ਅੰਮ੍ਰਿਤਸਰ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਸ਼ਰੋਮਣੀ ਗੁ: ਪ੍ਰਬੰਧ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਨੂੰ "ਮਹਿਜ਼ ਇਕ ਡਰਾਮਾ" ਕਰਾਰ ਦਿਤਾ ਹੈ। ਫੈਡਰੇਸ਼ਨ ਦੇ ਕਨਵੀਨਰ ਸ੍ਰੀ ਹਰਿੰਦਰ ਸਿੰਘ ਕਾਹਲੋਂ ਨੇ ਇਥੇ ਇਕ ਪ੍ਰੈਸ ਕਾਨਫਰੰਸ ਸਮੇਂ ਕਿਹਾ ਕਿ ਗੁਰਚਰਨ ਸਿੰਘ ਟੌਹੜਾ ਨੇ ਅਸਤੀਫਾ ਦੇ ਕੇ ਆਪਣੀ ਜ਼ਿਮੇਵਾਰੀ ਤੋਂ ਭੱਜਣ ਦਾ ਯਤਨ ਕੀਤਾ ਹੈ ਤੇ "ਮਰਿਆ ਹੋਇਆ ਸੱਪ ਸ: ਸੁਰਜੀਤ ਸਿੰਘ ਬਰਨਾਲਾ ਦੇ ਗਲ 'ਚ ਪਾ ਦਿਤਾ ਹੈ।" ਜਥੇਦਾਰ ਟੌਹੜਾ ਨੂੰ ਸਭ ਤੋਂ ਵੱਧ "ਖੁਦਗਰਜ਼, ਚਲਾਕ ਤੇ ਮੌਕਾਪ੍ਰਸਤ" ਗਰਦਾਨਦਿਆਂ ਸ੍ਰੀ ਕਾਹਲੋਂ ਨੇ ਦੋਸ਼ ਲਾਇਆ ਕਿ ਸ੍ਰੀ ਟੌਹੜਾ ਸਦਾ ਹੀ ਕਿਸੇ ਹੋਰ ਨੂੰ "ਬਲੀ ਦਾ ਬੱਕਰਾ" ਬਣਾ ਕੇ ਆਪ ਜ਼ਿਮੇਵਾਰੀ ਤੋਂ ਭੱਜ ਜਾਂਦੇ ਰਹੇ ਹਨ।



ਟੌਹੜਾ

ਸ੍ਰੀ ਕਾਹਲੋਂ ਨੇ ਸ੍ਰੀ ਟੌਹੜਾ ਵਲੋਂ ਆਨੰਦਪੁਰ ਸਾਹਿਬ ਦੇ "ਸਰਬੱਤ ਖਾਲਸਾ" ਸੰਮੇਲਨ ਵਿਚ ਲਾਏ ਇਨ੍ਹਾਂ ਦੋਸ਼ਾਂ ਦਾ ਗੰਭੀਰ ਨੋਟਿਸ ਲਿਆ ਕਿ ਕੁਝ ਨਕਸਲੀ ਅਨਸਰ ਦਮਦਮੀ ਟਕਸਾਲ ਤੇ ਫੈਡਰੇਸ਼ਨ ਵਿਚ ਘੁਸ ਆਏ ਹਨ। ਉਨ੍ਹਾਂ ਉਲਟਾ ਦੋਸ਼ ਲਾਇਆ ਕਿ ਸ੍ਰੀ ਟੌਹੜਾ ਖੁਦ ਸੀ. ਪੀ. ਆਈ. ਦੇ "ਕਾਰਡ-ਹੋਲਡਰ" ਰਹੇ ਹਨ ਤੇ ਹਰਕਿਸ਼ਨ ਸਿੰਘ ਸੁਰਜੀਤ ਉਸ ਦਾ "ਸਿਧਾਂਤਕ ਪੱਥ ਪ੍ਰਦਰਸ਼ਕ" ਹੈ। ਸ੍ਰੀ ਕਾਹਲੋਂ ਨੇ ਕਿਹਾ ਕਿ ਸ੍ਰੀ ਪ੍ਰੇਮ ਸਿੰਘ ਚੰਦੂਮਾਜਰਾ ਨੂੰ ਯੂਥ ਵਿੰਗ ਦਾ ਪ੍ਰਧਾਨ ਨਾਮਜ਼ਦ ਕਰਨ ਲਈ ਇਕੋ ਇਕ ਯੋਗਤਾ ਇਹੋ ਹੈ ਕਿ ਉਹ ਨਕਸਲੀ ਹੈ।

ਸ੍ਰੀ ਚੰਦੂਮਾਜਰਾ ਤੇ ਉਸ ਦੇ ਸਾਥੀਆਂ ਵਲੋਂ ਗੁ: ਆਨੰਦਪੁਰ ਸਾਹਿਬ ਦੇ ਮੈਨੇਜਰ ਤੇ ਦੂਜੇ ਸਟਾਫ ਦੀ ਕੁੱਟਮਾਰ ਕੀਤੇ ਜਾਣ ਦੀ ਨਿਖੇਧੀ ਕਰਦਿਆਂ ਸ੍ਰੀ ਕਾਹਲੋਂ ਨੇ ਕਿਹਾ ਕਿ ਕੀ ਅਜਿਹੀਆਂ ਹਰਕਤਾਂ ਕਰਨਾ "ਸੱਚੇ-ਸੁੱਚੇ" ਸਿੰਘਾਂ ਦਾ ਕੰਮ ਹੈ? ਉਨ੍ਹਾਂ ਨੇ ਸ੍ਰੀ ਟੌਹੜਾ ਦੇ ਇਸ ਬਿਆਨ ਕਿ "ਜੇ ਅਸੀਂ ਚਾਹੀਏ ਤਾਂ ਗੋਲੀਆਂ ਚਲਾ ਕੇ ਅਤਿਵਾਦੀਆਂ ਨੂੰ ਪੰਜ ਦਿਨਾਂ ਵਿਚ ਦਰਬਾਰ ਸਾਹਿਬ ਕੰਪਲੇਕਸ ਵਿਚੋਂ ਬਾਹਰ ਕੱਢ ਸਕਦੇ ਹਾਂ" ਨੂੰ ਭੜਕਾਊ ਤੇ ਹਿੰਸਾ ਲਈ ਉਕਸਾਉਣ ਵਾਲਾ ਕਰਾਰ ਦਿਤਾ।

"ਆਨੰਦਪੁਰ ਸਾਹਿਬ ਦੇ "ਸਰਬੱਤ ਖਾਲਸਾ" ਨੂੰ "ਸਰਕਾਰ ਖਾਲਸਾ" ਦੱਸਦਿਆਂ ਸ੍ਰੀ ਕਾਹਲੋਂ ਨੇ ਕਿਹਾ ਕਿ ਇਹ ਸਾਰਾ "ਸਰਕਾਰੀ ਸ਼ੋਅ ਸੀ" ✗

✗ ਕਿਉਂਕਿ ਸਟੇਜ ਤੇ ਪੰਡਾਲ ਲੋਕ ਨਿਰਮਾਣ ਵਿਭਾਗ ਨੇ ਬਣਾਇਆ, ਬੰਦੇ ਸਰਕਾਰ ਵਲੋਂ ਕਿਰਾਏ ਉਤੇ ਟਰੱਕਾਂ ਵਿਚ ਢੋਏ ਗਏ ਤੇ ਸੁਰੱਖਿਆ ਲਈ ਪੁਲੀਸ ਦੇ ਇਕ ਆਈ ਜੀ ਪੰਜ ਡੀ ਆਈ ਜੀ ਪੰਦਰਾਂ ਐਸ ਪੀ ਤੇ ਨੀਮ ਫੌਜੀ ਦਲਾਂ ਦੇ ਸੈਂਕੜੇ ਜਵਾਨ ਤਾਇਨਾਤ ਕੀਤੇ ਗਏ। ਸ੍ਰੀ ਕਾਹਲੋਂ ਨੇ ਅਕਾਲੀ ਦਲ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦਰਬਾਰ ਸਾਹਿਬ ਨੂੰ ਟਕਸਾਲ ਤੇ ਫੈਡਰੇਸ਼ਨ ਦੇ ਸਮਰਥਕਾਂ ਤੋਂ ਮੁਕਤ ਕਰਾਉਣ ਲਈ "ਸ਼ਹੀਦੀ ਜਥੇ" ਭੇਜਣ ਦੇ ਵਿਚਾਰ ਦਾ ਸਵਾਗਤ ਕਰਦਿਆਂ ਕਿਹਾ, "ਅਸੀਂ ਇਨ੍ਹਾਂ ਜਥਿਆਂ ਵਿਚ ਆਉਣ ਵਾਲੇ ਲੋਕਾਂ ਨੂੰ ਸ਼ਾਂਤਮਈ ਢੰਗ ਨਾਲ ਰਾਜਸੀ ਸਬਕ ਦੇਵਾਂਗੇ।"

ਜ਼ਿੰਦਗੀ ਭਰ ਜੀ ਲਿਆ ਫਿਰ ਮਰ ਲਿਆ।
ਕਰ ਲਿਆ ਹਰ ਕੰਮ ਅਸਾਂ ਨੇ ਕਰ ਲਿਆ।

ਬੇਰੁਜ਼ਗਾਰ ਨੌਜਵਾਨ ਲਾਹੇਵੰਦ ਸਕੀਮਾਂ ਤੋਂ ਲਾਭ ਉਠਾਉਣ -ਮਹਾਲੋਂ

ਮੋਰਿੰਡਾ, (ਨਿਜੀ ਪੱਤਰ ਪ੍ਰੇਰਕ) - ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਗਿਆਨੀ ਹਰਚਰਨ ਸਿੰਘ ਮਹਾਲੋਂ ਨੇ ਪੰਜਾਬ ਸਰਕਾਰ ਵਲੋਂ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁਹਈਆ ਕਰਨ ਹਿਤ ਜਾਰੀ ਸਕੀਮ ਤਹਿਤ ''ਪ੍ਰੇਮ ਬੱਸ ਸਰਵਿਸ'', ਜੋ ਕਿ ਆਨੰਦਪੁਰ ਸਾਹਿਬ ਤੋਂ ਨੂਰਪੁਰ ਬੇਦੀ ਲਈ ਚਲੇਗੀ, ਦਾ ਉਦਘਾਟਨ ਕਰਦਿਆਂ ਪਿੰਡ ਸਜ਼ਮੋਰ ਵਿਖੇ ਆਯੋਜਿਤ ਇਕ ਵਿਸ਼ਾਲ ਸਮਾਗਮ ਵਿਚ ਬੋਲਦਿਆਂ ਕਿਹਾ ਕਿ ਸਰਕਾਰ ਨੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਦੀ ਬੇਹਤਰੀ ਲਈ ਲਾਹੇਵੰਦ ਸਕੀਮਾਂ ਲਾਗੂ ਕੀਤੀਆਂ ਹਨ। ਉਨ੍ਹਾਂ ਨੇ ਇਕੱਤਰ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵਲੋਂ ਜਾਰੀ ਜਨਤਕ ਭਲਾਈ ਸਕੀਮਾਂ ਤੋਂ ਪੂਰਾ-ਪੂਰਾ ਲਾਭ ਉਠਾਉਣ।

ਜਥੇਦਾਰ ਮਹਾਲੋਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਪੰਜਾਬ ਸਰਕਾਰ ਤੋਂ ਮਾਰਕਫੈਡ ਦੀ ਬੰਦ ਖਾਦ ਫੈਕਟਰੀ ਆਨੰਦਪੁਰ ਸਾਹਿਬ ਨੂੰ ਮੁੜ ਚਾਲੂ ਕਰਨ, ਆਨੰਦਪੁਰ ਸਾਹਿਬ ਵਿਖੇ ਰੋਡਵੇਜ਼ ਦਾ ਸਬ ਡਿਪੂ ਖੋਲ੍ਹਣ ਅਤੇ ਆਨੰਦਪੁਰ ਸਾਹਿਬ ਦੀ ਇਤਿਹਾਸਕ ਮਹੱਤਤਾ ਨੂੰ ਮੁੱਖ ਰੱਖਦਿਆਂ ਭਾਈ ਜੈਤਾ ਹਸਪਤਾਲ ਨੂੰ ਹੋਰ ਵਡੇਰਾ ਬਨਾਉਣ ਲਈ ਜ਼ੋਰ ਪਾਉਣਗੇ।

(ਪੰਨਾ 4 ਦੀ ਬਾਕੀ)

ਲਿਆਏ ਹਨ (ਇਹ ਗਗਨਦੀਪ ਹੁਣ ਅਸਮਾਨ ਤੇ ਨਵਾਂ ਤਾਰਾ ਚੜ੍ਹਿਆ ਹੈ) ਗਗਨਦੀਪ ਦੇ ਜ਼ਰਖੰਦ ਕੁਝ ਕਾਰਵਾਈ ਕਰਨਾ ਚਾਹੁੰਦੇ ਹਨ ਪਰ ਬਾਬੇ ਦਾ ਪਾਠ ਖੁਲ੍ਹਿਆ ਹੋਇਆ ਹੈ, ਇਸ ਕਰਕੇ ਉਹ ਕੁਝ ਨਹੀਂ ਕਰ ਸਕਦੇ। ਪੜ੍ਹਿਆ ਕਰਦੇ ਸਾਂ ਕਿ ਮੁਸਲਮਾਨ ਹਮਲਾਆਵਰ ਜਦੋਂ ਭਾਰਤ ਆਏ ਤਾਂ ਰਾਜਪੂਤਾਂ ਵਿਰੁੱਧ ਲੜਦੇ ਹੋਏ ਉਹ ਗਾਂਵਾਂ ਦੇ ਇੱਜੜ ਅੱਗੇ ਲਾ ਦੇਂਦੇ ਸਨ। ਰਾਜਪੂਤ ਗਊਆਂ ਉਤੇ ਵਾਰ ਨਹੀਂ ਕਰ ਸਕਦੇ ਸਨ ਤੇ ਗਊਆਂ ਦਾ ਸਹਾਰਾ ਲੈਂਦੇ ਹੋਏ ਮੁਸਲਮਾਨ ਜੰਗ ਜਿਤ ਜਾਂਦੇ ਸਨ। ਬਾਬੇ ਦਾ ਖੁਲ੍ਹਿਆ ਪਾਠ ਵੀ ਅੱਜ ਦੇ ਪ੍ਰਸੰਗ ਵਿਚ ਇਹੋ ਗਾਂਈਆਂ ਵਾਲੀ ਭੂਮਿਕਾ ਨਿਭਾ ਰਹਾ ਹੈ। ਹੁਣ ਹਰਿਮੰਦਰ ਸਾਹਿਬ ਵਿਚ ਕੁਝ ਉਥਲ ਪੁੱਥਲ ਹੋ ਗਿਆ ਹੈ। ਇੰਦਰਾ ਗਾਂਧੀ ਵਲੋਂ ਭੇਜੀਆਂ ਫੌਜਾਂ ਵਲੋਂ ਨਹੀਂ, ਸਗੋਂ ਸਿੱਖਾਂ ਦੀਆਂ ਆਪਣੀਆਂ ਫੌਜਾਂ ਵਲੋਂ। (ਉਂਝ ਜੋ ਕੁਝ ਉਥੇ ਹੋ ਰਿਹਾ ਹੈ, ਫੌਰ ਫੇਰ ਦਰਬਾਰ ਸਾਹਿਬ ਵਿਚ ਕਾਰਵਾਈ ਕਰੇ ਤਾਂ ਕੋਈ ਹੈਰਾਨੀ ਨਹੀਂ ਹੋਏਗੀ)। ਇਹ ਧੱਕੇਸ਼ਾਹੀਆਂ ਵਾਲੀਆਂ ਕਾਰਵਾਈਆਂ ਹਾਲੀ ਭਾਵੇਂ ਹਰਿਮੰਦਰ ਸਾਹਿਕ ਦੀ ਹੱਦ ਵਿਚ ਹੀ ਹੋ ਰਹੀਆਂ ਹਨ, ਪਰ ਇਹਨਾਂ ਦਾ ਭੈੜਾ ਪਰਛਾਵਾਂ ਬਾਹਰ ਦੀ ਜ਼ਿੰਦਗੀ ਉਤੇ ਵੀ ਪੈ ਰਿਹਾ ਹੈ। ਸਾਨੂੰ ਹੌਂਸਲੇ ਨਾਲ ਇਹਨਾਂ ਕਾਰਵਾਈਆਂ ਦੀ ਨਿਖੇਧੀ ਕਰਨੀ ਚਾਹੀਦੀ ਹੈ ਭਾਵੇਂ ਇਹ ਗਗਨਦੀਪ ਵਲੋਂ ਸਰਕਾਰੀ ਸ਼ਹਿ ਤੇ ਲਿਆਂਦੇ ਗਏ ਭਾੜੇ ਦੇ ਬੰਦਿਆਂ ਵਲੋਂ ਕੀਤੀ ਜਾਏ ਜਾਂ ਦਮਦਮੀ ਟਕਸਾਲ ਦੇ ਸਿੰਘਾਂ ਵਲੋਂ ਕੀਤੀ ਜਾਏ।

ਉਤਲੀਆਂ ਕਹੀਆਂ ਗੱਲਾਂ ਦੇ ਪਰਿਪੇਖ ਵਿਚ ਸਮੁੱਚੇ ਲੋਕਾਂ ਲਈ ਭਾਵੇਂ ਉਹ ਪੰਜਾਬ ਵਿਚ ਰਹਿ ਰਹੇ ਹਨ ਜਾਂ ਹਰਿਆਣੇ ਵਿਚ ਰਹਿ ਰਹੇ ਹਨ ਜਾਂ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਵਸ ਰਹੇ ਹਨ, ਸਹੀ ਰਾਹ ਇਹੀ ਹੈ ਕਿ ਇਹ ਮੰਗ ਕੀਤੀ ਜਾਏ ਚੰਡੀਗੜ੍ਹ ਬਿਨਾਂ ਦੇਰ ਪੰਜਾਬ ਦੇ ਹਵਾਲੇ ਕੀਤਾ ਜਾਏ, ਸਤਲੁਜ ਜਮਨਾ ਨਹਿਰ ਛੇਤੀ ਤੋਂ ਛੇਤੀ 15 ਅਗਸਤ ਤਕ ਮੁਕੰਮਲ ਕੀਤੀ ਜਾਏ, ਹਰਿਆਣਾ ਅਤੇ ਪੰਜਾਬ ਦੀਆਂ ਹੁਣ ਦੀਆਂ ਸੀਮਾਵਾਂ ਨੂੰ ਹਾਲੇ ਛੇੜਿਆ ਨਾ ਜਾਏ ਸਗੋਂ ਇਹ ਯਤਨ ਕੀਤਾ ਜਾਏ ਕਿ ਇਸ ਮਸਲੇ ਨੂੰ ਮੇਜ਼ ਦੇ ਦੁਆਲੇ ਆਪਸੀ ਭਾਈਚਾਰੇ ਦੇ ਵਾਤਾਵਰਣ ਵਿਚ ਹੱਲ ਕੀਤਾ ਜਾਏ (ਇਹ ਕੋਈ ਸਲਤਨਤਾਂ ਦੇ ਬਟਵਾਰੇ ਨਹੀਂ ਕਿ ਏਨਾਂ ਖਿਚਾਅ ਪੈਦਾ ਕੀਤਾ ਜਾਏ, ਆਖਰ ਇਕ ਸੂਬੇ ਵਿਚ ਹੋਣ ਜਾਂ ਦੂਜੇ ਸੂਬੇ ਵਿਚ ਹੋਣ, ਇਹ ਪਿਡ ਭਾਰਤ ਤੋਂ ਬਾਹਰ ਨਹੀਂ ਜਾ ਰਹੇ) ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਦੀ ਫੌਰੀ ਤੌਰ ਤੇ ਤਰੀਖ ਐਲਾਨੀ ਜਾਏ ਤੇ ਇਹਨਾਂ ਚੋਣਾਂ ਦਾ ਫੈਸਲਾ ਸਭ ਧਿਰਾਂ ਸਵੀਕਾਰ ਕਰਨ, ਹੁਣ ਦੀ ਪ੍ਰਬੰਧਕ ਕਮੇਟੀ ਇਕ ਚੋਣਵੀਂ ਕਮੇਟੀ ਹੋਣ ਦਾ ਹੱਕ ਗਵਾ ਬੈਠੀ ਹੈ), ਅਤਿਵਾਦ ਦੇ ਨਾਂ ਥੱਲੇ ਕਾਤਲਾਨਾ ਕਾਰਵਾਈਆਂ ਨੂੰ ਸਖਤੀ ਨਾਲ ਰੋਕਿਆ ਜਾਵੇ, ਪਰ ਇਸ ਮਸਲੇ ਨੂੰ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਨਾਲ ਜਾਂ ਜਜ਼ਬਾਤ ਵਿਚ ਆ ਕੇ ਫੌਜੀਆਂ ਵਲੋਂ ਕੀਤੀ ਬਗਾਵਤ ਨਾਲ ਨਾ ਜੋੜਿਆ ਜਾਏ। ਜੇਲ੍ਹ ਬੰਦ ਨੌਜਵਾਨਾਂ ਦੀ ਰਿਹਾਈ ਤੇ ਬਰਖਾਸਤ ਕੀਤੇ ਫੌਜੀਆਂ ਦੀ ਬਹਾਲੀ ਦੀ ਮੰਗ ਇਕ ਹੱਕੀ ਮੰਗ ਹੈ।

ਹੱਕ ਦੀ ਗੱਲ ਕਰਦਿਆਂ ਹੀ ਲੋਕਾਂ ਨੂੰ ਇਸ ਨਿਜ਼ਾਮ ਦੀ ਬਰਾਬਰਤਾ ਬਾਰੇ ਚੇਤਨ ਕੀਤਾ ਜਾ ਸਕਦਾ ਹੈ, ਐਸਾ ਨਿਜ਼ਾਮ ਜਿਸ ਵਿਚ 60 ਫੀਸਦੀ ਲੋਕ ਭੁੱਖ-ਮਰੀ ਦੇ ਪੱਧਰ ਥੱਲੇ ਜੀ ਰਹੇ ਹਨ ਤੇ ਜ਼ਿੰਦਗੀ ਦੀ ਹਰ ਸਹੂਲਤ ਤੋਂ ਵਾਂਝੇ ਹਨ। ਇਹ ਨਿਜ਼ਾਮ ਬਦਲਣ ਦਾ ਮਸਲਾ ਚੰਡੀਗੜ੍ਹ, ਕੰਦੂਖੇੜਾ, ਅਕਾਲ ਤਖਤ ਦੇ ਢਾਹੁਣ ਤੇ ਬਨਾਉਣ ਦੇ ਮਸਲਿਆਂ ਤੋਂ ਵੱਡਾ ਮਸਲਾ ਹੈ ਤੇ ਕਰੋੜਾਂ ਲੋਕਾਂ ਲਈ ਜਿੰਦਗੀ ਤੇ ਮੌਤ ਦਾ ਮਸਲਾ ਹੈ। ਖੱਬੀ ਧਿਰ ਨੂੰ ਦ੍ਰਿੜ੍ਹਤਾ ਨਾਲ ਇਹ ਸਿਆਸਤ ਲੋਕਾਂ ਵਿਚ ਲਿਜਾਣੀ ਚਾਹੀਦੀ ਹੈ।

—ਗੁਰਸ਼ਰਨ ਸਿੰਘ

('ਸਮਤਾ' ਦੇ ਧੰਨਵਾਦ ਸਹਿਤ)

ਸ੍ਰੀ ਗੁਰੂ ਰਵਿਦਾਸ ਜੀ ਦੀ ਸਿਖਿਆ

ਗੁਰਦਿਆਲ ਸਿੰਘ ਭਟੋਆ, ਪਰਿਸ ਜਾਰਜ਼

ਚੌਧਵੀ ਤੇ ਪੰਦਰਵੀਂ ਸਦੀ ਵਿਚ ਰੱਬੀ ਸ਼ਕਤੀ ਸਤਿਗੁਰੂ ਰਵਿਦਾਸ ਜੀ ਦਾ ਆਗਮਨ ਇਸ ਧਰਤੀ ਉਪਰ ਹੋਇਆ। ਉਸ ਵਕਤ ਭਾਰਤਵਰਸ਼ ਵਿਚ ਹਰ ਪਾਸੇ ਪਾਪ ਜ਼ੁਲਮ ਤੇ ਅਧਰਮ ਛਾਇਆ ਹੋਇਆ ਸੀ। ਗੁਰੂ ਰਵਿਦਾਸ ਜੀ ਨੇ ਸਮਾਜ ਦੀ ਏਕਤਾ ਲਈ ਜਾਤ ਪਾਤ ਨੂੰ ਜੜ੍ਹੋ ਉਖਾੜਨ ਲਈ ਜੀਵਨ ਭਰ ਸੰਘਰਸ਼ ਜਾਰੀ ਰਖਿਆ। ਉਹਨਾਂ ਨੇ ਭੋਲੀ ਭਾਲੀ ਜਨਤਾ ਨੂੰ ਸਮਝਾਇਆ ਕਿ ਸਭ ਪਰਮਾਤਮਾ ਦੇ ਬੰਦੇ ਹਨ। ਜਨਮ ਤੋਂ ਕੋਈ ਉਚਾ ਜਾਂ ਨੀਚਾ ਨਹੀਂ ਹੁੰਦਾ। ਬ੍ਰਾਹਮਣ ਅਤੇ ਸ਼ੂਦਰ ਵਿਚ ਇਕੋ ਪ੍ਰਭੂ ਦੀ ਜੋਤੀ ਹੈ ਕੋਈ ਵੀ ਧਰਮ ਮਨੁਖ ਮਨੁਖ ਵਿਚ ਵੰਡ ਨਹੀਂ ਪਾਉਂਦਾ ਸਗੋਂ ਇਨਸਾਨੀਅਤ ਦਾ ਪਾਠ ਪੜ੍ਹਾਉਂਦਾ। ਪਰੇਮ ਦਾ ਰਸਤਾ ਦਸਦਾ ਹੈ ਜਿੰਦਗੀ ਵਿਚ ਸੁਖ ਸ਼ਾਂਤੀ ਪੈਦਾ ਕਰਦਾ ਹੈ ਇਹ ਜੋ ਬ੍ਰਾਹਮਣ ਦੂਜਿਆਂ ਨੂੰ ਸਵਰਗ ਦੀਆਂ ਖੁਸ਼ੀਆਂ ਵੰਡਦੇ ਹਨ ਇਹ ਨਾ ਕੇਵਲ ਢੌਂਗੀ ਹਨ ਸਗੋਂ ਧੋਖੇਬਾਜ਼ ਅਤੇ ਸਵਾਰਥੀ ਵੀ ਹਨ। ਬ੍ਰਾਹਮਣਵਾਦ ਨੇ ਗੁਰੂ ਰਵਿਦਾਸ ਜੀ ਨੂੰ ਛੋਟਾ ਦਿਖਾਉਣ ਲਈ ਇਹ ਹੀ ਸਿਧ ਕਰਦੇ ਆਏ ਹਨ ਕਿ ਪਿਛਲੇ ਜਨਮ ਵਿਚ ਉਹਨਾਂ ਨੂੰ ਬ੍ਰਾਹਮਣ ਕਰਾਰ ਦੇ ਕੇ ਤਸੱਲੀ ਹਾਸਲ ਕਰਦੇ ਰਹੇ। ਕਿਉਂਕਿ ਇਸ ਜਨਮ ਵਿਚ ਤਾਂ ਆਪਣੇ ਵਿਚੋਂ ਆਖ ਨਹੀਂ ਸਕੇ - ਕਿਡੀ ਤਕੜੀ ਸਾਜ਼ਸ਼ ਸੀ ਬ੍ਰਾਹਮਣਾਵਦ ਉਹਨਾਂ ਨੂੰ ਰਾਮਾ ਨੰਦ ਜੀ ਦਾ ਚੇਲਾ ਆਖ ਕੇ ਉਹਨਾਂ ਉਪਰ ਪਾਖੰਡਵਾਦ ਦੀ ਮੋਹਰ ਲਾਉਣੀ ਚਾਹੁੰਦੇ ਰਹੇ। ਜਦੋਂ ਕਿ ਗੁਰੂ ਰਵਿਦਾਸ ਜੀ ਦਾ ਗੁਰੂ ਕੇਵਲ ਨਿਰਆਕਾਰ ਪਰਮਾਤਮਾ ਹੀ ਹੋ ਸਕਦੇ ਹਨ। ਅਜ ਸਮਾਂ ਪਾਖੰਡੀਆਂ ਦੇ ਪਖੰਡ ਨੂੰ ਅੱਛੀ ਤਰ੍ਹਾਂ ਸਮਝ ਕੇ ਇਹ ਕਹਿ ਰਿਹਾ ਹੈ ਕਿ ਜੋ ਵਹਿਮਾਂ, ਭਰਮਾਂ, ਅਡੰਬਰਾਂ ਜਾਤਾਂ ਪਾਤਾਂ ਨੂੰ ਚੈਲਿੰਜ ਕਰਨ ਵਾਲਾ ਸੀ ਉਸੀ ਹੀ ਮਹਾਂਪੁਰਸ਼ ਨੂੰ ਹਿਦੂ ਧਰਮ ਦਾ ਪਰਚਾਰਕ ਸਿਧ ਕਰਨ ਦੇ ਯਤਨ ਕਰਦੇ ਰਹੇ। ਹਿਦੂ ਧਰਮ ਵਾਂਗੂੰ ਗੁਰੂ ਜੀ ਮੁਰਤੀਆਂ ਨੂੰ ਨਹੀਂ ਪੂਜਦੇ ਸਨ। ਕਾਂਸ਼ੀ ਨਰੇਸ਼ ਦੇ ਅਤੇ ਰਾਜਾ ਨਾਗਰ ਮਲ ਦੇ ਦਰਬਾਰ ਵਿਚ ਗੁਰੂ ਜੀ ਅਤੇ ਪਾਖੰਡੀ ਪੰਡਤਾਂ ਵਿਚਾਲੇ ਧਾਰਮਿਕ ਬਹਿਸ ਹੋਈ ਜਿਸ ਵਿਚ ਪੰਡਤਾਂ ਨੂੰ ਮੂੰਹ ਦੀ ਖਾਣੀ ਪਈ। ਗੁਰੂ ਰਵਿਾਸ ਜੀ ਤੋਂ ਪ੍ਰਭਾਵਤ ਏ ਕੇ ਰਾਜੇ ਰਾਣੀਆਂ ਅਤੇ ਦੂਜੇ ਹਿਦੂ ਮੁਸਲਮਾਨ ਲੋਕਾਂ ਨੇ ਉਹਨਾਂ ਦੀ ਚਰਨ ਛੋਹ ਪ੍ਰਾਪਤ ਕੀਤੀ। ਪੀਰਾਂ, ਝਾਲਾਂ, ਅਤੇ ਨਾਗਰ ਮਲ, ਮਹਾਰਾਜਾ ਰਤਨ ਸਿੰਘ, ਚੰਦਰ ਪ੍ਰਤਾਪ, ਰਾਣਾ ਸਾਂਗਾ ਦੇ ਨਾਮ ਖਾਸ ਤੌਰ ਤੇ ਲਏ ਜਾ ਸਕਦੇ ਹਨ। ਉਹਨਾਂ ਦੀ ਜੀਵਨ ਫਿਲਾਸਫੀ ਸ਼ਲਾਘਾ ਯੋਗ ਹੈ। ਉਹਨਾਂ ਦੀ ਫਿਲਾਸਫੀ ਅਨੁਸਾਰ ਸਾਰੇ ਮਨੁਖ ਇਕ ਹਨ। ਰੱਬ ਨੇ ਤਾਂ ਸਾਰੀਆਂ ਨੂੰ ਇਕੋ ਜੇਹੇ ਸਰੀਰ ਅਤੇ ਇਕੋ ਜੇਹੀ ਆਤਮਾ ਬਖਸ਼ੀ ਹੈ। ਆਪ ਜੀ ਦੇ ਸ਼ਬਦਾਂ ਤੋਂ ਪਤਾ ਲਗਦਾ ਹੈ, ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ, ਤੋਂ ਸਪਸ਼ਟ ਹੁੰਦਾ ਹੈ। ਸਿਖ ਪੰਥ ਦੇ ਗੁਰੂ ਸਾਹਿਬਾਨਾਂ ਨੇ ਭਗਤਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਕਰਕੇ ਰਹਿੰਦੀ ਦੁਨੀਆਂ ਤਕ ਲਾਸਾਨੀ ਮਿਸਾਲ ਕਾਇਮ ਕੀਤੀ। ਲੱਖਾਂ ਕਰੋੜਾਂ ਇਨਸਾਨ ਰੋਜ਼ਾਨਾ ਸੀਸ ਨਿਵਾਉਂਦੇ ਹਨ। ਜਿਨ੍ਹਾਂ ਭਗਤਾਂ ਦੀ ਬਾਣੀ ਜਿਹੜੀ ਕੇਵਲ ਗੁਰੂ ਗਰੰਥ ਸਾਹਿਬ ਵਿਚ ਸੁਭਾਏਮਾਨ ਹੈ ਪੂਰਨ ਰੂਪ ਵਿਚ ਮਿਲਕੇ ਗੁਰੂ ਪਦ ਦੇ ਅਧਿਕਾਰੀ ਹੈ। ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨੇ ਕਿਸੇ ਵੀ ਭੇਦ, ਵੰਡ, ਵੈਰ, ਜਾਤ ਪਾਤ ਨੂੰ ਸਵੀਕਾਰ ਨਹੀਂ ਕੀਤਾ ਸਾਰੇ ਸੰਸਾਰ ਨੂੰ ਸਾਂਝਾ ਕਰ ਦਿਤਾ।

ਇਹ ਗੱਲ ਯਾਦ ਰਖਣਾ ਕਿ ਸਾਂਝ ਬਗੈਰ ਏਕਤਾ ਨਹੀਂ ਹੋਣੀ ਤੇ ਏਕਤਾ ਬਗੈਰ ਸ਼ਕਤੀ ਨਹੀਂ ਹੋਣੀ ਜੋ ਕੌਮਾਂ ਏਕਤਾ ਲਈਂ ਕਰਦੀਆਂ ਉਹ ਦੂਸਰਿਆਂ ਦੀਆਂ ਗੁਲਾਮ ਹੀ ਰਹਿੰਦੀਆਂ ਹਨ। ਗੁਰੂ ਰਵੀਦਾਸ ਜੀ ਨੇ ਅਕਾਲ ਪੁਰਖ ਨੂੰ ਯਾਦ ਕੀਤਾ ਕਿ ਆਪ ਜੀ ਨੇ ਜੋ ਹੁਕਮ ਦੇ ਕੇ ਮੈਨੂੰ ਸੰਸਾਰ ਵਿਚ ਭੇਜਿਆ ਸੀ ਸੋ ਨਿਭਾਉਣ ਦਾ ਯਤਨ ਕੀਤਾ ਇਹ ਸਭ ਤੇਰੀ ਮੇਹਰ ਹੈ। ਅੰਤਮ ਸਮੇਂ ਗੁਰੂ ਜੀ ਨੇ ਆਪਣੇ ਸੇਵਾਦਾਰਾਂ ਨੂੰ ਬੁਲਾਇਆ। ਮਹਾਰਾਜਾ ਰਤਨ ਸਿੰਘ, ਚੰਦਰ ਪ੍ਰਤਾਪ ਰਾਣ ਸਾਂਗਾ ਮੀਰਾਬਾਈ ਰਾਜਾ ਨਾਗਰ ਮਲ ਅਤੇ ਹੋਰ ਸਭ ਸੇਵਕ ਆਪਣੇ ਪਿਆਰੇ ਗੁਰੂ ਜੀ ਦੇ ਦਰਸ਼ਨਾਂ ਨੂੰ ਆ ਗਏ, ਗੁਰੂ ਜੀ ਬੜੀ ਖੁਸ਼ੀ ਨਾਲ ਮਿਲੇ ਤੇ ਭਾਣਾ ਮੰਨਣ ਦੀ ਹਦਾਇਤ ਦਿਤੀ। ਕਿ ਇਹ ਸਰੀਰ ਨਾਸ਼ਵੰਤ ਹੈ ਇਸ ਨੇ ਇਕ ਦਿਨ ਤਾਂ ਬਿਨਸਨਾ ਹੀ ਹੈ। ਇਸ ਸੰਸਾਰ ਤੇ ਸਦਾ ਕੋਈ ਨਹੀਂ ਰਿਹਾ ਇਸ ਤਰ੍ਹਾਂ ਬ੍ਰਹਮ ਗਿਆਨ ਭਰਿਆ ਉਪਦੇਸ਼ ਸੰਗਤਾਂ ਨੂੰ ਦੇ ਕੇ ਸੁਫੇਦ ਚਾਦਰ ਉੜ ਕੇ ਪਲੰਗ ਤੇ ਲੇਟ ਗਏ ਤੇ ਭਗਵਾਨ ਦੀ ਜੋਤ ਨਾ ਜੋਤ ਜਾ ਮਿਲੀ। ਅੰਤਮ ਸੇਵਾ ਸਾਰੇ ਰਾਜੇ ਰਾਣਿਆਂ ਨੇ ਸੰਗਤਾਂ ਨੇ ਮਿਲ ਕੇ ਕੀਤੀ। ਦੁਨੀਆ ਜਦੋਂ ਤਕ ਰਹੇਗੀ ਗੁਰੂ ਰਵੀਦਾਸ ਜੀ ਦਾ ਨਾਮ ਅਮਰ ਰਹੇਗਾ ਆਪ ਇਸ ਗਲ ਦੇ ਹਾਮੀ ਸਨ ਕਿ ਜਾਤ ਪਾਤ ਕੁਝ ਨਹੀਂ ਹੁੰਦੀ ਪ੍ਰਭੂ ਦੇ ਦਰਬਾਰ ਵਿਚ ਤਾਂ ਕੀਮਤ ਹਰਿ ਦੇ ਭਜਨ ਦੀ ਹੀ ਪੈਂਦੀ ਹੈ। ਜਾਤ ਪਾਤ ਪੁਛੇ ਨਾ ਕੋਇ ਹਰ ਕੋ ਭਜੈ ਸੋ ਹਰ ਕਾ ਹੋਇ।

ਪਿਆਰ ਤੇ ਗੁੱਸਾ ਬੜਾ ਤੂੰ ਕਰ ਲਿਆ।
ਪਰ ਤਿਰਾ ਗੁੱਸਾ ਅਸਾਂ ਨੇ ਜਰ ਲਿਆ।

ਭਾਰਤ ਲਈ ਵੀਜ਼ਾ ਅਤੇ ਪੰਜਾਬ ਲਈ ਪਰਮਿਟ

'ਸੂਫੀ' ਅਮਰਜੀਤ

ਭਾਰਤ ਲਈ ਵੀਜ਼ਾ ਅਤੇ ਪੰਜਾਬ ਲਈ ਪਰਮਿਟ ਅਮਲੀ ਤੌਰ ਤੇ ਬੇਕਾਰ ਹਨ। ਇਸ ਸੰਬੰਧ ਵਿਚ ਪਹਿਲਾਂ ਵੀ ਆਵਾਜ਼ ਉਠਾਈ ਜਾਂਦੀ ਰਹੀ ਹੈ ਕਿ ਇਸ ਨੂੰ ਤੁਰੰਤ ਖਤਮ ਕੀਤਾ ਜਾਣਾ ਚਾਹੀਦਾ ਹੈ। ਇਸ ਦਾ ਵੱਡਾ ਕਾਰਨ ਤਾਂ ਇਸ ਨਾਲ ਕੋਈ ਮਕਸਦ ਹੱਲ ਨਹੀਂ ਹੁੰਦਾ ਸਗੋਂ ਆਮ ਲੋਕਾਂ ਨੂੰ ਖਾਹਮਖਾਹ ਦੀ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮੈਂ ਦਸੰਬਰ 1985 ਵਿਚ ਭਾਰਤ ਲਈ ਵੀਜ਼ਾ ਲੈ ਕੇ ਗਿਆ, ਕਿਉਂਕਿ ਮੇਰੇ ਮਾਤਾ-ਪਿਤਾ ਬੀਮਾਰ ਸਨ ਇਸ ਲਈ ਮੈਂ ਸਮੇਂ ਦੀ ਘਾਟ ਕਾਰਨ ਪੰਜਾਬ ਦਾ ਪਰਮਿਟ ਨਹੀਂ ਲੈ ਸਕਿਆ, ਸੋ ਇਸ ਲਈ ਮੈਨੂੰ ਉਹ ਦਿੱਲੀ ਤੋਂ ਜਾ ਕੇ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੇ ਅੰਡਰ ਸੈਕਟਰੀ ਤੋਂ ਪ੍ਰਾਪਤ ਕਰਨਾ ਪਿਆ।

ਪੰਜਾਬ ਲਈ ਪਰਮਿਟ ਲੈਣ ਜਦੋਂ ਉਨ੍ਹਾਂ ਦੇ ਦਫਤਰ ਦਸ ਵਜੇ ਗਿਆ ਤਾਂ ਉਥੋਂ ਉਨ੍ਹਾਂ ਦੇ ਕਲਰਕ ਤੋਂ ਪਤਾ ਲੱਗਾ ਕਿ ਉਹ ਦੋ ਵਜੇ ਏਥੇ ਆਉਂਦੇ ਹਨ। ਮੈਂ ਇਕ ਵਜੇ ਹੀ ਜਾ ਕੇ ਗੇਟ ਅੱਗੇ ਖਲੋ ਗਿਆ। ਅੱਧੇ ਘੰਟੇ ਵਿਚ ਕੋਈ 50-60 ਲੋਕਾਂ ਦੀ ਲੰਮੀ ਕਤਾਰ ਬਣ ਗਈ। ਪਹਿਲਾਂ ਇੰਗਲੈਂਡ ਤੋਂ ਇਕ ਨੌਜੁਆਨ ਖੜਾ ਸੀ ਜਿਸ ਦੇ ਬਜ਼ੁਰਗ ਮਾਂ-ਬਾਪ ਪਹਿਲੇ ਦਿਨ ਨਾਲ ਨਾਲ ਨਹੀਂ ਸਨ, ਇਸ ਲਈ ਅਗਲੇ ਦਿਨ ਉਹ ਆਏ ਸਨ, ਪਿਤਾ ਨੂੰ ਅਧਰੰਗ ਹੋਇਆ ਹੋਇਆ ਸੀ। ਇਸ ਹਾਲਤ ਵਿਚ ਉਨ੍ਹਾਂ ਦੀ ਹਾਲਤ ਤਰਸਯੋਗ ਸੀ। ਵੈਸੇ ਉਨ੍ਹਾਂ ਨੂੰ ਪੰਜਾਬ ਲਈ ਪਰਮਿਟ ਮਿਲ ਗਿਆ, ਮੈਨੂੰ ਵੀ ਛੇ ਹਫਤੇ ਲਈ, ਚਾਰ ਜ਼ਿਲਿਆਂ ਵਿਚ ਜਾਣ ਦੀ ਆਗਿਆ ਮਿਲ ਗਈ।

ਇਹ ਨਹੀਂ ਕਿਹਾ ਜਾ ਸਕਦਾ ਕਿ ਏਡੀ ਲੰਮੀ ਲਾਈਨ ਨੂੰ 2 ਤੋਂ 5 ਵਜੇ ਤੱਕ ਪਰਮਿਟ ਮਿਲ ਗਏ ਹੋਣਗੇ ਜਾਂ ਨਹੀਂ। ਪ੍ਰੰਤੂ ਮੈਨੂੰ ਇਨਾ ਪਤਾ ਲੱਗਾ ਕਿ ਇਕ ਸੱਜਣ ਇੰਗਲੈਂਡ ਤੋਂ ਆਇਆ ਸੀ ਉਸ ਨੂੰ ਇਕ ਹਫਤੇ ਮਗਰੋਂ ਪੰਜਾਬ ਦਾ ਪਰਮਿਟ ਮਿਲਿਆ।

ਪੰਜਾਬ, ਤਿਰੀਪੁਰਾ, ਮਨੀਪੁਰ ਅਤੇ ਬੰਗਾਲ ਦੇ ਛੇ ਜ਼ਿਲੇ ਗੜਬੜ ਵਾਲੇ ਇਲਾਕੇ ਕਰਾਰ ਦਿਤੇ ਹੋਣ ਕਾਰਨ, ਇਨ੍ਹਾਂ ਵਿਚ ਜਾਣ ਲਈ ਪਰਮਿਟ ਦੀ ਲੋੜ ਹੈ। ਪਰ ਇਸ ਗੱਲ ਦੀ ਕੋਈ ਜਾਂਚ ਪੜਤਾਲ ਨਹੀਂ ਕਿ ਇਨ੍ਹਾਂ ਇਲਾਕਿਆਂ ਵਿਚ ਜਾਣ ਵਾਲਿਆਂ ਬਾਰੇ ਯਕੀਨੀ ਹੋਵੇ ਕਿ ਉਨ੍ਹਾਂ ਕੋਲ ਪਰਮਿਟ ਹੈ ਜਾਂ ਨਹੀਂ। ਮੇਰਾ ਭਾਵ ਹੈ ਭਾਰਤ ਵਰਗੇ ਦੇਸ਼ ਵਿਚ ਅਜਿਹੀ ਪੜਤਾਲ ਜਾਂ ਹਰ ਇਕ ਦੇ ਇਨ੍ਹਾਂ ਇਲਾਕਿਆਂ ਵਿਚ ਦਾਖਲੇ ਦੀ ਜਾਂਚ ਕਰਨੀ ਅਮਲੀ ਤੌਰ ਉਤੇ ਅਸੰਭਵ ਹੈ।

ਫਿਰ ਵੀ ਆਮ ਤੌਰ ਤੇ ਬਾਹਰਲੇ ਦੇਸ਼ਾਂ 'ਚੋਂ ਜਾਣ ਵਾਲਾ ਭਾਰਤੀ ਮੂਲ ਦਾ ਬਦੇਸ਼ੀ ਸ਼ਹਿਰੀ ਜਾਂ ਕੋਈ ਵੀ ਬਦੇਸ਼ੀ ਬਿਨਾਂ ਪਰਮਿਟ ਤੋਂ ਇਨ੍ਹਾਂ ਇਲਾਕਿਆਂ ਵਿਚ ਨਹੀਂ ਜਾਂਦਾ। ਇਸ ਦੇ ਨਾਲ ਹੀ ਜਿਨ੍ਹਾਂ ਲੋਕਾਂ ਦੇ ਦਾਖਲੇ ਨੂੰ ਰੋਕਣ ਲਈ, ਇਨ੍ਹਾਂ ਇਲਾਕਿਆਂ ਨੂੰ ਗੜਬੜ ਵਾਲਾ ਇਲਾਕਾ ਕਰਾਰ ਦਿਤਾ ਹੈ। ਉਨ੍ਹਾਂ ਨੂੰ ਕਿਸੇ ਪਰਮਿਟ ਦੀ ਲੋੜ ਵੀ ਨਹੀਂ ਜਾਂ ਉਹ ਇਨ੍ਹਾਂ ਹਾਲਤਾਂ ਵਿਚ ਅਸਾਨੀ ਨਾਲ ਪ੍ਰਾਪਤ ਕਰ ਸਕਦੇ ਹਨ। ਫਿਰ ਇਸ ਬੇਮਤਲਬ ਖੁਆਰੀ ਪੈਦਾ ਕਰਨ ਦਾ ਲਾਭ ਕੀ ਹੋਇਆ ?

ਮੈਨੂੰ ਭਾਰਤ ਵਿਚ ਰਹਿਣ ਦੇ ਸਮੇਂ ਇਕ ਵਾਰ ਸੁਣਨ ਵਿਚ ਆਇਆ ਕਿ ਦੋ ਵਿਅਕਤੀਆਂ ਨੂੰ ਬਿਨਾਂ ਪਰਮਿਟ ਕਾਰਨ ਫੜ ਲਿਆ ਗਿਆ ਹੈ। ਉਨ੍ਹਾਂ ਉਪਰ ਅਤਿਵਾਦੀ ਹੋਣ ਦੇ ਦੋਸ਼ ਵੀ ਲੱਗੇ ਹਨ। ਅਜਿਹੀ ਹਾਲਤ ਵਿਚ ਕੋਈ ਵੀ ਵਿਅਕਤੀ ਜੇਕਰ ਉਹ ਬਿਨਾਂ ਪਰਮਿਟ ਪੰਜਾਬ ਜਾਂਦਾ ਹੈ ਤਾਂ ਜੇਕਰ ਉਹ ਕਿਸੇ ਕਾਰਨ ਪਕੜ ਹੋ ਜਾਵੇ, ਤਾਂ ਉਹ ਦੋਸ਼ੀ ਤਾਂ ਹੈ ਹੀ, ਪ੍ਰੰਤੂ ਉਸ ਦੇ ਨਾਂ ਨਾਲ 'ਖਤਰਨਾਕ ਅਤਿਵਾਦੀ' ਦਾ ਵਿਸ਼ੇਸ਼ਨ ਜ਼ਰੂਰ ਲਗ ਜਾਵੇਗਾ, ਕਿਉਂਕਿ ਅਜਿਹੀ ਹਾਲਤ ਵਿਚ ਪੁਲੀਸ ਕਰਮਚਾਰੀਆਂ ਨੂੰ ਚਾਂਦੀ ਬਣਾਉਣ ਦੀ ਅਤੇ ਮਾਅਰਕਾ ਮਾਰਨ ਦਾ ਮੌਕਾ ਵੀ ਮਿਲ ਜਾਵੇਗਾ।

ਇਥੇ ਦੂਜਾ ਪੱਖ ਦੇਖਣ ਵਾਲਾ ਇਹ ਹੈ ਕਿ ਪੰਜਾਬ ਵਿਚ ਪਹਿਲਾਂ ਇਕੜ-ਦੁਕੜ ਹੁਣ ਦੁਬਾਰਾ ਫਿਰ ਅਕਾਲੀ ਦਲ ਦੀ ਸਮਝੌਤਾ ਕਰੂ ਨੀਤੀ ਦੇ ਫਲ ਸਰੂਪ, ਫਿਰ ਅਤਿਵਾਦੀ ਕਾਰਵਾਈਆਂ ਸ਼ੁਰੂ ਹੋ ਗਈਆਂ ਹਨ। ਪਿਛਲੇ ਡੇਢ ਸਾਲ ਵਿਚ ਜੋ ਵੀ ਕਤਲੋ ਗਾਰਤ ਦੀਆਂ ਕਾਰਵਾਈਆਂ ਹੋਈਆਂ ਹਨ, ਉਨ੍ਹਾਂ ਵਿਚ ਬਦੇਸ਼ਾਂ ਤੋਂ ਜਾਣ ਵਾਲੇ ਉਹ ਲੋਕ ਵੀਜੇ ਦੀ ਪਾਬੰਦੀ ਕਰਕੇ ਰੋਕ ਲਏ ਗਏ, ਤਾਂ ਫਿਰ ਇਹ ਹਿੰਸਕ ਵਾਰਦਾਤਾਂ ਕਰਨ ਵਾਲੇ ਕੌਣ ਹਨ ? ਉਥੇ ਰਹਿਣ ਵਾਲੇ ਹਨ ਜਾਂ ਗੁਆਂਢੀ ਪਾਕਿਸਤਾਨ ਤੋਂ ਆਉਣ ਵਾਲੇ ਹੋਣਗੇ। ਇਸ ਹਾਲਤ ਵਿਚ ਪੰਜਾਬ ਪਰਮਿਟ ਅਤੇ ਭਾਰਤ ਲਈ ਵੀਜਾ ਲਾਉਣਾ ਬੇਕਾਰ ਹੀ ਕਿਹਾ ਜਾ ਸਕਦਾ ਹੈ।

ਇਕ ਤੀਜਾ ਹੋਰ ਪੱਖ ਇਹ ਹੈ ਕਿ ਕੁਝ ਕੈਨੇਡੀਅਨ ਅਤੇ ਯੂਰਪੀਅਨ ਲੋਕ ਜੋ ਭਾਰਤ ਲਈ ਵੀਜ਼ਾ ਲੈ ਕੇ ਉਥੇ ਗਏ ਹੋਏ ਸਨ, ਉਨ੍ਹਾਂ ਵਿਚੋਂ ਇਕ ਨੇ ਮੈਨੂੰ ਦਿੱਲੀ ਏਅਰ ਪੋਰਟ ਉਪਰ ਆਉਣ ਸਮੇਂ ਦੱਸਿਆ ਕਿ ਉਹ ਪੰਜਾਬ ਜਾਣਾ ਚਾਹੁੰਦੇ ਸਨ, ਪ੍ਰੰਤੂ ਲੰਬੀ ਲਾਈਨ ਕਾਰਨ ਉਹ ਪਰਮਿਟ ਨਹੀਂ ਲੈ ਸਕੇ, ਇਸ ਲਈ ਉਹ ਬਿਨਾਂ ਪੰਜਾਬ ਗਏ ਹੀ ਥਾਈਲੈਂਡ ਨੂੰ ਜਾ ਰਹੇ ਹਨ। ਇਸ ਤਰ੍ਹਾਂ ਜਿਨ੍ਹਾਂ ਬਦੇਸ਼ੀ ਟੂਰੈਸਟਾਂ ਉਥੇ ਜਾ ਕੇ ਕੁਝ ਪੈਸੇ ਖਰਚ ਕਰਨੇ ਹਨ, ਉਸ ਦਾ ਨੁਕਸਾਨ ਵੀ ਦੇਸ਼ ਨੂੰ ਹੁੰਦਾ ਹੈ, ਭਾਵੇਂ ਕਿ ਭਾਰਤ ਸਰਕਾਰ ਬਾਰੇ ਪਤਾ ਹੀ ਹੈ ਕਿ ਉਹ ਕਿੰਨਾ ਕੁ ਸੰਜਮ ਤੋਂ ਕੰਮ ਲੈਂਦੀ ਹੈ। ਕਿਵੇਂ ਗਲਤ ਕੰਮਾਂ ਉਪਰ ਫਜ਼ੂਲ ਖਰਚ ਹੋ ਰਹੇ ਹਨ।

ਇਸ ਲਈ ਮੈਂ ਨਿਜੀ ਤਜਰਬੇ ਦੇ ਆਧਾਰ ਉਪਰ ਕਹਿ ਸਕਦਾ ਹਾਂ ਕਿ ਇਸ ਵੀਜ਼ੇ ਦੇ ਨਿਰਾਰਥਕ ਪ੍ਰਬੰਧ ਨੂੰ ਤੁਰੰਤ ਖਤਮ ਕੀਤਾ ਜਾਣਾ ਚਾਹੀਦਾ ਹੈ। ਇਸ ਦਾ ਅਮਲੀ ਤੌਰ ਤੇ ਕੋਈ ਲਾਭ ਨਹੀਂ ਹੈ, ਸਿਰਫ ਸਰਕਾਰ ਦੀ ਨਿਕੰਮੀ ਅਫਸਰਸ਼ਾਹੀ ਵਲੋਂ ਖਿਆਲੀ ਕਿਲੇ ਢਾਹੁਣ ਲਈ ਇਹ ਇਕ ਕਾਗਜ਼ੀ ਪਟਾਕਾ ਹੀ ਹੈ। ਜਦੋਂ ਕਿ ਇਹ ਆਪਣਾ ਮਨੋਰਥ ਪੂਰਾ ਨਾ ਕਰਦਾ ਹੋਇਆ, ਆਮ ਲੋਕਾਂ ਲਈ ਬੇਮਤਲਬ ਮੁਸ਼ਕਲਾਂ ਪੈਦਾ ਕਰਦਾ ਹੈ।

ਪੰਥਕ ਨੇਤਾਵਾਂ ਨੂੰ ਅਪੀਲ

ਚੰਡੀਗੜ੍ਹ — ਕਈ ਸਥਾਨਕ ਸਿੱਖ ਨੇਤਾਵਾਂ ਨੇ ਪੰਥਕ ਨੇਤਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖ ਭਾਈਚਾਰੇ ਦੇ ਵੱਖ ਵੱਖ ਵਰਗਾਂ ਵਿਚ ਏਕੇ ਤੇ ਰਾਜ ਵਿਚ ਸਦਭਾਵਨਾ ਤੇ ਸ਼ਾਤੀ ਲਈ ਆਪਣੇ ਅਹੁਦਿਆਂ ਤੇ ਪੁਜ਼ੀਸ਼ਨਾਂ ਤੋਂ ਅਸਤੀਫੇ ਦੇਣ ਤੋਂ ਗੁਰੇਜ਼ ਨਾ ਕਰਨ। ਸ: ਅਜੀਤ ਸਿੰਘ ਸਰਹੱਦੀ, ਡਾ. ਗੁਰਨਾਮ ਸਿੰਘ ਤੀਰ, ਸ. ਜੋਗਿੰਦਰ ਸਿੰਘ ਸਾਹਨੀ, ਸ. ਅਮਰਜੀਤ ਸਿੰਘ ਸਰਨਾ, ਸ. ਕਰਨੈਲ ਸਿੰਘ ਡੋਡ ਐਮ ਐਲ ਏ., ਸ. ਗੁਰਚਰਨ ਸਿੰਘ ਲਾਲ, ਮੇਜਰ ਏ. ਐਸ. ਸੂਰੀ ਤੇ ਸ. ਹਰਦੇਵ ਸਿੰਘ ਨੇ ਇਥੇ ਜਾਰੀ ਇਕ ਸਾਂਝੇ ਬਿਆਨ ਰਾਹੀਂ ਸਾਰੀਆਂ ਸਬੰਧਤ ਧਿਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪੰਥ ਤੇ ਰਾਜ ਦੇ ਭਲੇ ਲਈ ਆਪਸੀ ਮਤਭੇਦ ਛੇਤੀ ਦੂਰ ਕਰਨ।

ਬਿਆਨ ਵਿਚ ਰਾਜ ਵਿਚ ਪਿਛਲੇ ਕੁਝ ਦਿਨਾਂ ਦੌਰਾਨ ਵਾਪਰੀਆਂ ਘ ਘਟਨਾਵਾਂ ਉਤੇ ਗਹਿਰਾ ਸ਼ੋਕ ਤੇ ਚਿੰਤਾ ਪ੍ਰਗਟਾਈ ਗਈ ਹੈ। ਇਨ੍ਹਾਂ ਵਿਚ ਨਕੋਦਰ ਵਿਖੇ ਗੁਰੂ ਗਰੰਥ ਸਾਹਿਕ ਦੀਆਂ ਪੰਜ "ਬੀੜਾ" ਸਾੜੇ ਜਾਣ, ਨੌਜਵਾਨ ਅਕਾਲੀ ਨੇਤਾ ਜਤਿੰਦਰ ਸਿੰਘ ਘੁੰਮਣ ਤੇ ਜਥੇਦਾਰ ਓਂਕਾਰ ਸਿੰਘ ਮੱਤੇਨੰਗਲ ਦੇ ਪੁੱਤਰ ਨੂੰ ਕਤਲ ਕਰਨ ਦੀਆਂ ਘਟਨਾਵਾਂ ਸ਼ਾਮਲ ਹਨ। ਇਨ੍ਹਾਂ ਨੇਤਾਵਾਂ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਜੇ ਪੰਥ ਦੇ ਹਿਤੈਸ਼ੀ ਛੇਤੀ ਇਕੱਠੇ ਨਾ ਹੋਏ ਤਾਂ ਸਥਿਤੀ ਕਾਬੂ ਤੋਂ ਬਾਹਰ ਹੋ ਸਕਦੀ ਹੈ।

ਮਰ ਲਿਆ ਇਕ ਬੇਵਫਾ ਤੇ ਮਰ ਲਿਆ।
ਫ਼ਰਜ਼ ਆਪਾਂ ਇਹ ਵੀ ਪੂਰਾ ਕਰ ਲਿਆ।

ਸ੍ਰੀਮਤੀ ਰੁਕਮਣੀ ਦੇਵੀ ਚੱਲ ਵਸੀ

ਨਵੀਂ ਦਿੱਲੀ — ਪ੍ਰਸਿੱਧ ਭਾਰਤ ਨਾਟਯਮ ਡਾਂਸਰ ਸ੍ਰੀਮਤੀ ਰੁਕਮਣੀ ਦੇਵੀ 24 ਫਰਵਰੀ ਨੂੰ ਇਥੇ ਚਲ ਵਸੇ। ਸ੍ਰੀਮਤੀ ਰੁਕਮਣੀ ਦੇਵੀ 1952 ਤੋਂ 1958 ਤੱਕ ਰਾਜ ਸਭਾ ਦੇ ਮੈਂਬਰ ਵੀ ਰਹੇ। ਕਲਾ ਦੇ ਖੇਤਰ ਵਿਚ ਉਨ੍ਹਾਂ ਦਾ ਨਾਂ ਭਾਰਤ ਦੇ ਉਘੇ ਕਲਾਕਾਰਾਂ ਵਿਚ ਗਿਣਿਆ ਜਾਂਦਾ ਸੀ।

ਭਾਰਤ ਨਾਟਯਮ ਦੀ ਸਿਖਿਆ ਦੇਣ ਬਾਰੇ ਇਕ ਸਕੂਲ ਉਨ੍ਹਾਂ 1936 ਵਿਚ ਸਥਾਪਤ ਕੀਤਾ ਜੋ ਇਸ ਸਮੇਂ ਕਲਾ-ਪ੍ਰੇਮੀਆਂ ਲਈ ਪਵਿੱਤਰ ਯਾਤਰਾ ਸਥਾਨ ਬਣ ਚੁਕਿਆ ਹੈ। ਕਲਾ ਦੇ ਖੇਤਰ ਵਿਚ ਉਨ੍ਹਾਂ ਦੇ ਯੋਗਦਾਨ ਕਾਰਨ ਉਨ੍ਹਾਂ ਨੂੰ 'ਪਦਮ ਭੂਸ਼ਨ' ਦਾ ਖਿਤਾਬ ਵੀ ਮਿਲਿਆ ਹੋਇਆ ਸੀ। 1957 ਵਿਚ ਉਨ੍ਹਾਂ ਨੂੰ ਸੰਗੀਤ ਨਾਟਕ ਅਕੈਡਮੀ ਐਵਾਰਡ ਵੀ ਮਿਲਿਆ।

ਰਾਸ਼ਟਰਪਤੀ ਗਿ: ਜ਼ੈਲ ਸਿੰਘ, ਉਪ ਰਾਸ਼ਟਰਪਤੀ ਸ੍ਰੀ ਵੈਂਕਟਰਮਨ, ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਸ੍ਰੀਮਤੀ ਰੁਕਮਣੀ ਦੇਵੀ ਦੀ ਮੌਤ ਉਤੇ ਅਫਸੋਸ ਦੇ ਸੁਨੇਹੇ ਭੇਜੇ।

ਆਪਣੇ ਬਲ ਤੇ ਹੁਣ ਭਰੋਸਾ ਕਰ ਲਿਆ।
ਡਰ ਲਿਆ ਡਰਨਾ ਸੀ ਜਿੱਨਾ ਡਰ ਲਿਆ।
ਇਹ ਘਟਾ ਇਹ ਬਾਗ ਇਹ ਠੰਡਾ ਸਮਾਂ।
ਸਾਕੀਆ ਸ਼ੀਸ਼ਾ ਲਿਆ ਸਾਗਰ ਲਿਆ!

... ਤੇ ਹੁਣ "ਹਰਿਆਣਾ ਸਰਬੱਤ" ਸੰਮੇਲਨ

ਚੰਡੀਗੜ੍ਹ — ਸ਼੍ਰੋਮਣੀ ਅਕਾਲੀ ਦਲ ਦੇ ਆਨੰਦਪੁਰ ਸਾਹਿਬ ਵਿਚ 'ਸਰਬੱਤ ਖਾਲਸਾ' ਸੰਮੇਲਨ ਪਿਛੋਂ ਹੁਣ 'ਹਰਿਆਣਾ ਸਰਬੱਤ' ਸੰਮੇਲਨ ਬੁਲਾਇਆ ਜਾ ਰਿਹਾ ਹੈ। ਇਹ ਸੰਮੇਲਨ ਰਾਜੀਵ-ਲੌਂਗੋਵਾਲ ਸਮਝੌਤੇ ਦੇ ਵਿਰੋਧ ਵਿਚ ਹਰਿਆਣਾ ਦੇ ਹਿਤਾਂ ਦੀ ਰਾਖੀ ਦਾ ਸੱਦਾ ਦੇਵੇਗਾ। ਇਹ ਸੰਕੇਤ ਇਥੇ ਹਰਿਆਣਾ ਲੋਕ ਦਲ ਦੇ ਇਕ ਸੀਨੀਅਰ ਨੇਤਾ ਅਤੇ ਸੰਘਰਸ਼ ਸੰਮਤੀ ਦੇ ਮੈਂਬਰ ਸ੍ਰੀ ਵਰਿੰਦਰ ਸਿੰਘ ਨੇ ਦਿਤਾ। ਉਨ੍ਹਾਂ ਕਿਹਾ ਕਿ ਜੇਕਰ ਅਕਾਲੀਆਂ ਦੇ 'ਸਰਬੰਤ ਖਾਲਸਾ' ਸੰਮੇਲਨ ਵਿਚ ਪੰਜ ਲੱਖ ਲੋਕ ਪਹੁੰਚੇ ਹਨ ਤਾਂ ਉਨ੍ਹਾਂ ਦੇ 'ਹਰਿਆਣਾ ਸਰਬੱਤ' ਸੰਮੇਲਨ ਵਿਚ 20 ਲੱਖ ਲੋਕ ਪਹੁੰਚਣਗੇ। ਉਨ੍ਹਾਂ ਨੇ ਇਹ ਵੀ ਸਪਸ਼ਟ ਕਰਨ ਦਾ ਯਤਨ ਕੀਤਾ ਕਿ ਇਸ ਸੰਮੇਲਨ ਨੂੰ ਸਰਕਾਰੀ ਹਮਾਇਤ ਨਹੀਂ ਪ੍ਰਾਪਤ ਹੋਵੇਗੀ।

ਇਸ ਸੰਮੇਲਨ ਦਾ ਫੈਸਲਾ 25 ਫਰਵਰੀ ਨੂੰ ਕੁਰਕਸ਼ੇਤਰ ਵਿਚ ਹੋ ਰਹੀ ਹਰਿਆਣਾ ਸੰਘਰਸ਼ ਸੰਮਤੀ ਦੀ ਬੈਠਕ ਵਿਚ ਲਿਆ ਜਾਵੇਗਾ।

ਲੋਕ ਦਲ ਦੇ ਨੇਤਾ ਨੇ ਕਿਹਾ ਕਿ ਦੋਹਾਂ ਰਾਜਾਂ ਦੇ ਮੁਖ ਮੰਤਰੀਆਂ ਦੀ ਦਿੱਲੀ ਵਿਚ ਬੈਠਕ ਅਕਾਲੀਆਂ ਦੇ 'ਸਰਬੱਤ ਖਾਲਸਾ' ਸੰਮੇਲਨ ਦੇ ਦਬਾਅ ਹੇਠ ਆਉਣ ਪਿਛੋਂ ਹੀ ਬੁਲਾਈ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰੀ ਸਰਕਾਰ 'ਸਰਬੱਤ ' ਸੰਮੇਲਨਾਂ ਦਾ ਹੀ ਅਸਰ ਕਬੂਲਦੀ ਹੈ ਤਾਂ ਉਹ ਵੀ ਇਸ ਕੰਮ ਵਿਚ ਪਿਛੇ ਨਹੀਂ ਰਹਿਣਗੇ। ਪ੍ਰੈਸ ਕਾਨਫਰੰਸ ਵਿਚ ਹਾਜ਼ਰ ਦੂਜੇ ਸੀਨੀਅਰ ਆਗੂਆਂ ਸ੍ਰੀ ਹੀਰਾ ਨੰਦ ਆਰੀਆ, ਡਾ. ਭੀਮ ਸਿੰਘ, ਪ੍ਰੋ: ਸੰਮਤ ਸਿੰਘ ਅਤੇ ਸ੍ਰੀਮਤੀ ਚੰਦਰਾਵਤੀ ਨੇ ਵੀ ਕਿਹਾ ਕਿ ਹਰਿਆਣਾ ਦੇ ਲੋਕ ਹੁਣ ਅਨਿਆਂ ਵਿਰੁੱਧ ਉਠ ਖੜੇ ਹੋਏ ਹਨ।

ਸ੍ਰੀਮਤੀ ਚੰਦਰਾਵਤੀ ਤਾਂ ਇਥੋਂ ਤਕ ਚਲੇ ਗਏ ਕਿ ਸੰਗਰੂਰ, ਬਠਿੰਡਾ, ਅਤੇ ਪਟਿਆਲਾ ਕਦੇ ਵੀ ਪੰਜਾਬੀ ਬੋਲਦੇ ਇਲਾਕੇ ਨਹੀਂ ਰਹੇ ਹਨ। ਉਨ੍ਹਾਂ ਕਈ ਵਾਰ ਕਿਹਾ ਕਿ ਬਠਿੰਡਾ ਦੇ ਲੋਕ ਹਿੰਦੀ ਬੋਲਦੇ ਹਨ। ਉਨ੍ਹਾਂ ਕਿਹਾ ਕਿ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਵਗੈਰਾ ਹੀ ਪੰਜਾਬੀ ਬੋਲਦੇ ਇਲਾਕੇ ਰਹੇ ਹਨ। ਸ੍ਰੀ ਵਰਿੰਦਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਅਤੇ ਮੁੱਖ ਮੰਤਰੀ ਭਜਨ ਲਾਲ ਦੀ ਮੀਟਿੰਗ ਇਸ ਕਰਕੇ ਵੀ ਮਹੱਤਵਪੂਰਨ ਹੈ ਕਿਉਂ ਜੋ ਪੰਜਾਬ ਦੇ ਵਿੱਤ ਮੰਤਰੀ ਸ: ਬਲਵੰਤ ਸਿੰਘ ਇਹ ਆਖ ਚੁਕੇ ਹਨ ਕਿ 31 ਮਾਰਚ ਤੋਂ ਪਹਿਲਾਂ ਪਹਿਲਾਂ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਵੇਗਾ। ਉਨ੍ਹਾਂ ਕਿਹਾ ਕਿ ਅਕਾਲੀ ਆਗੂ ਚੰਡੀਗੜ੍ਹ ਤਾਂ ਲੈਣਾ ਚਾਹੁੰਦੇ ਹਨ ਪ੍ਰੰਤੂ ਦੂਜੇ ਸਬੰਧਤ ਮਾਮਲਿਆਂ ਦਾ ਨਿਬੇੜਾ ਕਰਨ ਨੂੰ ਤਿਆਰ ਨਹੀਂ ਹਨ।

ਲੋਕ ਦਲ ਨੇਤਾ ਨੇ ਪ੍ਰੈਸ ਕਾਨਫਰੰਸ ਵਿਚ ਇਕ ਪੁਰਾਣਾ ਦਸਤਾਵੇਜ਼ ਪੇਸ਼ ਕਰਦੇ ਹੋਏ ਕਿਹਾ ਕਿ ਇਸ ਅਨੁਸਾਰ ਅਕਾਲੀ ਆਗੂਆਂ ਨੇ ਮੰਨਿਆ ਸੀ ਕਿ ਜੇਕਰ ਦਸ ਹਿੰਦੀ ਬੋਲਦੇ ਪਿੰਡ ਪੰਜਾਬ ਵਿਚ ਹੋਣਗੇ ਤਾਂ ਉਨ੍ਹਾਂ ਨੂੰ ਹਰਿਆਣਾ ਦੇ ਹਵਾਲੇ ਕਰਨ ਵਿਚ ਇਕ ਜਾਂ ਦੋ ਪੰਜਾਬੀ ਬੋਲਦੇ ਪਿੰਡ ਅੜਿੱਕਾ ਨਹੀਂ ਬਣਨਗੇ ਇਹ ਸਮਝੌਤਾ 1966 ਵਿਚ ਹੋਇਆ ਸੀ। ਇਸ ਸਮਝੌਤੇ ਵਿਚ ਦਸਖਤ ਕਰਨ ਵਾਲਿਆਂ ਵਿਚ ਪੰਜਾਬ ਦੇ ਸ: ਲਛਮਣ ਸਿੰਘ ਗਿੱਲ, ਸ: ਗੁਰਨਾਮ ਸਿੰਘ, ਸ: ਪ੍ਰਕਾਸ਼ ਸਿੰਘ ਬਾਦਲ, ਗਿਆਨ ਕਰਤਾਰ ਸਿੰਘ, ਸੰਤ ਚੰਨਣ ਸਿੰਘ ਪ੍ਰਧਾਨ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ, ਸ: ਹਰਚਰਨ ਸਿੰਘ ਹੁਡਿਆਰਾ, ਸ. ਨਰਿੰਦਰ ਸਿੰਘ ਐਮ. ਪੀ. ਅਤੇ ਹਰਿਆਣਾਂ ਦੇ ਚੌਧਰੀ ਦੇਵੀ ਲਾਲ, ਰਣਬੀਰ ਸਿੰਘ ਐਮ ਐਲ ਏ ਅਤੇ ਪ੍ਰੋ: ਸ਼ੇਰ ਸਿੰਘ ਸ਼ਾਮਲ ਸਨ।

ਹਰਿਆਣਾ ਦੇ ਵਿਰੋਧੀ ਨੇਤਾਵਾਂ ਨੇ ਕਿਹਾ ਕਿ ਜੇਕਰ ਸਮਝੌਤੇ ਦੇ ਰਾਹ ਵਿਚ ਕੰਢੂਖੇੜਾ ਆਉਂਦਾ ਹੈ ਤਾਂ ਰਾਜਸਥਾਨ ਦੇ ਚਾਰ ਜਾਂ ਪੰਜ ਪਿੰਡ ਹਰਿਆਣਾ ਨੂੰ ਦਿਤੇ ਜਾ ਸਕਦੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਜੇਕਰ ਚੰਡੀਗੜ੍ਹ ਬਦਲੇ ਅਬੋਹਰ ਅਤੇ ਫਾਜ਼ਿਲਕਾ ਸਮੇਤ ਹਿੰਦੀ ਬੋਲਦੇ ਪਿੰਡ ਹਰਿਆਣਾ ਨੂੰ ਨਾ ਦਿਤੇ ਗਏ ਤਾਂ ਉਨ੍ਹਾਂ ਨੂੰ ਕੋਈ ਵੀ ਸਮਝੌਤਾ ਪ੍ਰਵਾਨ ਨਹੀਂ ਹੋਵੇਗਾ।

ਵਿਰੋਧੀ ਨੇਤਾਵਾਂ ਨੇ ਕਿਹਾ ਕਿ ਜੇਕਰ 23 ਫਰਵਰੀ ਤਕ ਹਰਿਆਣਾ ਵਿਚ ਪੁਲੀਸ ਗੋਲੀ ਨਾਲ ਮਰਨ ਵਾਲਿਆਂ ਦੀ ਅਦਾਲਤੀ ਜਾਂਚ ਨਾ ਕਰਾਈ ਗਈ ਤਾਂ ਸੰਘਰਸ਼ ਸੰਮਤੀ ਵਿਆਪਕ ਅੰਦੋਲਨ ਚਲਾਏਗੀ।

ਕਸ਼ਮੀਰ ਦੇ ਸਵਾਲ ਉਤੇ ਭਾਰਤ ਪਾਕਿ ਗੱਲਬਾਤ ਹੋਵੇਗੀ

ਇਸਲਾਮਾਬਾਦ — ਪਾਕਿਸਤਾਨ ਦੇ ਵਿਦੇਸ਼ ਰਾਜ ਮੰਤਰੀ ਸ੍ਰੀ ਨੂਰਾਨੀ ਨੇ ਕੌਮੀ ਅਸੈਂਬਲੀ ਵਿਚ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਕਸ਼ਮੀਰ ਦੇ ਮਸਲੇ ਦਾ ਹੱਲ ਆਪਸੀ ਗੱਲਬਾਤ ਰਾਹੀਂ ਲੱਭ ਲੈਣਗੇ। ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਤੇ ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ ਬੀਤੇ ਦਿਨੀਂ ਹੋਈ ਗੱਲਬਾਤ ਦੌਰਾਨ ਕਸ਼ਮੀਰ ਮਸਲੇ ਨੂੰ ਉਚਿਤ ਸਮੇਂ ਉਤੇ ਵਿਚਾਰਨ ਲਈ ਸਹਿਮਤ ਹੋ ਗਏ ਹਨ।

ਸ੍ਰੀ ਨੂਰਾਨੀ ਨੇ ਕਿਹਾ ਕਿ ਦੋਵਾਂ ਦੇਸ਼ਾਂ ਦਾ ਵਿਚਾਰ ਹੈ ਕਿ ਇਸ ਮਸਲੇ ਦਾ ਫੌਜੀ ਹੱਲ ਲੱਭੇ ਜਾਦ ਤੋਂ ਜਿੱਥੋਂ ਤੱਕ ਹੋ ਸਕੇ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ ਅਤੇ ਗੱਲਬਾਤ ਨਾਲ ਹੀ ਮਸਲਾ ਹੱਲ ਕੀਤਾ ਜਾਣਾ ਚਾਹੀਦਾ ਹੈ। ਇਕ ਸਵਾਲ ਦੇ ਜਵਾਬ ਵਿਚ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਦੇ ਪ੍ਰਤੀਨਿਧ ਕਸ਼ਮੀਰ ਦੇ ਸਵਾਲ ਨੂੰ ਵੱਖ ਵੱਖ ਮੰਚਾਂ ਉਤੇ ਉਠਾਉਂਦੇ ਰਹੇ ਹਨ ਅਤੇ ਯੂ. ਐਨ. ਓ. ਦੇ ਪਿਛਲੇ ਸੈਸ਼ਨ ਦੌਰਾਨ ਵੀ ਕਸ਼ਮੀਰ ਦਾ ਸਵਾਲ ਉਠਾਇਆ ਗਿਆ ਸੀ। ਸ੍ਰੀ ਨੂਰਾਨੀ ਨੇ ਕਿਹਾ ਕਿ ਭਾਵੇਂ ਬਹੁਤੇ ਦੇਸ਼ ਪਾਕਿਸਤਾਨ ਦਾ ਪੱਖ ਸਹੀ ਮੰਨਦੇ ਰਹੇ ਹਨ ਪਰ ਸੋਵੀਅਤ ਰੂਸ ਵਲੋਂ ਵੀਟੋ ਕੀਤੇ ਜਾਣ ਕਾਰਨ ਮਸਲੇ ਦਾ ਨਿਪਟਾਰਾ ਨਹੀਂ ਹੋ ਸਕਿਆ। ਮੰਤਰੀ ਨੇ ਕਿਹਾ ਕਿ ਸ਼ਿਮਲਾ ਸਮਝੌਤੇ ਹੇਠ ਪਾਕਿਸਤਾਨ ਵਲੋਂ ਕਸ਼ਮੀਰ ਮਸਲੇ ਨੂੰ ਅੰਤਰਰਾਸ਼ਟਰੀ ਮੰਚਾਂ ਉਤੇ ਉਠਾਏ ਜਾਣ 'ਤੇ ਕੋਈ ਪਾਬੰਦੀ ਨਹੀਂ ਹੈ।

ਲਿੰਕ ਲਹਿਰ ਦੀ ਉਸਾਰੀ 'ਚ ਹੇਰਾਫੇਰੀ ਦਾ ਦੋਸ਼

ਖਰੜ — ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਵਿਚ ਭਾਰੀ ਹੇਰਾਫੇਰੀਆਂ ਹੋਣ ਦਾ ਦੋਸ਼ ਲਗਾਇਆ ਗਿਆ ਹੈ। ਅਮਨ ਕੋਆਪਰੇਟਿਵ ਐਲ. ਸੀ. ਸੁਸਾਇਟੀ ਖਰੜ ਦੇ ਪ੍ਰਧਾਨ ਸ੍ਰੀ ਬਲਜੀਤ ਸਿੰਘ ਨੇ ਮੁੱਖ ਮੰਤਰੀ ਪੰਜਾਬ ਦੇ ਨਾਂ ਇਕ ਚਿਠੀ ਵਿਚ ਕਿਹਾ ਹੈ ਕਿ ਐਸ. ਵਾਈ. ਐਲ. ਨਹਿਰ ਦੀ ਬੁਰਜੀ ਨੰ. 42 ਤੋਂ 43 ਤੱਕ ਦਾ ਕੰਮ ਅਧਿਕਾਰੀਆਂ ਨੇ ਕੁਝ ਚੁਣੇ ਹੋਏ ਤੇ ਅਫਸਰਾਂ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਕੁਝ ਗਿਣੇ ਮਿਣੇ ਠੇਕੇਦਾਰਾਂ ਨੂੰ ਹੀ ਦਿੱਤੇ ਹਨ ਤੇ ਕਈ ਸੁਸਾਇਟੀਆਂ ਨੂੰ ਟੈਂਡਰ ਫਾਰਮ ਹੀ ਨਹੀਂ ਦਿੱਤੇ ਗਏ ਜਿਸ ਕਾਰਨ ਉਹ ਆਪਣਾ ਰੇਟ ਦੇਣ ਤੋਂ ਵਾਂਝੇ ਰਹਿ ਗਏ। ਉਨ੍ਹਾਂ ਦੋਸ਼ ਲਾਇਆ ਕਿ ਇਕ ਪੁਰਾਣੇ ਠੇਕੇਦਾਰ ਜਿਸ ਨੇ ਆਨੰਦਪੁਰ ਹਾਈਡਲ ਚੈਨਲ ਵਿਖੇ ਸੀਮਿੰਟ ਦੀ ਥਾਂ ਰੇਤ ਵਰਤਿਆ ਸੀ, ਨੂੰ ਹੀ ਇਹ ਕੰਮ ਦੇ ਦਿਤਾ ਹੈ। ਜਦੋਂ ਕਿ ਇਹ ਕੰਮ ਸਰਕਾਰ ਦੀ ਨੀਤੀ ਅਨੁਸਾਰ ਸਥਾਨਕ ਕਾਮਿਆਂ ਤੇ ਐਲ. ਸੀ. ਸਭਾ ਨੂੰ ਦਿਤਾ ਜਾ ਸਕਦਾ ਸੀ।

ਲੇਖੀ ਦੀਆਂ ਟਿਪਣੀਆਂ ਵਿਰੁਧ ਹੱਤਕ ਅਦਾਲਤ ਦਾ ਨੋਟਿਸ

ਨਵੀਂ ਦਿੱਲੀ — ਦਿੱਲੀ ਹਾਈ ਕੋਰਟ ਨੇ ਹਦਾਇਤ ਕੀਤੀ ਹੈ ਕਿ ਵਿਸ਼ੇਸ਼ ਜੱਜ ਮਹੇਸ਼ ਚੰਦਰ ਵਿਰੁਧ ਅਯੋਗ ਟਿਪਣੀ ਕਰਨ ਕਾਰਨ ਵਕੀਲ ਪ੍ਰਾਨ ਨਾਥ ਲੇਖੀ ਵਿਰੁੱਧ ਦਾਇਰ ਹੱਤਕ ਅਦਾਲਤ ਦੀ ਅਰਜ਼ੀ ਚੀਫ ਜਸਟਿਸ ਅੱਗੇ ਪੇਸ਼ ਕੀਤੀ ਜਾਵੇ। ਮਿ. ਲੇਖੀ ਇੰਦਰਾ ਗਾਂਧੀ ਕਤਲ ਕੇਸ ਵਿਚ ਸਫਾਈ ਧਿਰ ਵਲੋਂ ਸਤਵੰਤ ਸਿੰਘ ਦੇ ਮੁੱਖ ਵਕੀਲ ਸਨ। ਮਿ. ਜਸਟਿਸ ਜੀ. ਆਰ. ਲੂਥਰਾ ਨੇ ਇਹ ਹਦਾਇਤ ਕਰਦੇ ਹੋਏ ਟਿਪਣੀ ਕੀਤੀ ਕਿ ਚੰਗਾ ਹੋਵੇਗਾ, ਇਹ ਮਾਮਲਾ ਇਕ ਡਿਵੀਜ਼ਨ ਬੈਂਚ ਅਗੇ ਪੇਸ਼ ਕੀਤਾ ਜਾਵੇ। ਜੱਜ ਮਹੇਸ਼ ਚੰਦਰ ਨੇ ਇੰਦਰਾ ਗਾਂਧੀ ਕਤਲ ਕਾਂਡ ਵਿਚ ਸਤਵੰਤ ਸਿੰਘ, ਕੇਹਰ ਸਿੰਘ ਤੇ ਬਲਬੀਰ ਸਿੰਘ ਨੂੰ ਸਜ਼ਾਏ ਮੌਤ ਸੁਣਾਈ ਸੀ।

ਇਕ ਸਥਾਨਕ ਵਕੀਲ ਅਤੁਲ ਕ੍ਰਿਸ਼ਨਾ ਦਾਸ ਨੇ ਹੱਤਕ ਅਦਾਲਤ ਦੀ ਇਹ ਅਰਜ਼ੀ ਦਾਇਰ ਕੀਤੀ ਹੈ। ਉਸ ਦਾ ਕਹਿਣਾ ਹੈ ਕਿ ਮਿ. ਲੇਖੀ ਦੀਆਂ ਕੁਝ ਟਿਪਣੀਆਂ 23 ਜਨਵਰੀ ਨੂੰ ਹਿਦੁਸਤਾਨ ਟਾਈਮਜ਼ ਵਿਚ ਛਪੀਆਂ ਹਨ ਜਿਸ ਅਨੁਸਾਰ ਮਿ. ਲੇਖੀ ਨੇ ਫੈਸਲੇ ਨੂੰ "ਪਾਖੰਡ ਤੇ ਪਾਖੰਡ" ਦੱਸਿਆ ਅਤੇ ਅਦਾਲਤ ਵਿਰੁਧ ਅਪਮਾਨਜਨਕ ਟਿੱਪਣੀਆਂ ਕੀਤੀਆਂ। ਆਪਣੀ ਅਰਜ਼ੀ ਵਿਚ ਮਿ. ਦਾਸ ਨੇ ਕਿਹਾ ਹੈ ਕਿ ਮਿ. ਲੇਖੀ ਦੀਆਂ ਟਿਪਣੀਆਂ ਅਦਾਲਤ ਦੀ ਹੱਤਕ ਕਰਨ ਤੁਲ ਹਨ ਕਿਉਂ ਕਿ ਇਨ੍ਹਾਂ ਟਿੱਪਣੀਆਂ ਰਾਹੀਂ ਜੱਜ ਮਹੇਸ਼ ਚੰਦਰ ਦੀ ਅਦਾਲਤ ਦੀ ਇੱਜ਼ਤ ਘਟਾਈ ਗਈ ਹੈ ਜਾਂ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਮਿ. ਦਾਸ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਹ ਪਟੀਸ਼ਨ ਦਾ "ਜਿਵੇਂ ਹੈ ਤਿਵੇਂ ਹੈ" ਨੋਟਿਸ ਲਵੇ ਜਿਸ ਬਾਰੇ ਜਸਟਿਸ ਲੂਥਰਾ ਨੇ ਕਿਹਾ, "ਅਜਿਹਾ ਕਰਨ ਵਿਚ ਕੋਈ ਕਾਨੂੰਨੀ ਅੜਿਚਣ ਨਹੀਂ।" ਇਸੇ ਦੌਰਾਨ ਦਿੱਲੀ ਹਾਈ ਕੋਰਟ ਨੇ ਕਹੇਰ ਸਿੰਘ ਅਤੇ ਬਲਬੀਰ ਸਿੰਘ ਨੂੰ ਕਾਲ ਕੋਠੜੀਆਂ ਵਿਚੋਂ ਕੱਢਣ ਅਤੇ ਜੇਲ੍ਹ ਵਿਚ "ਬੀ" ਕਲਾਸ ਦੇਣ ਸਬੰਧੀ ਅਰਜ਼ੀ ਉਪਰ ਫੈਸਲਾ ਰਾਖਵਾਂ ਰੱਖਿਆ ਹੈ।

ਗਰਮਦਲੀਆਂ ਨੂੰ ਕੰਪਲੈਕਸ ਛੱਡ ਜਾਣ ਦਾ ਸੱਦਾ

ਫਗਵਾੜਾ — 20 ਸੀਨੀਅਰ ਅਕਾਲੀ ਆਗੂਆਂ ਨੇ ਆਨੰਦਪੁਰ ਸਾਹਿਬ ਵਿਖੇ 'ਸਰਬੱਤ ਖਾਲਸਾ' ਦੇ ਫੈਸਲਿਆਂ ਦਾ ਸਵਾਗਤ ਕਰਦਿਆਂ ਖਾੜਕੂ ਸਿੱਖਾਂ ਨੂੰ ਆਖਿਆ ਹੈ ਕਿ ਉਹ 'ਸਰਬੱਤ ਖਾਲਸਾ' ਦੇ ਨਿਰਦੇਸ਼ ਅਧੀਨ ਹਰਿਮੰਦਰ ਸਾਹਿਬ ਕੰਪਲੈਕਸ ਆਪਣੇ ਆਪ ਛੱਡ ਦੇਣ। ਵੱਖ ਵੱਖ ਪਰ ਇਕੋ ਜਿਹੇ ਜਾਰੀ ਬਿਆਨਾਂ ਵਿਚ ਉਨ੍ਹਾਂ ਕਿਹਾ ਕਿ 'ਸਰਬੱਤ ਖਾਲਸਾ' ਨੇ ਕੁਝ 'ਮਨਮਤੀਆਂ' ਦੇ ਪੰਥ ਵਿਰੋਧੀ ਕੰਮਾਂ ਦਾ ਪਰਦਾ ਫਾਸ਼ ਕੀਤਾ ਹੈ। ਬਿਆਨਾਂ 'ਤੇ ਦਸਖਤ ਕਰਨ ਵਾਲਿਆਂ ਵਿਚ ਸ੍ਰੀ ਸਵਰਨ ਸਿੰਘ ਫਿਲੌਰ(ਵਿਧਾਇਕ), ਸ੍ਰੀ ਬਲਦੇਵ ਸਿੰਘ ਜਨਰਲ ਸਕੱਤਰ ਫਿਲੌਰ ਸਰਕਲ ਜਥਾ, ਸ੍ਰੀ ਸਰੂਪ ਸਿੰਘ ਢੇਸੀ ਸ਼੍ਰੋਮਣੀ ਕਮੇਟੀ ਮੈਂਬਰ, ਸ੍ਰੀ ਹਰਭਜਨ ਸਿੰਘ ਮਹਿਰੂ ਜਨਰਲ ਸਕੱਤਰ ਕਪੂਰਥਲਾ ਜ਼ਿਲਾ ਜਥਾ, ਸ੍ਰੀ ਗੁਰਦਿਆਲ ਸਿੰਘ ਖੇੜਾ ਸੀਨੀਅਰ ਮੀਤ ਪ੍ਰਧਾਨ ਫਗਵਾੜਾ ਸਰਕਲ, ਸ੍ਰੀ ਜਗਤ ਸਿੰਘ ਪਲਾਹੀ ਕਨਵੀਨਰ ਜ਼ਿਲਾ ਸਿੱਖ ਬੁਧੀਜੀਵੀ ਫੋਰਮ ਅਤੇ ਜਰਨੈਲ ਸਿੰਘ ਵਾਹਦ ਵਿੱਤ ਸਕੱਤਰ ਫਗਵਾੜਾ ਐਸੋ: ਦੇ ਨਾਂ ਸ਼ਾਮਲ ਹਨ।

ਪੰਜਾਬ ਵਿਚ ਹੋਰ ਖੰਡ ਮਿਲਾਂ ਲਈ ਲਾਇਸੈਂਸ ਮਿਲਣੇ ਸੰਭਵ

ਚੰਡੀਗੜ੍ਹ — ਪੰਜਾਬ ਨੂੰ ਸੱਤਵੀਂ ਪੰਜ ਸਾਲਾ ਯੋਜਨਾ ਦੌਰਾਨ ਕੇਂਦਰ ਤੋਂ ਕੁਝ ਹੋਰ ਖੰਡ ਮਿਲਾਂ ਲਈ ਲਾਇਸੈਂਸ ਮਿਲਣ ਦੀ ਸੰਭਾਵਨਾ ਹੈ। ਪੰਜਾਬ ਵਿਚ ਕਣਕ ਅਤੇ ਝੋਨੇ ਦੀ ਫਸਲੀ ਚੱਕਰ ਹੇਠ ਰਕਬਾ ਘਟਾਉਣ ਲਈ ਗੰਨੇ ਦੀ ਖੇਤੀ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ। ਰਾਜ ਵਿਚ ਅਗਲੇ ਛੇ ਮਹੀਨਿਆਂ ਦੌਰਾਨ ਤਿੰਨ ਹੋਰ ਖੰਡ ਮਿਲਾਂ ਲਗ ਜਾਣ ਦੀ ਉਮੀਦ ਹੈ। ਇਨ੍ਹਾਂ ਸੂਤਰਾਂ ਅਨੁਸਾਰ ਇਕ ਮਿਲ ਦੇ ਲੱਗਣ ਨਾਲ ਸਾਢੇ ਬਾਂਰਾਂ ਹਜ਼ਾਰ ਏਕੜ ਰਕਬਾ ਗੰਨੇ ਦੀ ਕਾਸ਼ਤ ਹੇਠ ਵਧ ਜਾਂਦਾ ਹੈ। ਗੰਨਾ ਵਧੇਰੇ ਆਉਦ ਨਾਲ ਖੰਡ ਸਾਰੀ ਸਨਅਤ ਨੂੰ ਵੀ ਉਤਸ਼ਾਹ ਮਿਲੇਗਾ। ਦੋਰਾਹਾ, ਫਾਜ਼ਿਲਕਾ, ਜ਼ੀਰੋਂ, ਅੰਮ੍ਰਿਤਸਰ ਅਤੇ ਨਕੋਦਰ ਵਿਚ ਮਿਲਾਂ ਲਈ ਕੰਮ ਚਲ ਰਿਹਾ ਹੈ। ☬

☬ ਤੇਲ ਬੀਜਾਂ ਹੇਠਾਂ ਵੀ ਰਕਬਾ ਵਧਾਇਆ ਜਾ ਰਿਹਾ ਹੈ। ਐਤਕੀਂ ਢਾਈ ਲੱਖ ਟਨ ਤੇਲ ਬੀਜਾਂ ਦਾ ਉਤਪਾਦਨ ਹੋਣ ਦੀ ਆਸ ਹੈ। ਖੇਤੀ ਮਾਹਿਰਾਂ ਨੇ ਸਰਕਾਰ ਨੂੰ ਸਲਾਹ ਦਿਤੀ ਹੈ ਕਿ ਬਹੁਫਸਲੀ ਚੱਕਰ ਨੂੰ ਉਤਸ਼ਾਹਤ ਕਰਨ ਲਈ ਕਿਸਾਨਾਂ ਨੂੰ ਫਸਲਾਂ ਦੇ ਲਾਹੇਵੰਦ ਭਾਅ ਦਿੱਤੇ ਜਾਣ।

ਨੌਜਵਾਨ ਸਿੱਖ ਰਾਜਨੀਤਕ ਸ਼ਕਤੀ

ਜਸਬੀਰ ਸਿੰਘ ਦੁਸਾਂਝ

ਕਿਸੇ ਦੇਸ਼ ਦੇ ਬੁਨਿਆਦੀ ਤੌਰ ਤੇ ਸਮਾਜਿਕ ਅਤੇ ਆਰਥਿਕ ਸੰਕਟਾਂ ਦੀ ਝਲਕ ਉਥੇ ਦੇ ਨੌਜਵਾਨਾਂ ਦੇ ਵਿਦਰੋਹ ਜਾਂ ਉਭਾਰ ਦੀ ਸ਼ਕਲ ਵਿਚ ਵੇਖੀ ਜਾ ਸਕਦੀ ਹੈ। ਇਹੀ ਵਜ੍ਹਾ ਹੈ ਕਿ ਨੌਜਵਾਨ ਹਮੇਸ਼ਾਂ ਸਮਾਜਿਕ ਪਰੀਵਰਤਣ ਜਾਂ ਇਨਕਲਾਬ ਦੀ ਰੀੜ੍ਹ ਦੀ ਹੱਡੀ ਰਹੇ ਹਨ। ਕਿਉਂਕਿ ਸਮਾਜਿਕ ਆਰਥਿਕ ਅਤੇ ਹਾਲਤਾਂ ਬੁਨਿਆਦੀ ਤੌਰ ਤੇ ਰਾਜਨੀਤਕ ਹਾਲਤਾਂ ਦਾ ਨਿਰਭਰ ਕਰਦੀਆਂ ਹਨ, ਇਸ ਲਈ ਇਹ ਕੁਦਰਤੀ ਹੈ ਕਿ ਸਮਾਜਿਕ ਪਰੀਵਰਤਨ ਦੇ ਨਾਲ ਨਾਲ ਸਾਰੀ ਰਾਜਨੀਤਕ ਸਤਾ ਦਾ ਇਨਕਲਾਬ ਹੋਵੇ, ਕਿਉਂਕਿ ਇਹ ਸਿਰਫ ਰਾਜਨੀਤਕ ਹਾਲਤਾਂ ਹੀ ਹਨ ਜਿਹਨਾਂ ਨੇ ਆਰਥਿਕ ਅਤੇ ਸਮਾਜਿਕ ਹਾਲਤਾਂ ਲਈ ਅਧਾਰ ਮੁਹਇਆ ਕਰਨਾ ਹੈ। ਸਮਾਜ ਵਿਚ ਧਨ ਅਤੇ ਕੰਮ ਦੀ ਕਾਣੀ ਵੰਡ ਮਾਇਆ ਦੇ ਮੌਜੂਦਾ ਨਿਜ਼ਾਮ ਦੀ ਸਭ ਤੋਂ ਵੱਡੀ ਦੇਣ ਹੈ। ਮਾਇਆ ਦਾ ਨਿਜ਼ਾਮ ਮਨੁੱਖ ਦੀ ਸੋਚਣ ਸ਼ਕਤੀ ਇਸ ਤਰ੍ਹਾਂ ਬਦਲ ਦਿੰਦਾ ਹੈ ਕਿ ਮਨੁੱਖ ਮਾਇਆ ਤੋਂ ਬਿਨਾਂ ਹੋਰ ਕੁਝ ਸੋਚ ਹੀ ਨਹੀਂ ਸਕਦਾ। ਮਾਇਆ ਹੀ ਉਸਦਾ ਧਰਮ ਹੈ, ਮਾਇਆ ਹੀ ਉਸਦਾ ਇਮਾਨ ਹੈ, ਅਤੇ ਇਸ ਨੂੰ ਕਮਾਉਣ ਵਾਸਤੇ ਮਨੁੱਖ ਕੂੜ ਅਤੇ ਪਾਪ ਦਾ ਆਸਰਾ ਲੈਂਦਾ ਹੈ ਇਸ ਲਈ ਕੁਦਰਤੀ ਹੈ ਕਿ ਇਹੋ ਜਿਹੇ ਨਿਜ਼ਾਮ ਵਿਚ ਉਹ ਮਨੁੱਖ ਜਿਸ ਪਾਸ ਸਾਧਨ ਆ ਜਾਂਦੇ ਹਨ ਉਹ ਦੂਸਰੇ ਦੀ ਲੁੱਟ ਕਰੇਗਾ, ਦੂਸਰੇ ਦੀ ਬੁਰਕੀ ਖੋਹੇਗਾ, ਸ਼ੋਸ਼ਨ ਕਰੇਗਾ, ਉਸ ਨੂੰ ਗਰੀਬ ਬਣਾਏਗਾ ਅਤੇ ਆਪ ਮਾਇਆਧਾਰੀ ਬਣੇਗਾ। ਇਸ ਨਾਲ ਸਮਾਜਿਕ ਨਾਬਰਾਬਰੀ, ਅਨਿਆਏ, ਭ੍ਰਿਸ਼ਟਾਚਾਰੀ, ਚੋਰ ਬਾਜ਼ਾਰੀ, ਮਿਲਾਵਟਖੋਰੀ, ਅਤੇ ਬੇਰੁਜ਼ਗਾਰੀ ਆਦਿ ਪੈਦਾ ਹੋਣਗੇ ਅਤੇ ਇਹ ਸਭ ਸਮਾਜਿਕ ਅਤੇ ਆਰਥਿਕ ਸੰਕਟ ਦਾ ਸੰਕੇਤ ਹਨ।

ਨੌਜਵਾਨ ਪੀੜ੍ਹੀ ਇਮਾਨਦਾਰ ਹੁੰਦੀ ਹੈ, ਉਸ ਵਿਚ ਕੰਮ ਦੀ ਲਗਨ ਹੁੰਦੀ ਹੈ। ਆਪਣੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਜਦ ਉਸ ਨੂੰ ਬੇਰੁਜ਼ਗਾਰੀ ਵਰਗੀ ਮੰਦੀ ਹਾਲਤ ਵਿਚੋਂ ਨਿਕਲਣਾ ਪੈਂਦਾ ਹੈ ਤਾਂ ਇਹ ਪੀੜ੍ਹੀ ਸੋਚਦੀ ਹੈ ਕਿ ਜ਼ਰੂਰ ਕਿਤੇ ਸਿਆਸੀ ਅਤੇ ਸਮਾਜਿਕ ਹਾਲਤ ਵਿਚ ਘਪਲਾ ਹੈ ਜਿਸ ਨਾਲ ਮੈਂ ਦੁਖੀ ਹਾਂ। ਕਿਉਂ ਨਾ ਇਹੋ ਜਿਹੀ ਹਾਲਤ ਹੋਵੇ ਜਿਸ ਨਾਲ ਮੈਂ, ਮੇਰੇ ਸਾਥੀ, ਮੇਰਾ ਪ੍ਰਵਾਰ, ਖੁਸ਼ਗਵਾਰ ਜ਼ਿੰਦਗੀ ਬਤੀਤ ਕਰ ਸਕੇ।

ਇਹੀ ਧਾਰਨਾ ਨੌਜਵਾਨਾਂ ਵਿਚ ਨਵੇਂ ਸਮਾਜ ਦੀ ਉਸਾਰੀ ਵਲ ਪ੍ਰੇਰਦੀ ਹੈ ਜਿਸ ਵਿਚ ਹਰ ਇਕ ਨੂੰ ਰੁਜ਼ਗਾਰ ਮਿਲ ਸਕੇ, ਰੋਟੀ, ਕੱਪੜਾ, ਮਕਾਨ ਮਿਲ ਸਕੇ, ਵਿਦਿਅਕ ਅਤੇ ਡਾਕਟਰੀ ਸਹੂਲਤਾਂ ਮਿਲ ਸਕਣ, ਕੋਈ ਕਿਸੇ ਦੀ ਬੁਰਕੀ ਨਾ ਖੋਹੇ ਕਿਸੇ ਦਾ ਸ਼ੋਸ਼ਨ ਨਾ ਕਰੇ ਆਦਿ। ਨੌਜਵਾਨਾਂ ਪਾਸ ਹੋਰ ਕੋਈ ਰਸਤਾ ਨਹੀਂ ਇਹੋ ਜਿਹਾ ਸਮਾਜ ਉਸਾਰਨ ਲਈ ਸਿਰਫ ਇਹੀ ਕਿ ਪਹਿਲਾਂ ਰਾਜ ਸਤਾ ਹਥਿਆਈ ਜਾਵੇ ਜਿਸ ਦੌਰਾਨ ਮਾਇਆ ਦਾ ਨਿਜ਼ਾਮ ਅਤੇ ਇਸਦੇ ਪੁਰਜ਼ੇ ਖਤਮ ਕੀਤੇ ਜਾਣ ਅਤੇ ਫਿਰ ਆਪਣੇ ਸੁਫਨਿਆਂ ਦਾ ਸਮਾਜ ਉਸਾਰਿਆ ਜਾਵੇ ਜੋ ਸ਼ੁੱਧ ਖਾਲਸ ਲੋਕਾਂ ਦਾ ਰਾਜ ਹੋਵੇ, ਤਸਕਰਾਂ, ਬੇਈਮਾਨਾਂ, ਲੁਟੇਰਿਆਂ ਦਾ ਰਾਜ ਨਾ ਹੋਵੇ

ਇਥੇ ਕਬੀਰ ਜੀ ਦਾ ਸਲੋਕ ਇਹੋ ਜਿਹੇ ਸਮਾਜ ਦੀ ਉਸਾਰੀ ਲਈ ਕਾਫੀ ਹੈ

ਕਬੀਰ ਧਰਤੀ ਸਾਧ ਕੀ,
ਤਸਕਰ ਬੈਸਹਿ ਗਾਹੈ ॥

ਇਹ ਧਰਤੀ ਭਾਵ ਸਮਾਜ ਸਾਧਾਂ ਦਾ ਹੈ ਭਾਵ ਗੁਰਮੁਖ ਲੋਕਾਂ ਦਾ ਹੈ, ਮਿਹਨਤਕਸ਼, ਇਮਾਨਦਾਰ ਲੋਕਾਂ ਦਾ ਹੈ ਪਰ ਤਸਕਰਾਂ ਨੇ ਆਣ ਮਲਿਆ ਹੈ, ਚੋਰਾਂ ਨੇ ਆਣ ਮਲਿਆ ਹੈ। ਇਥੇ ਗੁਰਬਾਣੀ ਵੰਗਾਰਦੀ ਹੈ ਕਿ ਐ ਲੋਕੋ ਇਹ ਤਸਕਰ ਭਾਵ ਸਮਗਲਰ, ਲੁਟੇਰੇ, ਚੋਰ, ਬੇਈਮਾਨ, ਭ੍ਰਿਸ਼ਟ, ਅਥਵਾ ਮਾਇਆਧਾਰੀ ਇਸ ਧਰਤੀ ਤੋਂ ਖਤਮ ਕਰਨੇ ਹੋਣਗੇ ਅਤੇ ਸਾਧ ਭਾਵ ਗੁਰਮੁਖ ਦਾ ਸਮਾਜ ਜਾਂ ਰਾਜ ਉਸਾਰਨਾ ਹੋਵੇਗਾ। ਇਸ ਧਾਰਨਾਂ ਨੂੰ ਲੈ ਕੇ ਅਤੇ ਪ੍ਰਚਲਤ ਕਾਨੂੰਨ ਜਾਂ ਨਿਜ਼ਾਮ ਵਾਸਤੇ ਇਕ ਚਨੌਤੀ ਬਣ ਜਾਂਦੀ ਹੈ।

ਸਮੁਚੇ ਭਾਰਤ ਵਿਚ ਵੀ ਨੌਜਵਾਨ ਵਰਗ ਤਸਕਰਾਂ ਦਾ ਭਾਵ ਮਾਇਆਧਾਰੀਆਂ ਦਾ ਰਾਜ ਖਤਮ ਕਰਕੇ ਗੁਰਮੁਖਾਂ ਭਾਵ ਸਾਧਾਂ ਦਾ ਜਾਂ ਮਿਹਨਤਕਸ਼ ਲੋਕਾਂ ਦਾ ਰਾਜ ਸਥਾਪਤ ਕਰਨਾ ਲੋਚਦਾ ਹੈ।

ਮੌਜੂਦਾ ਹਾਲਤਾਂ ਵਿਚ ਨੌਜਵਾਨ ਵਰਗ ਦੀਆਂ ਤਿੰਨ ਧਿਰਾਂ ਸਾਡੇ ਸਾਹਮਣੇ ਪੇਸ਼ ਹਨ। ਇਹ ਤਿੰਨ ਧਿਰਾਂ ਮਹਿਸੂਸ ਕਰਦੀਆਂ ਹਨ ਕਿ ਸਮੁਚੇ ਭਾਰਤ ਵਿਚ ਮਾਇਆ ਦੇ ਨਿਜ਼ਾਮ ਦੀ ਸਭ ਤੋਂ ਵੱਡੀ ਪੈਦਾਵਾਰ ਹਿੰਦੂਵਾਦ ਜਾਂ ਬ੍ਰਾਹਮਣਵਾਦ ਹੈ ਜਿਸ ਨੇ ਮਨੁੱਖਤਾ ਨੂੰ ਵੱਖੋ ਵੱਖਰੇ ਵਰਗਾਂ ਵਿਚ ਵੰਡਿਆ ਹੋਇਆ ਹੈ ਅਤੇ ਵੰਡਦਾ ਆ ਰਿਹਾ ਹੈ। ਇਸ ਤਰ੍ਹਾਂ ਇਕ ਨੌਜਵਾਨ ਧਿਰ ਉਹ ਵੀ ਹੈ ਜੋ ਮਾਇਆ ਦੇ ਇਸ ਨਿਜ਼ਾਮ ਜਾਂ ਬ੍ਰਾਹਮਣਵਾਦ ਦੀ ਪੈਰੋਕਾਰ ਹੈ, ਇਹ ਪੀੜ੍ਹੀ ਪ੍ਰਚਲਤ ਕਾਨੂੰਨ ਨੂੰ ਪਕਿਆਂ ਕਰਨ ਤੇ ਟੇਕ ਰਖਦੀ ਹੈ ਇਸ ਲਈ ਅਸੀਂ ਇਸ ਨੂੰ ਇਨਕਲਾਬੀ ਨਹੀਂ ਆਖ ਸਕਦੇ। ਸੋ ਇਥੇ ਅਸੀਂ ਸਿਰਫ ਨੌਜਵਾਨ ਇਨਕਲਾਬੀ ਪੀੜ੍ਹੀ ਦੀ ਹੀ ਗਲ ਕਰ ਰਹੇ ਹਾਂ ਜੋ ਸਾਡੇ ਖਿਆਲ ਮੁਤਾਬਿਕ ਤਿੰਨ ਧਿਰਾਂ ਵਿਚ ਹੈ। ਇਕ ਧਿਰ ਪੰਜਾਬ ਵਿਚ ਸਿੱਖ ਨੌਜਵਾਨ ਹੈ, ਦੂਸਰੀ ਧਿਰ ਸਮੁੱਚੇ ਭਾਰਤ ਵਿਚ ਦਲਤ ਵਰਗ ਹੈ ਜਿਸ ਨੇ ਡੰਕਾ ਵਜਾ ਦਿਤਾ ਹੈ ਕਿ ਉਹ ਹਿੰਦੂਵਾਦ ਦਾ ਹਿਸਾ ਨਹੀਂ ਹੈ, ਤੀਸਰੀ ਧਿਰ ਮਾਰਕਸਵਾਦੀ ਲੈਨਿਨਵਾਦੀ ਇਨਕਲਾਬੀ ਅਤੇ ਅਗਾਂਹ ਵਧੂ ਅਨਸਰ ਹਨ।

ਪਿਛਲੇ ਚਾਰ ਸਾਲ ਦੀਆਂ ਘਟਨਾਵਾਂ, ਨੀਲਾ ਤਾਰਾ ਅਪਰੇਸ਼ਨ, ਨਵੰਬਰ ਦੇ ਦੰਗਿਆਂ ਦੀਆਂ ਵਾਰਦਾਤਾਂ ਨੇ ਸਿੱਖ ਘੱਟਗਿਣਤੀ ਦੀ ਮੌਜੂਦਾ ਸਟੇਟ ਨਾਲ ਜੋ ਵਿਰੋਧਤਾਈ ਪੇਸ਼ ਕੀਤੀ ਹੈ ਉਸ ਨੇ ਸਿੱਖ ਨੌਜਵਾਨਾਂ ਨੂੰ ਸਮੁਚੇ ਭਾਰਤ ਵਿਚਲੀਆਂ ਦੂਸਰੀਆਂ ਧਿਰਾਂ ਜਿਵੇਂ ਦਲਤ ਵਰਗ ਅਤੇ ਦੂਸਰੇ ਇਨਕਲਾਬੀ ਗਰੁੱਪਾਂ ਦੀ ਅਗਵਾਈ ਲਈ ਪਰੇਰਿਆ ਹੈ। ਹੁਣ ਵੇਖਣਾ ਇਹ ਹੈ ਕਿ ਕੀ ਸਿੱਖ ਨੌਜਵਾਨ ਲੀਡਰਸ਼ਿਪ ਮਾਇਆਧਾਰੀ ਦੇ ਹੱਥਾਂ ਵਿਚ ਖੇਡ ਕੇ ਮਾਇਆ ਦੇ ਨਿਜ਼ਾਮ ਨੂੰ ਪਕਿਆਂ ਕਰਦੀ ਹੈ ? ਜਾਂ ਬਤੌਰ ਸਮੁੱਚੇ ਭਾਰਤ ਦੇ ਇਨਕਲਾਬੀਆਂ ਦੇ ਨੇਤਾ ਵਜੋਂ ਉਭਰਕੇ ਮਾਇਆ ਦੇ ਇਸ ਨਿਜ਼ਾਮ ਨੂੰ ਤਹਿਸ ਨਹਿਸ ਕਰਕੇ ਗੁਰਮੁਖ ਦਾ ਸਮਾਜ ਉਸਾਰਨ ਵਲ ਵਧਦੀ ਹੈ।

ਜਿਥੋਂ ਤੱਕ ਪੰਜਾਬ ਵਿਚ ਸਿੱਖ ਨੌਜਵਾਨ ਉਭਾਰਦਾ ਸੰਬੰਧ ਹੈ, ਆਜ਼ਾਦੀ ਤੋਂ ਬਾਅਦ ਇਸ ਨੂੰ ਅਸੀਂ ਤਿੰਨ ਪੜਾਵਾਂ ਵਿਚ ਵੰਡ ਸਕਦੇ ਹਾਂ। ਪਹਿਲੇ ਪੜਾਅ ਵਿਚ ਪੰਜਾਹਵੇਂ ਅਤੇ ਸਠਵੇਂ ਦਹਾਕੇ ਦੀ ਨੌਜਵਾਨ ਪੀੜ੍ਹੀ ਹੈ, ਜੋ ਮਾਰਕਸੀ ਵਿਚਾਰਧਾਰਾ ਦੇ ਅਸਰ ਹੇਠ ਜ਼ਿਆਦਾਤਰ ਲਾਮਬੰਦ ਰਹੀ। ਦੂਜੇ ਪੜਾਅ ਵਿਚ ਸਤਰਵੇਂ ਦਹਾਕੇ ਵਿਚ ਨੌਜਵਾਨ ਉਭਾਰ ਜਨਤਾ ਲਹਿਰ ਨਾਲ ਜਾ ਜੁੜਿਆ। ਤੀਸਰੇ ਅੱਸੀਵੀਆਂ ਦੇ ਸ਼ੁਰੂ ਵਿਚ ਹੀ ਪੰਜਾਬ ਵਿਚ ਸਿੱਖਾਂ ਦੀ ਨੁਮਾਇੰਦਾ ਪਾਰਟੀ ਅਕਾਲੀ ਦਲ ਵਲੋਂ ਅਨੰਦਪੁਰ ਮਤੇ ਦੀ ਪ੍ਰਾਪਤੀ ਲਈ ਇਕ ਮੋਰਚਾ ਲਾਇਆ ਗਿਆ ਜਿਸ ਨੂੰ ਧਰਮਯੁੱਧ ਮੋਰਚਾ ਵੀ ਕਿਹਾ ਜਾਂਦਾ ਹੈ। ਇਸ ਮੋਰਚੇ ਦੇ ਸ਼ੁਰੂ ਹੋਣ ਨਾਲ ਹੀ ਸਿੱਖ ਨੌਜਵਾਨ ਵਰਗ ਜੋ ਕਿ ਬੇਰੁਜ਼ਗਾਰੀ ਕਾਰਨ ਸਮਾਜਿਕ ਹਾਲਤਾਂ ਤੋਂ ਕਾਫੀ ਦੁਖੀ ਸੀ ਅਤੇ ਜਿਸ ਨੂੰ ਖੱਬੀ ਧਿਰ ਅਤੇ ਜਨਤਾ ਲਹਿਰ ਉਦਾਸ ਕਰ ਚੁਕੀ ਸੀ ਨੂੰ ਕਾਫੀ ਉਤਸ਼ਾਹ ਮਿਲਿਆ। ਨੌਜਵਾਨ ਪੂਰੇ ਜੋਸ਼ ਨਾਲ ਧਰਮ ਯੁੱਧ ਮੋਰਚੇ ਵਿਚ ਕੁਦਿਆ। ਇਸ ਵਰਗ ਦੀ ਅਗਵਾਈ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਜੋ ਕਿ ਇਸ ਮੋਰਚੇ ਤੋਂ ਪਹਿਲਾਂ ਸੀਮਤ ਕਾਰਜ ਖੇਤਰ ਤਕ ਹੀ ਸੀ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਨ ਸਿੰਘ ਭਿੰਡਰਾਂਵਾਲੇ ਕਰ ਰਹੇ ਸਨ। ਵੈਸੇ AISSF ਨਰਮ ਖਿਆਲੀ ਅਕਾਲੀ ਦਲ ਦਾ ਵਿਦਿਆਰਥੀ ਵਿੰਗ ਸੀ, ਪਰ ਸੰਨ 1980 ਤੋਂ ਬਾਅਦ ਜਦੋਂ ਇਸ ਦੀ ਅਗਵਾਈ ਭਾਈ ਅਮਰੀਕ ਸਿੰਘ, ਹਰਵਿੰਦਰ ਸਿੰਘ ਖਾਲਸਾ, ਹਰਿਦਰ ਸਿੰਘ ਕਾਹਲੋਂ, ਹਰਮਿੰਦਰ ਸਿੰਘ ਸੰਧੂ, ਭਾਈ ਮਨਜੀਤ ਸਿੰਘ, ਰਾਜਿੰਦਰ ਸਿੰਘ ਮਹਿਤਾ ਆਦਿ ਨੇਤਾ ਕਰਨ ਲਗੇ ਤਾਂ ਇਹ ਗਰਮ ਧੜਾ ਜਿਸ ਦੀ ਅਗਵਾਈ ਸੰਤ ਭਿੰਡਰਾਂਵਾਲੇ ਕਰ ਰਹੇ ਸਨ ਨਾਲ ਜਾ ਲਗੀ ਅਤੇ ਧਰਮ ਯੁੱਧ ਮੋਰਚੇ ਵਿਚ ਪੂਰੀ ਸਰਗਰਮੀ ਨਾਲ ਹਿਸਾ ਲੈਣ ਲਗੀ। ਪਿਛਲੇ ਚਾਰ ਸਾਲ ਵਿਚ AISSF ਦਾ ਦਾਇਰਾ ਇਤਨਾ ਵਧਿਆ ਕਿ ਇਹ ਸਮੁੱਚੇ ਪੰਜਾਬ ਵਿਚ ਸਿੱਖ ਨੌਜਵਾਨਾਂ ਨੂੰ ਬਹੁਗਿਣਤੀ ਵਿਚ ਆਪਣੀ ਲਪੇਟ ਵਿਚ ਲੈ ਗਈ ਅਜ ਕਲ ਇਹ ਜਥੇਬੰਦੀ ਇਕ ਰਾਜਸੀ ਸ਼ਕਤੀ ਵਜੋਂ ਉਭਰ ਰਹੀ ਹੈ।



ਯੂਥ ਵਿੰਗ ਸ਼ਰੋਮਣੀ ਅਕਾਲੀਦਲ ਦੀ ਇਕ ਕਨਵੈਨਸ਼ਨ ਵਿਚ ਯੂਥ ਵਿੰਗ ਦੇ ਪ੍ਰਧਾਨ ਸ: ਪ੍ਰੇਮ ਸਿੰਘ ਚੰਦੂਮਾਜਰਾ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ। ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਤਸਵੀਰ ਵਿਚ ਦਿਖਾਈ ਦੇ ਰਹੇ ਹਨ।

ਇਸੀ ਸਮੇਂ ਦੌਰਾਨ ਹੀ ਸਿੱਖ ਨੌਜਵਾਨਾਂ ਦਾ ਇਕ ਉਹ ਹਿਸਾ ਜੋ ਪੜ੍ਹਾਈ ਖਤਮ ਕਰ ਚੁੱਕਾ ਸੀ ਅਤੇ ਉਹਨਾਂ ਵਿਚੋਂ ਬਹੁ ਗਿਣਤੀ ਉਹਨਾਂ ਲੋਕਾਂ ਦੀ ਸੀ ਜੋ ਵਿਦਿਆਰਥੀ ਜੀਵਨ ਵਿਚ ਖੱਬੇ ਪੱਖੀ ਜਥੇਬੰਦੀਆਂ ਦੇ ਸਰਗਰਮ ਕਾਰਕੁੰਨ ਰਹੇ ਸਨ, ਅਨੰਦਪੁਰ ਮਤੇ ਨੂੰ ਇਕ ਅਗਾਂਹ ਵਧੂ ਪ੍ਰਸਤਾਵ ਮੰਨਦੇ ਹੋਏ, ਇਸਦੀ ਪੂਰਤੀ ਲਈ ਯੂਥ ਵਿੰਗ ਸ਼ਰੋਮਣੀ ਅਕਾਲੀ ਦਲ ਦੀ ਸ਼ਕਲ ਵਿਚ ਧਰਮ ਯੁੱਧ ਮੋਰਚੇ ਵਿਚ ਕੁੱਦਿਆ। ਇਸ ਦੀ ਅਗਵਾਈ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਸ: ਹਰਜੀਤ ਸਿੰਘ ਝਬਾਲ, ਗੁਰਸ਼ਰਨ ਸਿੰਘ ਸਹਿਸਰਾ, ਇੰਦਰਜੀਤ ਸਿੰਘ ਬਾਸਰਕੇ, ਇੰਦਰਜੀਤ ਸਿੰਘ ਬਾਗੀ, ਗੋਬਿੰਦ ਸਿੰਘ ਕਾਂਝਲਾ ਆਦਿ ਨੇਤਾ ਕਰ ਰਹੇ ਸਨ। ਯੂਥ ਵਿੰਗ ਅਕਾਲੀ ਦਲ ਦੀ ਮਹੱਤਤਾ ਉਸ ਵੇਲੇ ਸਾਹਮਣੇ ਆਈ ਜਦ ਮਈ 1985 ਵਿਚ ਅਕਾਲੀ ਰਾਜਨੀਤੀ ਵਿਚ ਬਾਬਾ ਜੋਗਿੰਦਰ ਸਿੰਘ ਦੀ ਅਗਵਾਈ ਹੇਠ 9 ਮੈਂਬਰੀ ਕਮੇਟੀ ਨੇ ਭੂਚਾਲ ਪੈਦਾ ਕਰ ਦਿੱਤਾ। ਸ਼ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਲੀਡਰ ਸੰਤ ਹਰਚੰਦ ਸਿੰਘ ਲੌਂਗੋਵਾਲ, ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ: ਪ੍ਰਕਾਸ਼ ਸਿੰਘ ਬਾਦਲ ਅਸਤੀਫੇ ਦੇ ਕੇ 60 ਸਾਲ ਪੁਰਾਣੀ ਚਲੀ ਆ ਰਹੀ ਜਥੇਬੰਦੀ ਦੀ ਵਾਗਡੋਰ ਛੱਡਣ ਲਈ ਤਿਆਰ ਹੋ ਗਏ। ਉਸ ਵਕਤ ਯੂਥ ਵਿੰਗ ਮੈਦਾਨ ਵਿਚ ਕੁੱਦਿਆ ਅਤੇ ਠੋਕ ਕੇ ਸੰਤ ਲੌਂਗੋਵਾਲ ਦੀ ਪਿੱਠ ਤੇ ਆਣ ਖੜਾ ਹੋਇਆ ਅਤੇ ਅਕਾਲੀ ਦਲ ਲੌਂਗੋਵਾਲ ਨੂੰ ਮੁੜ ਪੈਰਾਂ ਤੇ ਖੜਾ ਕਰਨ ਵਿਚ ਕਾਮਯਾਬ ਹੋਇਆ।

ਸਿੱਖ ਨੌਜਵਾਨਾਂ ਦੀਆਂ ਇਹ ਦੋ ਜਥੇਬੰਦੀਆਂ ਖਾੜਕੂ ਜਥੇਬੰਦੀਆਂ ਹਨ ਜੋ ਕਿ ਇਸ ਵਕਤ ਇਕ ਨਵੀਂ ਰਾਜਸੀ ਧਿਰ ਵਜੋਂ ਉਭਰ ਕੇ ਸਾਹਮਣੇ ਆਈਆਂ ਹਨ। ਇਹ ਜਥੇਬੰਦੀਆਂ ਬਹੁਤ ਕੁਝ ਕਰ ਸਕਦੀਆਂ ਹਨ। ਸਮੁਚੇ ਭਾਰਤ ਦੇ ਨੌਜਵਾਨ ਇਨਕਲਾਬੀ ਅਤੇ ਦਲਤ ਵਰਗ ਇਹਨਾਂ ਵਲ ਵੇਖ ਰਹੇ ਹਨ ਕਿ ਇਹ ਮਾਇਆ ਦੇ ਇਸ ਵਰਤਮਾਨ ਨਿਜ਼ਾਮ ਜਿਸਦੀ ਸਭ ਤੋਂ ਵੱਡੀ ਪੈਦਾਵਾਰ ਬ੍ਰਾਹਮਣਵਾਦ ਹੈ ਨੂੰ ਖਤਮ ਕਰਨ ਵਿਚ ਅਗਵਾਈ ਦੇਣ ਦੇ ਕਾਬਲ ਹਨ ਕਿ ਨਹੀਂ।

ਜ਼ਰੂਰਤ ਹੈ ਇਸ ਨੌਜਵਾਨ ਵਰਗ ਨੂੰ ਸਿਧਾਂਤਕ ਸੇਧ ਲੈਣ ਦੀ, ਜੋ ਕਿ ਗੁਰਬਾਣੀ ਦੇ ਬੁਨਿਆਦੀ ਸਿਧਾਂਤ ਤੋਂ ਲਈ ਜਾ ਸਕਦੀ। ਹੁਣ ਵੇਖਣਾ ਹੈ ਕਿ ਇਹ ਸਿੱਖ ਵਰਗ ਪਿਛਲੇ ਚਾਰ ਸਾਲਾਂ ਦੀਆਂ ਹਾਲਤਾਂ ਤੋਂ ਪੈਦਾ ਹੋਏ ਸੰਕਟ ਦੀ ਬੁਨਿਆਦ ਮਾਇਆ ਦੇ ਇਸ ਮੌਜੂਦਾ ਨਿਜ਼ਾਮ ਨੂੰ ਸਮਝਦਾ ਹੈ ਕਿ ਨਹੀਂ। ਨੌਜਵਾਨ ਸਿੱਖ ਵਰਗ ਨੂੰ ਗੁਰਬਾਣੀ ਵਿਚ ਦਰਜ ਗੁਰਮੁੱਖ ਅਤੇ ਮਨਮੁੱਖ ਦੀ ਵੰਡ ਨੂੰ ਸਮਝਣਾ ਹੋਵੇਗਾ ਅਤੇ ਬੀਮਾਰੀ ਦੀ ਅਸਲੀ ਜੜ੍ਹ ਇਹ ਮੌਜੂਦਾ ਮਨਮੁੱਖ ਲੋਕ ਜਾਂ ਮਾਇਆਧਾਰੀਆਂ ਦੇ ਸਮਾਜਿਕ ਪ੍ਰਬੰਧ ਨੂੰ ਬਦਲਕੇ ਗੁਰਮੁੱਖ ਦੇ ਸਮਾਜਿਕ ਪ੍ਰਬੰਧ ਨੂੰ ਉਸਾਰਨ ਤੇ ਟੇਕ ਰੱਖਣੀ ਹੋਵੇਗੀ ਤਾਂ ਹੀ ਅਸੀਂ ਗੁਰਬਾਣੀ ਵਿਚ ਦਰਜ ਵਿਸ਼ਵ-ਵਿਆਪੀ ਅਤੇ ਸਰਵਕਾਲੀ ਵਿਚਾਰ-ਧਾਰਾ ਨੂੰ ਅਮਲੀ ਜਾਮਾ ਪਹਿਨਾ ਸਕਾਂਗੇ ਅਤੇ ਜਿਸ ਕਾਜ਼ ਲਈ ਦਸ ਗੁਰੂ ਸਾਹਿਬਾਨ ਨੇ ਇਹ ਲਹਿਰ ਸ਼ੁਰੂ ਕੀਤੀ ਸੀ ਉਸ ਕਾਜ਼ ਨੂੰ ਪੂਰਾ ਕਰ ਸਕਾਂਗੇ ਤਾਂ ਹੀ ਇਥੇ ਖਾਲਸ ਲੋਕਾਂ ਦਾ ਰਾਜ (ਖਾਲਸਾ ਰਾਜ) ਉਸਰੇਗਾ ਜੋ ਸਿਰਫ ਪੰਜਾਬ ਵਿਚ ਹੀ ਨਹੀਂ ਵਿਸ਼ਵ ਭਰ ਵਿਚ ਹੋਵੇਗਾ।

ਸਰਵੇਖਣ

ਹਟ ਜਾ ਸਜਣਾ ਦਰਦ ਨਾ ਛੇੜ
ਨਾ ਤੂੰ ਦਿਲ ਦੇ ਜ਼ਖਮ ਉਚੇੜ

ਭਾਸ਼ਾਈ ਸਰਵੇਖਣ ਕਰ ਕੇ
ਦਿੱਤੈ ਕਜੀਆ ਨਵਾਂ ਸਹੇੜ

ਚੰਗਾ ਸੀ ਦੋ ਦਿਲ ਮਿਲ ਜਾਂਦੇ
ਕਿਉਂ ਤੂੰ ਪਾਉਣੈ ਦਿਲੀਂ ਤ੍ਰੇੜ

ਤੂੰ ਨਈਂ ਕਦੀ ਏਕਤਾ ਚਾਹੀ
ਤੂੰ ਚਾਹੀ ਹੈ ਸਦਾ ਦੁਫੇੜ

ਅੱਗੇ ਵੀ ਹਨ ਦਾਗ ਹਜ਼ਾਰਾਂ
ਅਪਣਾ ਮੂੰਹ ਨਾ ਹੋਰ ਲਬੇੜ

ਚੰਡੀਗੜ੍ਹ ਪਿੱਛੇ ਫਾਜ਼ਿਲਕਾ
ਨਾਲ ਅਬੋਹਰ ਦਿੱਤਾ ਰੇੜ੍ਹ

ਕੱਤਆ

ਅਗਲੀ ਪੀੜ੍ਹੀ ਪਾ ਨ ਦੇਵੇ
ਅੜਿਆ ਸਾਡੇ ਪਿੱਛੇ ਚੇੜ

ਫਿਰ ਜੋ ਸੀਣਾਂ ਪਊ ਦੁਬਾਰਾ
ਇਹ ਬਖੀਆ, ਨਾ ਯਾਰ: ਉਧੇੜ

ਖੈਰ ਨਹੀਂ ਤੇਰੇ ਗੁਲਸ਼ਨ ਦੀ
ਦੀਪਕ ਪੁੱਠਾ ਗੇੜ ਨਾ ਗੇੜ

ਦੀਪਕ ਜੈਤੋਈ

ਪੰਜਾਬ ਵਜ਼ਾਰਤ ਵਿਚ ਵਾਧਾ ਛੇਤੀ ਬਜਟ ਇਜਲਾਸ 3 ਮਾਰਚ ਤੋਂ

ਚੰਡੀਗੜ੍ਹ — ਸ. ਬਰਨਾਲਾ ਨੇ ਇਥੇ ਦੱਸਿਆ ਕਿ ਪੰਜਾਬ ਦੇ ਮੰਤਰੀ ਮੰਡਲ ਵਿਚ ਵਾਧਾ ਅਤੇ ਸ਼ਰੋਮਣੀ ਅਕਾਲੀ ਦਲ ਦੀ ਕਾਰਜਕਾਰਨੀ ਅਤੇ ਦੂਜੇ ਅਹੁਦੇਦਾਰਾਂ ਦੀ ਨਿਯੁਕਤੀ ਬਜਟ ਸ਼ੈਸ਼ਨ ਤੋਂ ਪਹਿਲਾਂ ਪਹਿਲਾਂ ਕੀਤੀ ਜਾਵੇਗੀ। ਪੰਜਾਬ ਸਰਕਾਰ ਨੇ ਬਜਟ ਸੈਸ਼ਨ 3 ਮਾਰਚ ਨੂੰ ਢਾਈ ਵਜੇ ਬੁਲਾ ਲਿਆ ਹੈ। ਪੰਜਾਬ ਦਾ ਨਵੇਂ ਸਾਲ ਵਿਚ ਪਹਿਲਾ ਅਸੈਂਬਲੀ ਸੈਸ਼ਨ ਹੋਵੇਗਾ। ਸ. ਬਰਨਾਲਾ ਨੇ 'ਸਰਬੱਤ ਖਾਲਸਾ' ਸੰਮੇਲਨ ਦੇ ਫੈਸਲਿਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੇਕਸ ਤੋਂ ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਕਬਜ਼ਾ ਖਤਮ ਕਰਾਉਣ ਲਈ ਕੋਈ ਅਮਲੀ ਕਦਮ ਚੁੱਕਣ ਬਾਰੇ ਫੈਸਲਾ ਲੈਣ ਵਾਸਤੇ ਛੇਤੀ ਸ਼ਰੋਮਣੀ ਅਕਾਲੀ ਦਲ ਅਤੇ ਸ਼ਰੋਮਣੀ ਗੁ: ਪ੍ਰੰ: ਕਮੇਟੀ ਦੀ ਬੈਠਕ ਬੁਲਾਈ ਜਾ ਰਹੀ ਹੈ। ਬੈਠਕ ਵਿਚ ਸੀਨੀਅਰ ਅਕਾਲੀ ਆਗੂਆਂ, ਜ਼ਿਲਾ ਜਥੇਦਾਰਾਂ ਅਤੇ ਕੁਝ ਵਿਧਾਇਕਾਂ ਨੂੰ ਵੀ ਸ਼ਾਮਲ ਹੋਣ ਦਾ ਸੱਦਾ ਦਿਤਾ ਜਾਵੇਗਾ। ਇਕ ਸਵਾਲ ਦੇ ਜਵਾਬ ਵਿਚ ਮੁਖ ਮੰਤਰੀ ਸ: ਬਰਨਾਲਾ ਨੇ ਦੱਸਿਆ ਕਿ 'ਸਰਬੱਤ ਖਾਲਸਾ' ਸੰਮੇਲਨ ਤੋਂ ਪਹਿਲਾਂ ਹੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ਼ਰੋਮਣੀ ਗੁ: ਪ੍ਰੰ: ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਉਨ੍ਹਾਂ ਨੂੰ ਦੇ ਦਿਤਾ ਸੀ। ਉਨ੍ਹਾਂ ਕਿਹਾ ਕਿ ਸ: ਟੌਹੜਾ ਨੇ ਅਕਾਲੀ ਦਲ ਦੇ ਪ੍ਰਧਾਨ ਵਜੋਂ ਉਨ੍ਹਾਂ ਨੂੰ ਆਪਣਾ ਅਸਤੀਫਾ ਸੌਂਪਿਆ ਹੈ ਪ੍ਰੰਤੂ ਇਸ ਬਾਰੇ ਕੋਈ ਅੰਤਿਮ ਨਿਰਣਾ ਸ਼ਰੋਮਣੀ ਗੁ: ਪ੍ਰੰ: ਕਮੇਟੀ ਦੀ ਕਾਰਜਕਾਰਨੀ ਨੇ ਹੀ ਲੈਣਾ ਹੈ। ਉਨ੍ਹਾਂ ਕਿਹਾ ਕਿ ਸ: ਟੌਹੜਾ ਨੇ ਅਸਤੀਫਾ ਦੇ ਕੇ ਪੰਥ ਦੇ ਹਿਤਾਂ ਲਈ ਕੁਰਬਾਨੀ ਦਾ ਸਬੂਤ ਦਿਤਾ ਹੈ। ਉਨ੍ਹਾਂ ਕਿਹਾ ਕਿ ਸ: ਟੌਹੜਾ ਵਲੋਂ ਅਸਤੀਫੇ ਦਾ ਐਲਾਨ ਕਰਨ ਨਾਲ ਉਨ੍ਹਾਂ ਨੂੰ ਕੋਈ ਹੈਰਾਨੀ ਨਹੀਂ ਹੋਈ ਕਿਉਂ ਜੋ ਅਸਤੀਫਾ ਤਾਂ ਇਕ ਦਿਨ ਪਹਿਲਾਂ ਉਨ੍ਹਾਂ ਕੋਲ ਆ ਚੁੱਕਾ ਸੀ। ਉਨ੍ਹਾਂ ਕਿਹਾ ਕਿ ਜੇਕਰ ਸ: ਟੌਹੜਾ ਦੇ ਅਸਤੀਫੇ ਨਾਲ ਹੀ ਪੰਥ ਦਾ ਸੰਕਟ ਹੱਲ ਹੁੰਦਾ ਹੋਵੇ ਤਾਂ ਇਹ ਕੋਈ ਮੁਸ਼ਕਲ ਕੰਮ ਨਹੀਂ ਹੈ। ਉਨ੍ਹਾਂ ਕਿਹਾ ਕਿ ਸ: ਟੌਹੜਾ ਦੇ ਅਸਫੀਤੇ ਨੂੰ ਦੂਜੀ ਧਿਰ ਨਾਲ ਲੈਣ ਦੇਣ ਲਈ ਵਰਤਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਮੁੱਖ ਮੰਤਰੀ ਨੇ ਕਿਹਾ ਕਿ ਦਮਦਮੀ ਟਕਸਾਲ ਨੇ ਅਕਾਲ ਤਖਤ ਦੇ ਉਸ ਪਵਿਤਰ ਥੜੇ ਦਾ ਵੀ ਖਿਆਲ ਨਹੀਂ ਰੱਖਿਆ ਜਿਸ ਦੀ ਨੀਂਹ ਗੁਰੂ ਸਾਹਿਬ ਨੇ ਆਪ ਰੱਖੀ ਸੀ। ਮੁਖ ਮੰਤਰੀ ਨੇ 'ਸਰਬੱਤ ਖਾਲਸਾ' ਸੰਮੇਲਨ ਦੇ ਮੌਕੇ ਉਤੇ ਕੇਂਦਰ-ਅਕਾਲੀ ਸਮਝੌਤੇ ਬਾਰੇ ਅਕਾਲੀ ਆਗੂਆਂ ਦੇ ਵਿਚਾਰਾਂ ਉਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਸਮਝੌਤੇ ਨੂੰ ਅਮਲ ਵਿਚ ਲਿਆਉਣ ਲਈ ਦੇਰੀ ਕਰਨ ਨਾਲ ਪੰਜਾਬ ਦੇ ਲੋਕਾਂ ਦੇ ਮਨਾਂ ਵਿਚ ਕਈ ਕਿਸਮ ਦੇ ਸ਼ੰਕੇ ਪੈਦਾ ਹੋ ਗਏ ਹਨ। ਪੰਜਾਬ ਦੇ ਲੋਕਾਂ ਨੇ 26 ਜਨਵਰੀ ਨੂੰ ਚੰਡੀਗੜ੍ਹ ਪੰਜਾਬ ਦੇ ਹਵਾਲੇ ਨਾ ਕਰਨ ਨੂੰ ਗੰਭੀਰਤਾ ਨਾਲ ਲਿਆ ਹੈ। ਉਨ੍ਹਾਂ ਕਿਹਾ ਕਿ ਸਮਝੌਤੇ ਉਤੇ ਅਮਲ ਵਿਚ ਦੇਰੀ ਬਦਕਿਸਮਤੀ ਵਾਲੀ ਗੱਲ ਹੈ।

ਸ: ਬਰਨਾਲਾ ਨੇ ਕਿਹਾ ਸਮਝੌਤੇ ਦਾ ਅਮਲ ਲੇਟ ਹੋਣ ਨਾਲ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਲੋਂ ਦਿਤੇ ਗਏ ਭਰੋਸੇ ਨੂੰ ਵੀ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਉਹ ਸਾਬਕਾ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ ਕਿ ਸਮਝੌਤਾ ਪੰਜਾਬ ਦੇ ਵਿਰੁੱਧ ਜਾਏਗਾ। ਉਨ੍ਹਾਂ ਕਿਹਾ ਕਿ ਮੈਥਿਊ ਕਮਿਸ਼ਨ ਨੇ ਪੱਕੇ ਤੌਰ ਉਤੇ ਅਬੋਹਰ ਅਤੇ ਫਾਜ਼ਿਲਕਾ ਉਪਰ ਪੰਜਾਬ ਦਾ ਦਾਅਵਾ ਕਾਇਮ ਕਰ ਦਿਤਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਰਾਜੀਵ ਗਾਂਧੀ ਨਾਲ ਪ੍ਰਧਾਨ ਮੰਤਰੀ ਦੇ ਤੌਰ ਉਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਸਮਝੌਤਾ ਹੋਇਆ ਸੀ। ਇਸ ਵਿਚ ਹਰਿਆਣਾ ਕੋਈ ਧਿਰ ਨਹੀਂ ਹੈ। ਇਸ ਬਾਰੇ ਚੌਧਰੀ ਭਜਨ ਲਾਲ ਦਾ ਦਾਅਵਾ ਦਰੁਸਤ ਨਹੀਂ ਹੈ। ਮੁਖ ਮੰਤਰੀ ਨੇ ਰਾਜ ਦੇ ਅਮਨ-ਕਾਨੂੰਨ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਥਿਤੀ "ਬਹੁਤੀ ਅੱਛੀ" ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ, ਸ਼ਿਵ ਸੈਨਾ ਸਮੇਤ ਜਿਹੜਾ ਵੀ ਅਮਨ ਕਾਨੂੰਨ ਨੂੰ ਆਪਣੇ ਹੱਥ ਵਿਚ ਲਵੇਗਾ ਉਸ ਨਾਲ ਇਕੋ ਜਿਹਾ ਵਰਤਾਅ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਅੰਮ੍ਰਿਤਸਰ ਅਤੇ ਗੁਰਦਾਸਪੁਰ ਵਿਚ ਭੇਜੀ ਗਈ ਵਿਸ਼ੇਸ਼ ਫੋਰਸ ਨੇ ਉਥੋਂ ਦੀ ਸਥਿਤੀ ਬਾਰੇ ਰਿਪੋਰਟ ਸਰਕਾਰ ਨੂੰ ਭੇਜ ਦਿਤੀ ਹੈ। ਸਥਿਤੀ ਨਾਲ ਨਿਪਟਣ ਲਈ ਕਦਮ ਉਠਾਏ ਜਾ ਰਹੇ ਹਨ। ਇਕ ਸਵਾਲ ਦੇ ਜਵਾਬ ਵਿਚ ਸ: ਬਰਨਾਲਾ ਨੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੇਕਸ ਵਿਚ ਕੁਝ ਸੀਨੀਅਰ ਯੁਵਾ ਕਾਂਗਰਸ (ਇ) ਆਗੂ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਜਦੋਂ ਅਕਾਲ ਤਖਤ ਦਾ ਨੀਂਹ ਪੱਥਰ ਰੱਖਣ ਪਿਛੋਂ ਭੜਕਾਊ ਨਾਅਰੇ ਲੱਗ ਰਹੇ ਸਨ ਤਾਂ ਇਹ ਆਗੂ ਉਥੇ ਹਾਜ਼ਰ ਸਨ।

ਰਾਜ ਸਭਾ ਦੀ ਬਣਤਰ 'ਚ ਤਬਦੀਲੀਆਂ ਦੀ ਆਸ

ਨਵੀਂ ਦਿੱਲੀ — ਰਾਜ ਸਭਾ ਦੇ 70 ਮੈਂਬਰ ਇਸ ਸਾਲ ਰਿਟਾਇਰ ਹੋ ਰਹੇ ਹਨ ਜਿਨ੍ਹਾਂ ਵਿਚ ਕਾਂਗਰਸ(ਆਈ) ਤੇ ਵਿਰੋਧੀ ਦਲਾਂ ਦੇ ਕਈ ਪ੍ਰਮੁਖ ਆਗੂ ਸ਼ਾਮਲ ਹਨ। ਇਨ੍ਹਾਂ ਮੈਂਬਰਾਂ ਦੇ ਰਿਟਾਇਰ ਹੋਣ ਨਾਲ ਸਦਨ ਵਿਚਲੀ ਪਾਰਟੀ ਵਾਰ ਸਥਿਤੀ ਵਿਚ ਭਾਰੀ ਤਬਦੀਲੀਆਂ ਹੋਣ ਦੀ ਸੰਭਾਵਨਾ ਹੈ। ਚੋਣ ਕਮਿਸ਼ਨ ਰਾਸ਼ਟਰਪਤੀ ਨੂੰ ਪਹਿਲਾਂ ਹੀ ਸਿਫਾਰਸ਼ ਕਰ ਚੁੱਕਾ ਹੈ ਰਾਜ ਸਭਾ ਦੀਆਂ 19 ਸੀਟਾ ਦੀ 20 ਮਾਰਚ ਨੂੰ ਚੋਣ ਕਰਾਉਣ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਜਾਵੇ ਬਾਕੀ ਸੀਟਾਂ ਜਿਵੇਂ ਜਿਵੇਂ ਖਾਲੀ ਹੁੰਦੀਆਂ ਰਹਿਣਗੀਆਂ ਤਿਵੇਂ ਤਿਵੇਂ ਉਨ੍ਹਾਂ ਨੂੰ ਭਰਨ ਲਈ ਚੋਣਾਂ ਦਾ ਅਮਲ ਚਲਦਾ ਰਹੇਗਾ।

ਜਿਹੜੀਆਂ 19 ਸੀਟਾਂ ਦੀ ਚੋਣ ਲਈ ਚੋਣ ਕਮਿਸ਼ਨ ਨੇ ਰਾਸ਼ਟਰਪਤੀ ਨੂੰ ਸਿਫਾਰਸ਼ ਕੀਤੀ ਹੈ, ਉਹ ਅੱਠ ਰਾਜਾਂ ਦੀਆਂ ਵਿਧਾਨ ਸਭਾਵਾਂ ਨਾਲ ਸਬੰਧਤ ਹਨ ਭਾਵ ਕਿ ਇਨ੍ਹਾਂ ਸੀਟਾਂ ਲਈ ਮੈਂਬਰਾਂ ਦੀ ਚੋਣ ਅੱਠ ਰਾਜਾਂ ਦੀਆਂ ਵਿਧਾਨ ਸਭਾਵਾਂ ਨੇ ਕਰਨੀ ਹੈ। ਇਹ ਸਾਰੀਆਂ ਸੀਟਾਂ ਦੋ ਅਪਰੈਲ ਨੂੰ ਖਾਲੀ ਹੋਣਗੀਆਂ। ਇਨ੍ਹਾਂ ਵਿਚੋਂ ਛੇ ਆਂਧਰਾ ਪ੍ਰਦੇਸ਼ ਤੋਂ ਹਨ; ਚਾਰ ਕਰਨਾਟਕ ਤੋਂ; ਤਿੰਨ ਕਰੇਲਾ ਤੋਂ; ਦੋ ਆਸਾਮ ਤੋਂ ਅਤੇ ਇਕ-ਇਕ ਹਿਮਾਚਲ ਪ੍ਰਦੇਸ਼, ਨਾਗਾਲੈਂਡ ਤੇ ਤ੍ਰਿਪੁਰਾ ਤੋਂ। ਜੰਮੂ-ਕਸ਼ਮੀਰ ਤੋਂ ਇਕ ਮੈਂਬਰ 15 ਅਪਰੈਲ ਨੂੰ ਰਿਟਾਇਰ ਹੋਵੇਗਾ

ਆਂਧਰਾ ਪ੍ਰਦੇਸ਼ ਤੇ ਕਰਨਾਟਕ ਦੀਆਂ ਵਿਧਾਨ ਸਭਾਵਾਂ ਵਿਚ ਤੇਲਗੂ ਦੇਸਮ ਤੇ ਜਨਤਾ ਪਾਰਟੀ ਹਾਵੀ ਹੈ, ਇਸ ਲਈ ਨਵੀਆਂ ਚੋਣਾਂ ਵਿਚੋਂ ਉਥੋਂ ਬਹੁਤੇ ਹਾਕਮ ਪਾਰਟੀ ਦੇ ਮੈਂਬਰ ਹੀ ਚੁਣੇ ਜਾਣਗੇ। ਉਂਜ ਇਸ ਸਾਲ ਰੀਟਾਇਰ ਹੋਣ ਵਾਲੇ ਸੱਤਰ ਮੈਂਕਰਾਂ ਵਿਚੋਂ 46 ਕਾਂਗਰਸ (ਆਈ) ਦੇ ਹਨ; ਤਿੰਨ-ਤਿੰਨ ਏ, ਆਈ. ਡੀ. ਐਮ. ਕੇ. ਭਾਜਪਾ ਤੇ ਜਨਤਾ ਪਾਰਟੀ ਦੇ; ਦੋ-ਦੋ ਸੀ. ਪੀ. ਆਈ. ਤੇ ਸੀ. ਪੀ. ਐਮ. ਅਤੇ ਇਕ-ਇਕ ਐਨ. ਡੀ. ਪੀ. ਆਈ.; ਲੋਕ ਦਲ, ਨੈਸ਼ਨਲ ਕਾਨਫਰੰਸ, ਮੁਸਲਿਮ ਲੀਗ, ਅਕਾਲੀ ਦਲ, ਡੀ. ਐਮ. ਕੇ., ਜਨਵਾਦੀ ਪਾਰਟੀ ਅਤੇ ਕਾਂਗਰਸ (ਐਸ) ਦਾ ਇਕ ਆਜ਼ਾਦ ਤੇ ਇਕ ਨਾਮਜ਼ਦ ਮੈਂਬਰ ਵੀ ਇਸ ਸਾਲ ਰਿਟਾਇਰ ਹੋ ਰਿਹਾ ਹੈ। ਰਿਟਾਇਰ ਹੋਣ ਵਾਲੇ ਕੁਝ ਉਘੇ ਮੈਂਬਰ ਹਨ :

ਸ. ਖੁਸ਼ਵੰਤ ਸਿੰਘ (ਨਾਮਜ਼ਦ), ਫਿਲਮ ਸਟਾਰ ਸ਼ਿਵਾਜੀ ਗਣੇਸ਼ਨ (ਕਾਂਗਰਸ), ਸ੍ਰੀਮਤੀ ਰੇਛਾ ਮਿਸਤਰੀ (ਐਨ. ਡੀ. ਪੀ. ਆਈ.), ਸ੍ਰੀਮਤੀ ਊਸ਼ਾ ਮਲਹੋਤਰਾ, ਸ੍ਰੀਮਤੀ ਮੋਨੀਕਾ ਦਾਸ ਤੇ ਡਾ: ਲੋਕੇਸ਼ ਚੰਦਰ (ਸਾਰੇ ਕਾਂਗਰਸ-ਆਈ)।

ਇਸ ਲਈ ਅੱਜ ਤੀਕ ਲਿਖ ਸਕਿਆ ਨਹੀਂ ਇਕ ਹਰਫ਼ ਵੀ,
ਸੋਚਦਾ ਹਾਂ ਉਸ ਨੂੰ ਆਖ਼ਰ ਕੀ ਲਿਖਾਂ ਕੀ ਨਾ ਲਿਖਾਂ।

ਕੰਪਲੈਕਸ ਵਿਚ ਹਥਿਆਰ ਕੋਰਾ ਝੂਠ -ਮੋਹਕਮ ਸਿੰਘ

ਅੰਮ੍ਰਿਤਸਰ, (ਪੀ. ਟੀ. ਆਈ.) - ਦਮਦਮੀ ਟਕਸਾਲ ਦੇ ਬੁਲਾਰੇ ਸ੍ਰੀ ਮੋਹਕਮ ਸਿੰਘ ਨੇ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦਮਦਮੀ ਟਕਸਾਲ ਜਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਕੰਪਲੈਕਸ ਵਿਚ ਕੋਈ ਹਥਿਆਰ ਜਮ੍ਹਾਂ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਇਹ ਖਬਰਾਂ ਜਾਣ ਬੁੱਝ ਕੇ ਇਨ੍ਹਾਂ ਸੰਗਠਨਾਂ ਨੂੰ ਬਦਨਾਮ ਕਰਨ ਲਈ ਉਡਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਵਿਚ ਤਾਂ ਕਾਰ ਸੇਵਾ ਲਈ ਵਰਤੇ ਜਾਂਦੇ ਹਥੌੜੇ, ਟੋਕਰੀਆਂ, ਕਹੀਆਂ ਅਤੇ ਸੱਬਲਾਂ ਹੀ ਹਨ।

ਸ੍ਰੀ ਮੋਹਕਮ ਸਿੰਘ ਨੇ ਕਿਹਾ ਕਿ ਕੰਪਲੈਕਸ ਅਤੇ ਸਰਾਵਾਂ ਦਾ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹੀ ਵੇਖਿਆ ਜਾ ਰਿਹਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਨੇਤਾਵਾਂ ਦੀ ਆਪਸੀ ਧੜੇਬੰਦੀ ਹੀ ਕਤਲਾਂ ਲਈ ਜ਼ਿੰਮੇਵਾਰ ਹੈ ਅਤੇ ਦੋਸ਼ ਟਕਸਾਲ ਅਤੇ ਫੈਡਰੇਸ਼ਨ ਉਤੇ ਲਾਇਆ ਜਾ ਰਿਹਾ ਹੈ।

ਫੈਡਰੇਸ਼ਨ ਨੇ ਸ੍ਰੀ ਵੀ. ਐਮ. ਤਾਰਕੁੰਡੇ, ਸ੍ਰੀ ਰਜਨੀ ਕੋਠਾਰੀ, ਸ੍ਰੀ ਗੋਬਿੰਦਾ ਮੁਖੋਤੀ ਅਤੇ ਜਸਟਿਸ ਸੀਕਰੀ ਨੂੰ ਤਾਰਾਂ ਰਾਹੀਂ ਸੱਦਾ ਪੱਤਰ ਭੇਜਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਉਹ

ਮੰਗਾਂ ਮੰਨ ਤਾਂ ਲਈਆਂ ਲਾਗੂ ਨਹੀਂ ਹੋਈਆਂ

ਅੰਬਾਲਾ, 15 ਫਰਵਰੀ (ਵਿਸ਼ੇਸ਼ ਪ੍ਰਤੀਨਿਧ) – ਹਰਿਆਣਾ ਰਾਜਕੀਆ ਅਧਿਆਪਕ ਸੰਘ ਵਲੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਵੱਖ ਵੱਖ ਹਲਕਿਆਂ ਦੇ ਸੰਸਦ ਤੇ ਵਿਧਾਨ ਸਭਾ ਮੈਂਬਰਾਂ ਦੇ ਘਰਾਂ ਅੱਗੇ ਵਿਖਾਵੇ ਕੀਤੇ ਜਾਣਗੇ। ਅਧਿਆਪਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਮੰਗਾਂ ਮੰਨ ਤਾਂ ਸਾਲ ਪਹਿਲਾਂ ਲਈਆਂ ਸਨ ਪਰ ਲਾਗੂ ਅੱਜ ਤਕ ਨਹੀਂ ਹੋਈਆਂ।

ਸਾ ਹਿ ਤ   ਦ ਰ ਪ ਣ

ਕਹਾਣੀ:

ਮਾਂ ਕਹਿੰਦੀ ਹੁੰਦੀ ਸੀ

ਸਾਬੀ ਲੁਧਿਆਣਵੀ

ਜੀਵਨ ਸਿੰਘ ਜਦੋਂ ਲੰਡਨੋਂ ਆਪਣੇ ਪਿੰਡ ਪੁੱਜਾ ਤਾਂ ਸਾਰਾ ਗਰਾਂ ਹੀ ਜਿਵੇਂ ਕਿਰਨਮ-ਕਿਰਨੀ ਉਸ ਕੋਲ ਉਹਦੀ ਗੁਜ਼ਰ ਗਈ ਪਤਨੀ ਦਾ ਅਫ਼ਸੋਸ ਕਰਨ ਆਇਆ। ਹਰ ਕੋਈ ਉਹਦੀ ਪਤਨੀ ਦੀਆਂ ਤਾਰੀਫ਼ਾਂ ਕਰਦਾ। ਇਜ ਨਹੀਂ ਕਿ ਹਰ ਕੋਈ ਮਰ ਗਏ ਨੂੰ ਚੰਗਾ ਹੀ ਆਖਦਾ ਹੈ, ਸਗੋਂ ਸੱਚਾਈ ਹੀ ਇਹ ਸੀ ਕਿ ਉਹ ਸੱਚਮੁਚ ਹੀ ਇਕ ਚੰਗੀ ਇਸਤਰੀ ਸੀ। ਮਿਲਾਪੜਾ ਸੁਭਾ, ਹਰ ਇਕ ਦੀ ਖੁਸ਼ੀ ਵਿਚ ਖੁਸ਼ ਰਹਿਣ ਵਾਲੀ ਤੇ ਹਰ ਇਕ ਦੇ ਦੁੱਖ ਵਿਚ ਚਾਰ ਹੰਝੂ ਕੇਰਨ ਵਾਲੀ ਪੈਸੇ ਟਕੇ ਵਲੋਂ ਜ਼ਰਾ ਸੌਖੀ ਹੋਣ ਕਾਰਨ ਹਰ ਜ਼ਰੂਰਤਮੰਦ ਦੀ ਯਥਾ ਯੋਗ ਸਹਾਇਤਾ ਕਰਨ ਵਾਲੀ।

ਤਰਸੇਮ ਕੌਰ ਕੋਲ ਪੈਸਾ ਵੀ ਸੀ, ਚੰਗਾ ਪਤੀ ਵੀ ਸੀ, ਵਧੀਆ ਸਿਹਤ ਤੇ ਖੂਬਸੂਰਤੀ ਵੀ ਸੀ; ਪਰ ਜੇਕਰ ਕੋਈ ਚੀਜ਼ ਉਹਦੇ ਭਾਵਾਂ ਵਿਚ ਨਹੀਂ ਸੀ ਤਾਂ ਉਹ ਸੀ ਔਲਾਦ। ਉਸਨੇ ਭਾਰਤ ਵਿਚ ਵੀ ਕਈਆਂ ਹਕੀਮਾਂ, ਡਾਕਟਰਾਂ ਤੋਂ ਦਵਾਈਆਂ ਖਾਧੀਆਂ ਸਨ ਤੇ ਜਦੋਂ ਉਹ ਆਪਣੇ ਪਤੀ ਨਾਲ ਵਲੈਤ ਆਈ ਤਾਂ ਤਦ ਵੀ ਉਸ ਚੰਗੇ ਮਾਹਰ ਡਾਕਟਰਾਂ ਦਾ ਮਸ਼ਵਰਾ ਲਿਆ ਸੀ। ਹਰ ਇਕ ਨੇ ਬੱਸ ਇਹੋ ਆਖਿਆ ਕਿ ਉਸਦੇ ਔਲਾਦ ਨਹੀਂ ਹੋ ਸਕਦੀ।

ਮਿੱਤਰਾਂ, ਦੋਸਤਾਂ ਤੇ ਸਬੰਧੀਆਂ ਨੇ ਜੀਵਨ ਸਿੰਘ ਨੂੰ ਸਲਾਹ ਦਿਤੀ ਕਿ ਉਹ ਹੋਰ ਵਿਆਹ ਕਰਵਾ ਲਵੇ। ਤਰਸੇਮ ਕੌਰ ਏਨੀ ਚੰਗੀ ਇਸਤਰੀ ਸੀ ਕਿ ਨਾਂਹ ਨਹੀਂ ਸੀ ਕਰਨ ਲੱਗੀ। ਇਹ ਗੱਲ ਸੀ ਵੀ ਸੱਚ। ਉਹ ਵਾਕਈ ਜੀਵਨ ਸਿੰਘ ਨੂੰ ਕਈ ਵਾਰ ਆਖ ਚੁੱਕੀ ਸੀ ਕਿ ਉਹ ਦੂਜਾ ਵਿਆਹ ਕਰਵਾ ਲਵੇ। ਉਹ ਉਹਨੂੰ ਏਨਾਂ ਪਿਆਰ ਕਰਦੀ ਸੀ ਕਿ ਉਹ ਉਹਨੂੰ ਹਮੇਸ਼ਾਂ ਖੁਸ਼ ਵੇਖਣਾ ਚਾਹੁੰਦੀ ਸੀ। "ਤੁਹਾਡੀ ਖੁਸ਼ੀ ਵਿਚ ਹੀ ਮੇਰੀ ਖੁਸ਼ੀ ਏ।" ਉਹ ਅਕਸਰ ਆਖਦੀ।

ਪਰ ਜੀਵਨ ਸਿੰਘ ਦੇ ਵੀ ਆਪਣੇ ਅਸੂਲ ਸਨ। ਬਾਂਝ ਇਸਤਰੀ ਉਸ ਵਾਸਤੇ ਕਿਸੇ ਗੱਲੇ ਵੀ ਆਮ ਇਸਤਰੀ ਤੋਂ ਘੱਟ ਨਹੀਂ ਸੀ। ਇਹ ਤਾਂ ਕੁਦਰਤ ਦੀ ਕਰੋਪੀ ਹੀ ਸਮਝੋ ਕਿ ਤਰਸੇਮ ਕੌਰ ਬੱਚਾ ਜਣਨ ਤੋਂ ਅਸਮਰੱਥ ਸੀ। ਉਹ ਉਹਨੂੰ ਬੁੱਕਲ ਵਿਚ ਲੈ ਕੇ ਆਖਦਾ—

"ਭਲੀਏ ਲੋਕੇ, ਜੇ ਮੈਂਹੀਓਂ ਨਾਮਰਦ ਹੁੰਦਾ, ਤਾਂ ਕੀ ਮੈਂ ਤੈਨੂੰ ਇਹ ਆਖ ਦਿੰਦਾ ਕਿ ਤਰਸੇਮ ਕੁਰੇ ਤੂੰ ਕੋਈ ਹੋਰ ਖਸਮ ਕਰ ਲੈ?"

ਜਿਉਂ ਜਿਉਂ ਉਹ ਚਾਲੀਆਂ ਨੂੰ ਅੱਪੜ ਰਹੇ ਸਨ, ਤਿਵੇਂ ਤਿਵੇਂ ਉਹਨਾਂ ਨੂੰ ਔਲਾਦ ਨਾ ਹੋਣ ਦੀ ਨਾ-ਉਮੀਦੀ ਵਿਚ ਪਕਿਆਈ ਹੁੰਦੀ ਜਾ ਰਹੀ ਸੀ। ਉਹ ਕਈ ਵਾਰ ਸੋਚਦੇ ਕਿ ਉਹ ਕੋਈ ਯਤੀਮ ਬੱਚਾ ਗੋਦ ਲੈ ਲੈਣ। ਵੀਅਤਨਾਮ, ਕੰਬੋਡੀਆ ਜਾਂ ਜੇ ਦੇਸੀ ਹੀ ਕੋਈ ਲੈਣਾ ਹੈ ਤਾਂ ਭਾਰਤੀ ਬੱਚਿਆਂ ਦਾ ਕਿਹੜਾ ਘਾਟਾ ਸੀ? ਪਰ ਜਦੋਂ ਕਦੇ ਵੀ ਇਹ ਗੱਲ ਤੁਰਦੀ ਤਾਂ ਇੰਡੀਆ ਵਿਚ ਰਹਿੰਦੇ ਜੀਵਨ ਸਿੰਘ ਦੇ ਦੋਹਾਂ ਛੋਟੇ ਭਰਾਵਾਂ ਦੇ ਬੱਚੇ ਉਹਨਾਂ ਦੀਆਂ ਨਜ਼ਰਾਂ ਵਿਚ ਘੁੰਮਣ ਲੱਗ ਪੈਂਦੇ। ਉਹ ਉਹਨਾਂ ਸਭਨਾਂ ਵੱਲ ਏਨੇ ਉਦਾਰਚਿਤ ਸਨ ਕਿ ਅੰਤ ਨੂੰ ਕਹਿ ਉਠਦੇ, "ਚਲੋ ਉਹ ਵੀ ਆਪਣੇ ਬੱਚੇ ਹਨ।"

ਜੀਵਨ ਸਿੰਘ ਤੇ ਬਾਦ ਵਿਚ ਉਹਦੀ ਪਤਨੀ ਜਦੋਂ ਦੇ ਇੰਗਲੈਂਡ ਆਏ ਸਨ, ਇੰਡੀਆ ਨੂੰ ਬੇਸ਼ੁਮਾਰ ਪੈਸਾ ਭੇਜ ਚੁੱਕੇ ਸਨ। ਪਿੰਡ ਵਿਚ ਉਹਨਾਂ ਨੇ ਚੋਖੀ ਜ਼ਮੀਨ ਖਰੀਦ ਲਈ ਸੀ। ਲਾਗਲੇ ਸ਼ਹਿਰ 'ਚ ਉਹਨਾਂ ਨੇ ਇਕ ਕੋਠੀ ਵੀ ਖਰੀਦ ਲਈ ਹੋਈ ਸੀ। ਪਰ ਜੀਵਨ ਸਿੰਘ ਦੀ ਉਦਾਰਤਾ ਵੇਖੋ ਕਿ ਉਸਨੇ ਸਾਰੀ ਜਾਇਦਾਦ ਵਿਚ ਆਪਣੇ ਭਰਾਵਾਂ ਦਾ ਹਿੱਸਾ ਜ਼ਰੂਰ ਰਖਿਆ ਸੀ ਤੇ ਹਰ ਤਰ੍ਹਾਂ ਕਾਨੂੰਨੀ ਤੌਰ ਉਤੇ ਉਹਨਾਂ ਨੂੰ ਨਾਲ ਹੀ ਗੰਢੀ ਰਖਿਆ ਸੀ। ਉਸਦਾ ਵਿਚਾਰ ਸੀ ਕਿ ਜਿੰਨੇ ਕਿਸੇ ਦੇ ਭਰਾ ਹੋਣ, ਓਨੀਆਂ ਹੀ ਮਜ਼ਬੂਤ ਬਾਹਵਾਂ ਉਹਦੀਆਂ ਹੁੰਦੀਆਂ ਹਨ। ਭਰਾਵਾਂ ਦੀ ਸਹਾਇਤਾ ਕਰਨੀ ਬਾਹਵਾਂ ਨੂੰ ਮਜ਼ਬੂਤ ਕਰਨ ਦੇ ਤੁਲ ਹੈ। ਚੰਗੇ ਖਾਂਦੇ ਪੀਂਦੇ ਭਰਾ ਹੀ ਖਾਨਦਾਨ ਦੀ ਸੋਭਾ ਵਧਾ ਸਕਦੇ ਹਨ। ਨਾਲੇ ਉਹਨੂੰ ਆਪਣੀ ਮਾਂ ਦੇ ਆਖੇ ਲਫ਼ਜ਼ ਕਦੀ ਨਹੀਂ ਸਨ ਭੁੱਲਦੇ—

"ਜੀਵਨਾਂ, ਤੂੰ ਵਲੈਤ ਚੱਲਿਆਂ ਏਂ, ਜਿੱਥੇ ਤੂੰ ਅਮੀਰ ਹੋ ਜਾਏਂਗਾ, ਪਰ ਮੇਰੇ ਕਲੇਜੇ ਤਾਂ ਤਦੇ ਠੰਡੀ ਪੈਣੀ ਏਂ ਜੇਕਰ ਤੂੰ ਆਪਣੇ ਛੋਟੇ ਭਰਾਵਾਂ ਨੂੰ ਵੀ ਅਮੀਰ ਬਣਾਉਂਦਾ ਰਹੇਂਗਾ।"

ਤਰਸੇਮ ਕੌਰ ਤੇ ਜੀਵਨ ਸਿੰਘ ਦੀ ਸੋਲ੍ਹਵੀਂ ਵਿਆਹ-ਗੰਢ ਬੜੀ ਨਕਰਮੀ ਆਈ। ਲੰਡਨ ਦੀ ਇਕ ਘਣੇ ਟਰੈਫਿਕ ਵਾਲੀ ਸੜਕ ਉਤੇ ਉਹਨਾਂ ਦੀ ਕਾਰ ਇਕ ਲਾਰੀ ਨਾਲ ਟਕਰਾ ਗਈ, ਇਸ ਗੱਲ ਦਾ ਅਹਿਸਾਸ ਜੀਵਨ ਸਿੰਘ ਨੂੰ ਹਸਪਤਾਲ ਵਿਚ ਬੇਹੋਸ਼ੀ ਤੋਂ ਪਰਤਣ ਵੇਲੇ ਹੀ ਹੋਇਆ ਕਿ ਤਰਸੇਮ ਕੌਰ ਮੌਕੇ ਤੇ ਹੀ ਦਮ ਤੋੜ ਗਈ ਸੀ। ਇਹ ਏਡੀ ਅਚੰਭਤ ਅਤੇ ਦੁਖਦਾਈ ਖਬਰ ਸੀ ਕਿ ਜੀਵਨ ਸਿੰਘ ਇਕ ਵਾਰ ਫਿਰ ਬੇਹੋਸ਼ ਹੋ ਗਿਆ।

ਕਈਆਂ ਦਿਨਾਂ ਦੇ ਹਸਪਤਾਲ ਨਿਵਾਸ ਤੋਂ ਬਾਦ, ਜਦੋਂ ਉਹ ਘਰ ਪਰਤਿਆ ਤਾਂ ਉਹਨੂੰ ਆਪਣੀ ਇਕੱਲਤਾ ਦਾ ਅਹਿਸਾਸ ਬੁਰੀ ਤਰ੍ਹਾਂ ਝੰਜੋੜ ਗਿਆ। ਐਕਸੀਡੈਂਟ ਵਾਲੇ ਦਿਨ ਦੇ ਸਫਰ ਉਤੇ ਤੁਰਨ ਤੋਂ ਪਹਿਲਾਂ ਦੇ ਚਾਹ ਵਾਲੇ ਜੂਠੇ ਕੱਪ ਉਸੇ ਹੀ ਡਾਇਨਿੰਗ ਟੇਬਲ ਉਤੇ ਪਏ ਸਨ। ਤਰਸੇਮ ਕੌਰ ਵਾਲੇ ਕੱਪ ਦੇ ਕੰਢਿਆਂ ਉਤੇ ਉਹਦੇ ਬੁੱਲਾਂ ਉਤੇ ਤਾਜ਼ੀ ਲਾਈ ਸੁਰਖੀ ਦੇ ਨਿਸ਼ਾਨ ਉਸੇ ਤਰ੍ਹਾਂ ਕਾਇਮ ਸਨ।

ਉਹ ਇਸ ਗੱਲੋਂ ਬੜੀ ਸੁਚੇਤ ਰਹਿੰਦੀ ਸੀ ਕਿ ਘਰੋਂ ਕਿਧਰੇ ਜਾਣ ਲੱਗਿਆਂ ਟੀ. ਵੀ. ਦਾ ਪਲੱਗ ਜ਼ਰੂਰ ਕੱਢਦਿਆ ਕਰਦੀ ਸੀ, ਪਰ ਉਸ ਦਿਨ ਉਹ ਖਬਰੇ ਕਿਉਂ ਭੁੱਲ ਗਈ ਸੀ? ਐਤਵਾਰ ਦਾ ਦਿਨ ਹੋਣ ਕਾਰਨ ਏਸ਼ੀਅਨ ਪਰੋਗਰਾਮ ਦੇਖ ਕੇ ਹੀ ਕਰਾਇਡਨ ਵਿਖੇ ਕਿਸੇ ਦੋਸਤ ਨੂੰ ਮਿਲਣ ਤੁਰ ਪਏ ਸਨ। ਉਹ ਸਾਰੀ ਵਾਟ ਹੀ ਹੁਣੇ ਹੁਣੇ ਨੂਰਜਹਾਂ ਨੂੰ ਟੈਲੀਵੀਯਨ ਉਤੇ ਵੇਖਣ ਤੋਂ ਪ੍ਰਭਾਵਤ ਹੋਣ ਦੀਆਂ ਗੱਲਾਂ ਕਰਦੀ ਰਹੀ ਸੀ। ਉਹਦੇ ਗਾਏ ਗਾਣਿਆਂ ਨੂੰ ਉਹ ਗੁਣ-ਗੁਣਾਉਂਦੀ ਰਹੀ ਸੀ।

ਜੀਵਨ ਸਿੰਘ ਨੂੰ ਯਾਦ ਆਇਆ ਕਿ ਐਕਸੀਡੈਂਟ ਤੋਂ ਕੁਝ ਚਿਰ ਪਹਿਲਾਂ ਉਹ ਗੁਣ-ਗੁਣਾ ਰਹੀ ਸੀ,

"ਯਹ ਘਰ ਮੇਰਾ ਗੁਲਸ਼ਨ ਹੈ, ਗੁਲਸ਼ਨ ਕਾ ਖੁਦਾ ਹਾਫ਼ਿਜ਼"

ਗੱਲ ਕੀ, ਜੀਵਨ ਸਿੰਘ ਦਾ ਅੰਗ ਅੰਗ ਪੀੜੋ-ਪੀੜ ਹੋ ਰਿਹਾ ਸੀ। ਯਾਦਾਂ ਦੀ ਇਕ ਲੰਮੀ ਫਿਲਮ ਬੜੀ ਤੇਜ਼ੀ ਨਾਲ ਉਹਦੇ ਖਿਆਲਾਂ ਦੇ ਪਰਦੇ ਉਤੇ ਚੱਲ ਰਹੀ ਸੀ।

ਤੇ ਜਿਉਂ ਜਿਉਂ ਦਿਨ ਬੀਤਦੇ ਜਾ ਰਹੇ ਸਨ, ਤਿਵੇਂ ਤਿਵੇਂ ਜ਼ਖਮਾਂ ਦੇ ਭਰਨ ਦੀ ਥਾਂ ਉਹ ਏਨਾਂ ਨਿਢਾਲ ਹੋ ਰਿਹਾ ਸੀ ਕਿ ਕਈ ਵਾਰ ਉਹ ਖੁਦਕਸ਼ੀ ਕਰਨ ਤੀਕ ਵੀ ਸੋਚ ਲੈਂਦਾ। ਉਹਨੂੰ ਹੁਣ ਜੀਵਨ ਬੱਸ ਨਿਰਮੂਲ ਹੀ ਲੱਗ ਰਿਹਾ ਸੀ।

ਕਿਸੇ ਨੇ ਸਲਾਹ ਦਿੱਤੀ ਕਿ ਉਹ ਨਾਲੇ ਤਾਂ ਪਤਨੀ ਦੇ ਫੁੱਲ ਗੰਗਾ 'ਚ ਵਹਾ ਆਵੇ ਤੇ ਨਾਲੇ ਭਰਾਵਾਂ ਤੇ ਰਿਸ਼ਤੇਦਾਰਾਂ ਨੂੰ ਮਿਲ ਆਵੇ। ਏਸ ਤਰ੍ਹਾਂ ਕਰਨ ਨਾਲ ਉਹਨੂੰ ਹਾਲਾਤ ਤੋਂ ਤਬਦੀਲੀ ਵੀ ਮਿਲ ਜਾਵੇਗੀ।

ਹੁਣ ਉਹ ਪਿੰਡ ਆਇਆ ਸੀ ਤਾਂ ਕਿਰਨਮ-ਕਿਰਨੀ ਸਾਰਾ ਪਿੰਡ ਉਹਨੂੰ ਤਸੱਲੀਆਂ ਦੇਣ ਆ ਰਿਹਾ ਸੀ। ਸਭ ਰਿਸ਼ਤੇਦਾਰ ਤੇ ਮਿੱਤਰ ਉਹਦੇ ਦੁੱਖ ਵਿਚ ਸ਼ਰੀਕ ਹੋ ਰਹੇ ਸਨ। ਉਹਦੇ ਦੋਵੇਂ ਭਰਾ ਵੀ ਉਹਨੂੰ ਵਾਹਿਗੁਰੂ ਉਤੇ ਭਰੋਸਾ ਰਖਣ ਲਈ ਪ੍ਰੇਰ ਰਹੇ ਸਨ ਤੇ ਤਰਸੇਮ ਕੌਰ ਦੀ ਰੂਹ ਦੀ ਸ਼ਾਂਤੀ ਲਈ ਪ੍ਰਾਰਥਨਾ ਕਰ ਰਹੇ ਸਨ। ਪਰ ਜਿਉਂ ਜਿਉਂ ਉਹਦੇ ਵਲੈਤ ਪਰਤਣ ਦੇ ਦਿਨ ਨੇੜੇ ਆ ਰਹੇ ਸਨ, ਤਿਵੇਂ ਤਿਵੇਂ ਉਹਦਾ ਦਿਲ ਘਾਉਂ ਮਾਉਂ ਹੋ ਰਿਹਾ ਸੀ। ਇੰਗਲਿਸਤਾਨ ਦੀ ਇਕੱਲਤਾ ਭਰਪੂਰ ਜ਼ਿੰਦਗੀ ਉਹਨੂੰ ਪਹਾੜ ਜੇਡੀ ਲੱਗ ਰਹੀ ਸੀ। ਉਹਨੂੰ ਲੱਗਦਾ ਉਹ ਇਸ ਨੂੰ ਇਕੱਲਾ ਸਰ ਨਹੀਂ ਕਰ ਸਕੇਗਾ।

ਅਫ਼ਸੋਸ ਕਰਨ ਵਾਲੀਆਂ ਮਿਲਣੀਆਂ ਤੋਂ ਬਾਦ ਹੁਣ ਜਿਹੜੇ ਲੋਕ ਆਉਂਦੇ, ਉਹ ਜੀਵਨ ਸਿੰਘ ਨੂੰ ਸਹਿੰਦੀ ਸਹਿੰਦੀ ਜ਼ਬਾਨ ਵਿਚ ਇਹ ਵੀ ਆਖਣ ਲੱਗ ਪਏ ਸਨ ਕਿ ਉਹ ਦੂਜਾ ਵਿਆਹ ਕਰਵਾ ਲਵੇ। ਇਹ ਠੀਕ ਹੈ ਕਿ ਉਹ ਆਪਣੀ ਪਤਨੀ ਨੂੰ ਬਹੁਤ ਪਿਆਰ ਕਰਦਾ ਸੀ, ਪਰ ਮਰ ਗਏ ਕਦੇ ਵਾਪਸ ਨਹੀਂ ਪਰਤਦੇ। ਪਿਛਾਂਹ ਰਹਿ ਗਿਆਂ ਨੇ ਉਹਨਾਂ ਤੋਂ ਬਿਨਾਂ ਹੀ ਜੀਉਣਾ ਸਿਖਣਾ ਹੁੰਦਾ ਹੈ।

"ਨਵੀਂ ਤ੍ਰੀਮਤ ਦੀ ਗੋਦ ਹਰੀ ਹੋਣ ਉਪਰੰਤ ਜ਼ਿੰਦਗੀ ਵਿਚ ਬਹਾਰ ਆ ਜਾਏਗੀ।" ਉਪਦੇਸ਼ ਦੇਣ ਵਾਲੇ ਜੀਵਨ ਸਿੰਘ ਨੂੰ ਆਖਦੇ। — ਅਤੇ ਇਕ ਰਾਤ ਪਹਿਲੀ ਵੇਰ ਉਸਨੇ ਆਪਣੇ ਦੋਹਾਂ ਭਰਾਵਾਂ ਵੱਡੇ ਸੁਬੇਗ ਸਿੰਘ ਤੇ ਛੋਟੇ ਗੁਰਚੇਤ ਸਿੰਘ ਨਾਲ ਸੰਖੇਪ ਜਿਹਾ ਜ਼ਿਕਰ ਕੀਤਾ ਕਿ ਉਹ ਵਿਆਹ ਕਰਵਾਉਣ ਲਈ ਰਜ਼ਾਮੰਦ ਹੈ।

ਜੀਵਨ ਸਿੰਘ ਤੋਂ ਛੋਟਾ ਸੁਬੇਗ ਸਿੰਘ ਜਦੋਂ ਦਾ ਫੌਜ ਦੀ ਨੌਕਰੀ ਛੱਡ ਕੇ ਆਇਆ ਸੀ, ਜਾਂ ਤਾਂ ਆਪਣੀ ਨਿਗੂਣੀ ਪੈਨਸ਼ਨ ਉਤੇ ਰਹਿੰਦਾ ਸੀ ਜਾਂ ਆਪਣੇ ਤਿੰਨਾਂ ਭਰਾਵਾਂ ਦੀ ਸਾਂਝੀ ਜ਼ਮੀਨ ਉਤੇ ਖੇਤੀਬਾੜੀ ਕਰਦਾ ਸੀ। ਸ਼ਰਾਬ ਪੀਣ ਦੀ ਉਹਦੀ ਵਾਦੀ ਨੇ ਉਹਦੀ ਆਰਥਕ ਹਾਲਤ ਕਦੇ ਵੀ ਸੁਧਰਨ ਨਹੀਂ ਸੀ ਦਿਤੀ। ਇੰਗਲੈਂਡ ਤੋਂ ਵੱਡਾ ਭਰਾ ਜੀਵਨ ਸਿੰਘ ਲਗਾਤਾਰ ਪੈਸੇ ਭੇਜਦਾ ਰਹਿੰਦਾ ਸੀ। ਜਿਹੜੇ ਉਹ ਸ਼ਰਾਬ ਦੇ ਮੂੰਹ ਉਡਾ ਛੱਡਦਾ ਸੀ ਤੇ ਕਦੇ ਕਦਾਈਂ ਹੀ ਛੋਟੇ ਭਰਾ ਗੁਰਚੇਤ ਸਿੰਘ ਦੀ ਤਲੀ ਉਤੇ ਕੁਝ ਰੁਪਏ ਧਰਦਾ ਸੀ। ਸੁਬੇਗ ਦੀਆਂ ਦੋਵੇਂ ਧੀਆਂ ਵਿਆਹੁਣਯੋਗ ਸਨ। ਇਹ ਜੀਵਨ ਸਿੰਘ ਦੀ ਹੀ ਬਦੌਲਤ ਸੀ ਕਿ ਵੱਡੀ ਕੁੜੀ ਵਿਆਹੀ ਗਈ ਸੀ ਤੇ ਛੋਟੀਆਂ ਦੋਵੇਂ ਥੋੜਾ ਬਹੁਤਾ ਪੜ੍ਹ ਗਈਆਂ ਸਨ।

ਸੁਬੇਗ ਤੋਂ ਛੋਟਾ ਗੁਰਚੇਤ ਉਸਤੋਂ ਬਹੁਤ ਡਰਦਾ ਸੀ ਤੇ ਉਹਦੇ ਸਾਹਵੇਂ ਕਦੇ ਕੁਸਕਦਾ ਵੀ ਨਹੀਂ ਸੀ। ਮਾਂ ਪਿਉ ਦਾ ਸਾਇਆ ਬੜੀ ਹੀ ਦੇਰ ਤੋਂ ਸਿਰੋਂ ਉਠ ਗਿਆ ਹੋਣ ਕਾਰਨ ਤੇ ਸਭ ਤੋਂ ਵੱਡੇ ਭਰਾ ਦਾ ਬੜੀ ਹੀ ਦੇਰ ਤੋਂ ਬਿਦੇਸ਼ੀਂ ਰਹਿਣ ਕਾਰਨ ਗੁਰਚੇਤ ਉਕਾ ਚੁੱਕਾ ਸੁਬੇਗ ਅਤੇ ਉਹਦੀ ਵਹੁਟੀ ਦੇ ਰਹਿਮ ਉਤੇ ਪਲਿਆ ਸੀ। ਸੁਬੇਗ ਬੜਾ ਗੁੱਸੇਖੋਰ ਆਦਮੀ ਸੀ, ਤੇ ਉਹ ਨਿੱਕੀ ਨਿੱਕੀ ਗੱਲ ਪਿਛੇ ਗੁਰਚੇਤ ਨੂੰ ਕੁੱਟ ਛੱਡਦਾ ਹੁੰਦਾ ਸੀ।

ਇਹਨਾਂ ਗੱਲਾਂ ਦਾ ਸੰਖੇਪ ਜਿਹਾ ਪਤਾ ਜਦੋਂ ਜੀਵਨ ਸਿੰਘ ਨੂੰ ਲੱਗਾ ਸੀ ਤਾਂ ਚਾਰ ਕੁ ਵਰ੍ਹੇ ਹੋਏ, ਉਸਨੇ ਗੁਰਚੇਤ ਦਾ ਵਿਆਹ ਕਰ ਦਿਤਾ ਸੀ। ਪਰ ਗੁਰਚੇਤ ਜ਼ਹਿਨੀ ਤੌਰ ਉਤੇ ਸੁਬੇਗ ਦਾ ਏਡਾ ਗੁਲਾਮ ਹੋ ਚੁੱਕਾ ਸੀ ਕਿ ਆਪਣੀ ਪਤਨੀ ਦੇ ਆਖਣ ਦੇ ਬਾਵਜੂਦ ਵੀ ਉਹਦੇ ਸਾਹਵੇਂ ਖੜੋਂਦਾ ਤੱਕ ਨਹੀਂ ਸੀ। ਸਿੱਟੇ ਵਜੋਂ ਸੁਬੇਗ ਉਹਦੇ ਹਿੱਸੇ ਦੀ ਜ਼ਮੀਨ ਵੀ ਵਰਤ ਰਿਹਾ ਸੀ ਤੇ ਉਹਦੀ ਲਿਆਂਦੀ ਤਨਖਾਹ ਵਿਚੋਂ ਵੀ ਹਿੱਸਾ ਵੰਡਾ ਲੈਂਦਾ ਸੀ। ਉਹਦੀ ਪਤਨੀ ਸੁਬੇਗ ਸਿੰਘ ਦੀ ਪਤਨੀ ਤੋਂ ਵੱਧ ਕੰਮ ਕਰਦੀ ਸੀ ਤੇ ਹਰ ਤਰ੍ਹਾਂ ਝੁਕ ਝੁਕ ਕੇ ਰਹਿੰਦੀ ਸੀ। ਪਤੀ ਕਮਜ਼ੋਰ ਹੋਵੇ ਤਾਂ ਪਤਨੀ ਕੀ ਕਰ ਸਕਦੀ ਹੈ?

ਹੁਣ ਜੀਵਨ ਸਿੰਘ ਨੇ ਜਦੋਂ ਵਿਆਹ ਦੀ ਗੱਲ ਟੋਰੀ ਤਾਂ ਸੁਬੇਗ ਸਿੰਘ ਦਾ ਉਪਰਲਾ ਸਾਹ ਉਪਰ ਤੇ ਹੇਠਲਾ ਹੇਠਾਂ ਰਹਿ ਗਿਆ। ਪਰ ਫਿਰ ਵੀ ਉਸ ਨੇ ਮੌਕੇ ਨੂੰ ਸੰਭਾਲਦਿਆਂ ਕਿਹਾ,

"ਬਹੁਤ ਚੰਗੀ ਗੱਲ ਆ ਵੀਰਾ।"

ਪਰ ਉਸ ਰਾਤ ਸੁਬੇਗ ਸਾਰੀ ਰਾਤ ਸੌਂ ਨਾ ਸਕਿਆ। ਦੋਵੇਂ ਤੀਵੀਂ ਮਰਦ ਆਪਸ ਵਿਚ ਪਤਾ ਨਹੀਂ ਕੀ ਕੀ ਸਲਾਹ ਮਸ਼ਵਰਾ ਕਰਦੇ ਰਹੇ। ਦੋਹਾਂ ਨੂੰ ਇਹ ਗੱਲ ਸੋਚ ਸੋਚ ਘੁੰਮਣ ਘੇਰੀਆਂ ਆ ਰਹੀਆਂ ਸਨ ਕਿ ਨਵੀਂ ਤੀਵੀਂ ਪਤਾ ਨਹੀਂ ਕਿਹੋ ਜਿਹੀ ਹੋਵੇ? ਹੋ ਸਕਦੈ ਉਹ ਜੀਵਨ ਸਿੰਘ ਦੇ ਭਰਾਵਾਂ ਨੂੰ ਪੈਸੇ ਭੇਜਣੋ ਰੋਕ ਦੇਵੇ ਜਾਂ ਖੌਰੇ ਉਹ ਜ਼ਮੀਨ ਹੀ ਅਲੱਹਿਦਾ ਕਰ ਲਵੇ।

ਸ਼ਹਿਰ ਵਾਲੀ ਜੀਵਨ ਸਿੰਘ ਦੀ ਕੋਠੀ ਦਾ ਆਉਂਦਾ ਕਿਰਾਇਆ, ਜਿਹੜਾ ਸੁਬੇਗ ਸਿੰਘ ਹੀ ਸਾਂਭਦਾ ਸੀ, ਵੀ ਹੱਥੋਂ ਜਾਂਦਾ ਲੱਗੇਗਾ। ਹੋ ਸਕਦੈ ਨਵੀਂ ਵਹੁਟੀ ਦੀ ਗੋਦ ਵੀ ਹਰੀ ਹੋ ਜਾਵੇ। ਬੱਸ ਜੀਵਨ ਸਿੰਘ ਦੀ ਸਾਰੀ ਜਾਇਦਾਦ ਗਈ ਫਿਰ ਤਾਂ ਹੱਥੋਂ। ਸਾਵੇਂ ਹੁਣ ਇਹ ਸਾਰੀ ਸੁਬੇਗ ਤੇ ਗੁਰਚੇਤ ਦੇ ਹਿੱਸੇ ਹੀ ਆਉਣੀ ਸੀ। ਆਖਰ ਜੀਵਨ ਸਿੰਘ ਨੇ ਇਕ ਨਾ ਇਕ ਦਿਨ ਤਾਂ ਤੁਰ ਹੀ ਜਾਣਾ ਹੈ। ਪਹਿਲਾਂ ਤਾਂ ਔਲਾਦ ਨਾ ਹੋਣ ਕਾਰਨ ਪਤਾ ਹੀ ਸੀ ਕਿ ਉਹਦੇ ਪੈਸੇ ਧੇਲੇ ਦਾ ਕੀ ਹੋਣਾ ਸੀ। ਹੁਣ ਤਾਂ ਗੱਲ ਹੀ ਖੱਡੇ 'ਚ ਪੈ ਗਈ ਹੈ। ਵੱਡੀ ਕੁੜੀ ਦਾ ਵਿਆਹ ਕਰਨ ਪਿਛੋਂ ਜੀਵਨ ਸਿੰਘ ਨੇ ਆਪ ਕਿਹਾ ਸੀ—

"ਸੁਬੇਗ ਛੋਟੀਆਂ ਦੋਹਾਂ ਦਾ ਵੀ ਫਿਕਰ ਨਾ ਕਰੀਂ। ਉਹ ਮੇਰੀਆਂ ਹੀ ਧੀਆਂ ਨੇ। ਮੈਂ ਆਪੇ ਵਿਆਹ ਦੇਣੀਆਂ। ਹੱਥ 'ਚ ਜਾਨ ਹੋਣੀ ਚਾਹੀਦੀ ਏ, ਬੰਦਾ ਬਥੇਰਾ ਕਮਾ ਲੈਂਦਾ।"

ਤੇ ਸੁਬੇਗ ਨੂੰ ਪਤਾ ਸੀ ਕਿ ਜੀਵਨ ਸਿੰਘ ਕੰਮ ਕਰਨ ਨੂੰ ਕਿੰਨਾ ਤਕੜਾ ਸੀ ਤੇ ਹੁਣ ਜਦ ਕਿ ਉਹ ਨਵਾਂ ਵਿਆਹ ਕਰਵਾ ਲਵੇਗਾ ਤਾਂ ਹੋ ਸਕਦੈ ਕਿ ਨਵੀਂ ਤ੍ਰੀਮਤ ਕੁੜੀਆਂ ਦੇ ਵਿਆਹ ਵੇਲੇ ਸਹਾਇਤਾ ਕਰਨੋਂ ਈਹਨੂੰ ਵਰਜ ਦੇਵੇ।

—ਦਿਨ ਦੇ ਚੜ੍ਹਾ ਵੇਲੇ ਸੁਬੇਗ ਸਿੰਘ ਕੁਝ ਫੈਸਲਾ ਕਰਕੇ ਘੂਕ ਸੌਂ ਗਿਆ। ਉਸ ਦੀ ਜਾਗ ਉਦੋਂ ਹੀ ਖੁੱਲੀ, ਜਦੋਂ ਜੀਵਨ ਸਿੰਘ ਨੇ ਉਹਨੂੰ ਝੰਜੋੜ ਕੇ ਜਗਾਉਂਦਿਆਂ ਦੱਸਿਆ ਕਿ ਉਹ ਸ਼ਹਿਰ ਜਾ ਰਿਹਾ ਏ ਤੇ ਸ਼ਾਮੀਂ ਪਰਤ ਆਏਗਾ।

"ਵੀਰਾ, ਦੇਰ ਨਾ ਬਾਹਲੀ ਕਰੀਂ, ਤੇਰੇ ਬਿਨਾਂ ਤਾਂ ਘਰ 'ਚ ਰੌਣਕ ਹੀ ਨੀ ਸੁਬੇਗ ਨੇ ਬਾਹਲੇ ਈ ਤਪਾਕ ਨਾਲ ਬੋਲਦਿਆਂ ਕਿਹਾ। "ਨਾਲੇ ਤਿੰਨਾਂ ਭਰਾਵਾਂ ਨੇ ਅੱਜ ਰਾਤ ਨੂੰ ਘੁੱਟ ਘੁੱਟ ਪੀਣੀ ਐਂ ਆਪਣੀ ਹਵੇਲੀ। ਜਿੱਦਣ ਦਾ ਆਇਐਂ, ਬੱਸ ਸਾਰਾ ਟੱਬਰ ਭਾਬੀ ਨੂੰ ਯਾਦ ਕਰ ਕਰ ਕੇ ਰੋਂਦਾ ਕਲਾਂਦਾ ਰਿਹਾ।"

ਜੀਵਨ ਸਿੰਘ ਨੂੰ ਟੋਰ ਕੇ ਸੁਬੇਗ ਸਿੰਘ ਛੋਟੇ ਭਰਾ ਗੁਰਚੇਤ ਦੇ ਕਮਰੇ ਵਿਚ ਗਿਆ ਤੇ ਉਹਨੂੰ ਆਦਤਅਨੁਸਾਰ ਘੂਰ ਕੇ ਸਪੱਸ਼ਟ ਸ਼ਬਦਾਂ ਵਿਚ ਆਖਣ ਲੱਗਾ, "ਤੈਨੂੰ ਪਤਾ ਕਿ ਵੀਰਾ ਹੋਰ ਵਿਆਹ ਕਰਵਾਉਣ ਨੂੰ ਫਿਰਦੈ? ਉਹ ਰਾਤੀਂ ਵੀ ਦੱਸਦਾ ਈ ਪਿਆ ਸੀ। ਜੇ ਇਥੇ ਨਾ ਕਰਾਊ ਤਾਂ ਵਲੈਤ ਪੁੱਜ ਕੇ ਉਥੇ ਕਿਸੇ ਨਾ ਕਰਾ ਲਊ। ਨਵੀਂ ਤ੍ਰੀਮਤ ਭਾਬੀ ਵਰਗੀ ਚੰਗੀ ਤਾਂ ਹੋ ਨਹੀਂ ਜੇ ਸਕਦੀ। ਉਹਨੇ ਇਹਨੂੰ ਸਾਨੂੰ ਕਾਣੀ ਕੌਡੀ ਵੀ ਨਹੀਂ ਦੇਣ ਦੇਣੀ। ਜ਼ਮੀਨ ਇਹਨੇ ਵੰਡ ਲੈਣੀ ਐਂ ਸ਼ਹਿਰ ਵਾਲੀ ਕੋਠੀ ਦਾ ਕਿਰਾਇਆ ਇਹਨੇ ਤੀਮੀ ਦੇ ਆਖੇ ਲੱਗ ਕੇ ਸਾਡੇ ਕੋਲ ਆਉਣੋਂ ਰੋਕ ਲੈਣਾ ਏਂ। ਨਵੀਂ ਤੀਮੀ ਨੂੰ ਬੱਚੇ ਵੀ ਜੰਮ ਸਕਦੇ ਐ। ਫਿਰ ਆਪਣੇ ਨਿਆਣੇ ਰੁਲ ਜਾਣੇ ਐਂ।

ਪਹਿਲਾਂ ਤਾਂ ਇਹਦੇ ਮਰਨ ਪਿਛੋਂ ਅਸੀਂ ਇਹਦੀ ਜਾਇਦਾਦ ਦੇ ਵਾਰਸ ਹੋਣਾ ਸੀ, ਪਰ ਵਿਆਹ ਪਿਛੋਂ ਇਹ ਗੱਲ ਨਹੀਂ ਜੇ ਹੋਣੀ। ਤੋਂ ਸਾਰੀ ਉਮਰ ਮਾਸਟਰੀ ਕਰਦੇ ਨੇ ਮਰ ਜਾਣੈਂ ਤੇ ਮੈਂ ਖੇਤੀ। ਵੀਰੇ ਜਿੰਨੇ ਪੈਸੇ ਆਪਾਂ ਕੋਲ ਕਦੀ ਵੀ ਨਹੀਂ ਹੋ ਸਕਦੇ। ਸੋ ਇਹਦਾ ਹੱਲ ਇਕੋ ਈ ਏ।"

"ਕੀ", ਗੁਰਚੇਤ ਨੇ ਡਰੀਆਂ ਹੋਈਆਂ ਚੌੜੀਆਂ ਅੱਖਾਂ ਸੁਬੇਗ ਸਿੰਘ ਦੇ ਚਿਹਰੇ ਤੇ ਵਿਛਾਂਦਿਆ ਕਿਹਾ।

"ਇਹਨੂੰ ਵਿਆਹ ਕਰਾਉਣ ਜੋਗਾ ਛੱਡੀਏ ਹੀ ਨਾ।" ਸੁਬੇਗ ਸਿੰਘ ਨੇ ਰਾਤ ਦੇ ਸੁਤਉਨੀਂਦਰੇ ਕਾਰਣ ਅੱਖਾਂ ਵਿਚ ਗਿੱਡ ਸਾਫ ਕਰਦਿਆਂ ਗੁਰਚੇਤ ਦੇ ਨਾਲ ਹੀ ਮੰਜੇ ਦੀ ਬਾਹੀ ਉਤੇ ਬਹਿੰਦਿਆਂ ਕਿਹਾ।

"ਉਹ ਕਿੱਦਾਂ?" ਗੁਰਚੇਤ ਨੇ ਰਾਤ ਕੁ ਸੁਬੇਗ ਤੋਂ ਪਰ੍ਹਾਂ ਹੁੰਦਿਆਂ ਕਿਹਾ। ਜਿਵੇਂ ਪਹਿਲਾਂ ਕਦੇ ਉਹਨੇ ਸੁਬੇਗ ਦੇ ਐਨਾ ਨੇੜੇ ਬਹਿ ਕੇ ਨਾ ਵੇਖਿਆ ਹੋਵੇ।

"ਇਹਨੂੰ ਆਪਾਂ ਮਾਰ ਦੇਈਏ।" ਸੁਬੇਗ ਨੇ ਉਸੇ ਠੰਡੇ ਅੰਦਾਜ਼ ਨਾਲ ਕਿਹਾ, "ਜਾਇਦਾਦ ਤੇ ਵਲੈਤ ਵਿਚਲਾ ਸਾਰਾ ਪੈਸਾ, ਸ਼ਹਿਰ ਵਾਲੀ ਕੋਠੀ ਤੇ ਇਥੇ ਇਹਦਾ ਬੈਂਕਾਂ 'ਚ ਪਿਆ ਮਾਲ ਸਭ ਆਪਣਾ। ਮੌਜਾਂ ਕਰਾਂਗੇ।'

ਗੁਰਚੇਤ ਏਨਾ ਅਚੰਭਤ ਤੇ ਦਹਿਲਿਆ ਹੋਇਆ ਸੀ ਕਿ ਉਹ ਕੇਵਲ ਏਨਾ ਹੀ ਕਹਿ ਸਕਿਆ "ਪਰ ...।"

"ਪਰ ਪੁਰ ਕੁਝ ਨਹੀਂ।" ਸੁਬੇਗ ਸਿੰਘ ਨੇ ਉਹਨੂੰ ਘੂਰਦਿਆਂ, ਪਰ ਰਤਾ ਕੁ ਹੋਰ ਵੀ ਧੀਮੀ ਆਵਾਜ਼ ਵਿਚ ਕਿਹਾ, "ਆਪਣੀ ਵਹੁਟੀ ਨੂੰ ਤੇ ਹੋਰ ਕਿਸੇ ਨੂੰ, ਇਸ ਬਾਰੇ ਕਦੇ ਵੀ ਦੱਸਿਆ ਤਾਂ ਸੀਰਮੇਂ ਪੀ ਲਊਂ ਤੇਰੇ।" ਫਿਰ ਮੰਜੇ ਤੋਂ ਉਠਦਿਆਂ ਉਸ ਕਿਹਾ, "ਹੁਣ ਬਾਕੀ ਦੀ ਸਾਰੀ ਸਕੀਮ ਮੇਰੇ ਉਤੇ ਰਹਿਣ ਦੇਹ।"

ਗੁਰਚੇਤ ਹਾਲੀ ਕੁਝ ਆਖਣ ਹੀ ਲੱਗਾ ਸੀ ਕਿ ਸੁਬੇਗ ਬੂਹਿਉਂ ਬਾਹਰ ਹੋ ਗਿਆ। ਸ਼ਾਮਾਂ ਪਈਆਂ ਤਾਂ ਸੁਬੇਗ ਮੀਟ ਇਕ ਡੋਂਗੇ ਵਿਚ ਪਾ ਕੇ, ਰੋਟੀਆਂ ਪੋਣੇ ਵਿਚ ਲਪੇਟ ਕੇ, ਦੋਹਾਂ ਭਰਾਵਾਂ ਸਮੇਤ ਪਿੰਡੋਂ ਚੋਖੀ ਦੂਰ ਸਥਿਤ ਆਪਣੀ ਹਵੇਲੀ ਨੂੰ ਤੁਰ ਪਿਆ। ਉਹ ਏਡਾ ਸਥਿਰ ਅਤੇ ਸ਼ਾਂਤ ਸੀ ਕਿ ਗੁਰਚੇਤ ਨੂੰ ਲੱਗਾ, ਜਿਵੇਂ ਸਵੇਰ ਵਾਲੀ ਉਹਦੀ ਆਖੀ ਗੱਲ ਝੂਠ ਮੂਠ ਹੀ ਹੋਵੇ।

ਹਵੇਲੀ ਪਹੁੰਚੇ ਤਾਂ ਸੁਬੇਗ ਸਿੰਘ ਨੇ ਬੋਤਲ ਦਾ ਡਾਟ ਖੋਲ੍ਹ ਕੇ ਤਿੰਨਾ ਗਲਾਸਾਂ ਵਿਚ ਸ਼ਰਾਬ ਪਾ ਦਿਤੀ ਤੇ ਫਿਰ ਪਰ੍ਹਾਂ ਜਾ ਕੇ ਸੋਢੇ ਦੀ ਬੋਤਲ ਖੋਲ੍ਹ ਕੇ ਉਹ ਸਭ ਗਲਾਸਾਂ ਵਿਚ ਇਕੋ ਹੀ ਜਿੰਨਾ ਪਾ ਦਿਤਾ। ਜਿਹੜੀ ਗੱਲ ਦਾ ਜੀਵਨ ਤੇ ਗੁਰਚੇਤ ਨੂੰ ਪਤਾ ਨਾ ਲੱਗਾ, ਉਹ ਇਹ ਸੀ ਕਿ ਸੁਬੇਗ ਨੇ ਵਲੈਤ ਵਾਲੇ ਭਰਾ ਦੇ ਗਲਾਸ ਵਿਚ ਪੀਸੀਆਂ ਹੋਈਆਂ ਨੀਂਦ ਦੀਆਂ ਗੋਲੀਆਂ ਦਾ ਮਿਸ਼ਰਣ ਸੁੱਟ ਦਿਤਾ ਸੀ।

ਰਾਤ ਟਿਕੀ ਹੋਈ ਸੀ ਤੇ ਦੂਰ ਦੁਰਾਡੇ ਖੇਤਾਂ ਵਿਚ ਬਿੰਡਿਆਂ ਦੇ ਬੋਲਣ ਅਤੇ ਗਿੱਦੜਾਂ ਦੇ ਰੋਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਲਾਗਲੇ ਪਿੰਡ ਲਾਊਡ ਸਪੀਕਰ ਉਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋ ਰਿਹਾ ਸੀ। ਕਿਸੇ ਨੇ ਸ਼ਾਇਦ ਅਖੰਡ ਪਾਠ ਰੱਖਿਆ ਹੋਇਆ ਸੀ। ਉਹਨਾਂ ਦੀ ਹਵੇਲੀ ਦੇ ਲਾਗਿਉਂ ਹੀ ਤਾਜ਼ੇ ਵਾਹੇ ਖੇਤ ਦੀ ਮਿੱਟੀ ਦੀ ਮਹਿਕ ਆ ਰਹੀ ਸੀ। ਜੀਵਨ ਨੇ ਕਿਹਾ, "ਏਸ ਮਹਿਕ ਨੂੰ ਤਰਸੇ ਪਏ ਆਂ ਉਥੇ। ਮਿੱਟੀ ਮਿੱਟੀ ਵਿਚ ਉਂਜ ਕੋਈ ਅੰਤਰ ਨਹੀਂ ਹੁੰਦਾ, ਪਰ ਵਤਨਾਂ ਦੀ ਮਿੱਟੀ ਦੀ ਮਹਕਿ ਕਿਉਂਕਿ ਜੰਮਦਿਆਂ ਹੀ ਤੁਹਾਡੀਆਂ ਨਾਸਾਂ 'ਚ ਪੈ ਜਾਂਦੀ ਹੈ। ਇਸ ਲਈ ਉਸ ਨੂੰ ਤੁਸੀਂ ਮੁੱਦਤਾਂ ਬਾਅਦ ਵੀ ਪਛਾਣ ਜਾਂਦੇ ਹੋ।" ਉਹ ਬੋਲਦਾ ਗਿਆ "ਤੇ ਆਹ ਭਰਾਵਾਂ 'ਚ ਬਹਿ ਕੇ ਜਿਹੜਾ ਪੀਣ ਦਾ ਸੁਆਦ ਆਂਦੈ, ਉਹ ਕਾਹਨੂੰ ਵਲੈਤ ਦਿਆਂ ਪੱਬਾਂ ਵਿਚ ਆਂਦੈ ਤੇ ਆਹ ਜਿਹੜੀ ਫਿਜ਼ਾ ਵਿਚ ਬੇਪਰਵਾਹੀ ਏ? ਇਹ ਕਾਹਨੂੰ ਉਥੇ ਮਿਲਦੀ ਹੈ। ਉਥੇ ਤੇ ਕੰਧਾਂ ਤੇ ਲੱਗਿਆਂ ਕਲਾਕ ਟਿੱਕ ਟਿੱਕ ਕਰਦਾ ਵੀ ਘੜਿਆਲਾਂ ਵਾਂਗੂੰ ਵੱਜਦਾ ਜਾਪਦੈ।"

ਸੁਬੇਗ ਸਿੰਘ ਉਸ ਦੀਆਂ ਗੱਲਾਂ ਅਣਸੁਣੀਆਂ ਜਿਹੀਆਂ ਹੀ ਕਰ ਕੇ ਮੀਟ ਦੀਆਂ ਹੱਡੀਆਂ ਚਰੂੰਡੀ ਜਾ ਰਿਹਾ ਸੀ, ਪਰ ਗੁਰਚੇਤ ਰਬੜ ਦੇ ਬਾਵੇ ਵਾਂਗ ਜੀਵਨ ਸਿੰਘ ਵੱਲ ਹੀ ਵੇਖੀ ਜਾ ਰਿਹਾ ਸੀ।

ਜੀਵਨ ਸਿੰਘ ਨੇ ਜਦੋਂ ਸ਼ਰਾਬ ਦਾ ਤੀਜਾ ਗਲਾਸ ਪੀਤਾ ਤਾਂ ਉਸ ਦੀਆਂ ਅੱਖਾਂ ਬੱਸ ਮੁੰਦ ਹੀ ਹੋ ਗਈਆਂ ਸਨ। ਪਰ ਫਿਰ ਵੀ ਉਹ ਬੋਲੀ ਜਾ ਰਿਹਾ ਸੀ, "ਅੱਜ ਨੀਂਦਰ ਸਹੁਰੀ, ਕਿਥੋਂ ਏਨੀ ਆ ਗਈ ਏ? ਇਹ ਦੇਸੀ ਸ਼ਰਾਬ ਤੂੰ ਸੁਬੇਗ ਕਿਥੋਂ ਲਿਆਇਆ ਸੈਂ ਬਈ? ਇਕ ਤਾਂ ਇਹਦਾ ਸੁਆਦ ਬੜਾ ਅਜੀਬ ਏ ਤੇ ..।"

"ਲੈ, ਕੀ ਗੱਲਾਂ ਕਰਦੈਂ ਵੀਰਾ? ਏਸ ਠੇਕੇ ਤੋਂ ਤਾਂ ਆਪਾਂ ਸਦਾ ਹੀ ਖਰੀਦੀਦੀ ਏ। ਦਰਅਸਲ ਤੂੰ ਵਲੈਤ ਦੀ ਵਧੀਆ ਵਿਸਕੀ ਪੀਣੀ ਗਿੱਝਿਆ ਹੋਇਐਂ। ਕਿਉਂ ਬਈ ਗੁਰਚੇਤ, ਤੈਨੂੰ ਕਿਹੋ ਜਿਹਾ ਸੁਆਦ ਲੱਗਿਆ ਭਲਾ?" ਉਸ ਨੇ ਗੁਰਚੇਤ ਨੂੰ ਪਾੜ ਖਾਣੀਆਂ ਨਜ਼ਰਾਂ ਨਾਲ ਵੇਂਹਦਿਆਂ ਕਿਹਾ।

"ਪਹਿਲਾਂ ਵਰਗਾ ਹੀ।" ਗੁਰਚੇਤ ਜਿਵੇਂ ਖੂਹ ਵਿਚੋਂ ਬੋਲ ਰਿਹਾ ਸੀ।

"ਤੂੰ ਬਈ ਨਾ ਕੁਝ ਬੋਲਦੈਂ ਨਾ ਖਾਂਦੈਂ।" ਜੀਵਨ ਸਿੰਘ ਨੂੰ ਜਿਵੇਂ ਸ਼ਰਾਬ

ਬਾਕੀ ਪੰਨਾ 11 ਤੇ

ਸਾ ਹਿ ਤ ਦ ਰ ਪ ਣ

ਕਵਿਤਾ

ਬਰਫ਼ ਹੇਠ ਦਬਿਆ ਸੂਰਜ

ਜਗਤਾਰ ਢਾਅ

ਇਸ ਧਰਤ ਨੂੰ ਛੱਡ ਹੁਣ ਅਸੀਂ
ਜਾਵਾਂਗੇ ਵੀ ਤਾਂ ਕਿਧਰ ?

ਇਸ ਧਰਤ ਉੱਤੇ ਹਰ ਪਾਸੇ
ਨਿਜ ਦੀ ਰੇਤ ਹੀ ਖਿਡੀ ਪਈ
ਤੇ ਉਸ ਉੱਤੇ ਕਚੀ ਜਹੀ ਚਾਨਣੀ ਵਰਗੀ ਜਿਉਂ
ਧੁੱਪ ਹੋਏ ਡੁਲ੍ਹ ਗਈ ।

ਨਿਜ ਦੀ ਰੇਤ ਦੀਆਂ ਭਰ ਭਰ ਮੁਠੀਆਂ
'ਦਾਤਾ' ਇਥੋਂ ਦਾ
ਇਸ ਦੇ ਅੰਬਰੀਂ ਉਡਾਉਂਦਾ ਹੈ —
ਕਿਰਨਾਂ ਅੱਖੀਂ ਘੱਟਾ ਪਾਉਂਦਾ ਹੈ ।

ਇਸ ਧਰਤ ਦੀ ਧੁੱਪ ਵੀ ਤਾਂ
ਬੜੀ ਬੀਮਾਰ ਹੈ —
ਨਿਪੁੰਸਕ ਜਹੀ ਧੁੱਪ ਦਾ ਪਿੰਡਾ
ਬੜੀ ਹੀ ਠੰਡਾ ਠਾਰ ਹੈ ।

ਨਿਜ ਦੀ ਰੇਤ ਨਾਲ ਅੰਨ੍ਹਾ ਹੋਇਆ
ਬਰਫ਼ ਦੀ ਤਹਿ ਹੇਠ ਦਬਿਆ ਸੂਰਜ
ਭੂ-ਮੱਧ ਰੇਖਾ ਲਈ ਝੁਰਦਾ ਹੈ —
ਧੂੰਏਂ-ਬਦਲਾਂ ਨਾਲ ਭਰਿਆ ਅਸਮਾਨ
ਧਰਤ ਉੱਤੇ ਟਿਮਟਿਮਾਉਂਦੀਆਂ ਰੌਸ਼ਨੀਆਂ ਨੂੰ ਘੂਰਦਾ ਹੈ ।

ਇਸ ਧਰਤ ਦੇ ਰੁਖਾਂ ਨੂੰ
ਪਤਝੜ ਦੀ ਮਾਰ ਹੈ —
ਤੇ ਇਨ੍ਹਾਂ ਦੀਆਂ ਟਾਹਣੀਆਂ ਉੱਤੇ
ਮੋਏ ਪੰਛੀਆਂ ਦੀ ਭਰਮਾਰ ਹੈ ।

ਇਸ ਦੇ ਪਾਣੀਆਂ ਵਿਚ ਤੈਰਦੀਆਂ ਮਛਲੀਆਂ
ਬੜੀਆਂ ਹੀ ਦਗਦੀਆਂ ਹਨ —
ਅੰਦਰੋਂ ਬੂ ਮਾਰਦੀਆਂ ਇਹ ਮਛਲੀਆਂ
ਬਾਹਰੋਂ ਸੁਨਹਿਰੀ ਲਗਦੀਆਂ ਹਨ ।

ਇਥੋਂ ਦਾ 'ਦਾਤਾ'
ਦੋ ਬਿਲੀਆਂ ਵਿਚਕਾਰ
ਬਰਾਬਰ ਬਰਾਬਰ ਰੋਟੀ ਵੰਡਣ ਵਾਲਾ ਹੁਸ਼ਿਆਰ ਬਾਂਦਰ
ਹੈ ਆਪਣੇ ਕਸਬ ਦਾ ਬੜਾ ਹੀ ਮਾਹਰ
ਵੰਡੀਆਂ ਪਾ ਪਾ ਕੇ ਆਪਾ ਪਾਲਣਾ
ਹੈ ਇਸ ਬਾਂਦਰ ਦਾ ਰੁਜ਼ਗਾਰ ।

ਕਦੀ ਇਹ ਰੰਗਾਂ ਦੀਆਂ ਬਿਲੀਆਂ ਬਣਾਉਂਦਾ —
ਕਦੀ ਨਸਲਾਂ — ਕਦੀ ਕੌਮਾਂ
ਅਤੇ ਕਦੀ ਧਰਮਾਂ ਦੀਆਂ ਬਿਲੀਆਂ ਲੜਾਉਂਦਾ ।

ਇਹ ਸ਼ੈਤਾਨ ਬਾਂਦਰ
ਸੱਪ ਅਤੇ ਬਾਜ਼ ਨੂੰ ਤਕੜੀ ਦੇ
ਇਕੋ ਪਲੜੇ ਵਿਚ ਬਹਾ —
ਉਨ੍ਹਾਂ ਨੂੰ ਦਸਦਾ ਇਹ — 'ਧਰਮ ਭਰਾ'—
ਲੈਣਾ ਚਾਹੁੰਦਾ ਸੱਪ ਨੂੰ ਬਚਾ ।



ਲੰਡਨ ਵਿਚ ਜਗਤਾਰ ਢਾਅ, ਦੇਵਿੰਦਰ ਸਿੰਘ, ਦਰਸ਼ਨ ਗਿੱਲ, ਸਾਥੀ ਲੁਧਿਆਣਵੀ, ਸ਼ੇਰ ਜੰਗ ਜਾਂਗਲੀ, ਅਮਰਜੀਤ ਚੰਦਨ ਅਤੇ ਸ਼ਿਵਚਰਨ ਗਿੱਲ

ਇਸ ਦੇ 'ਲੋਕ-ਰਾਜ' ਵਿਚ
ਹੁਕਮਰਾਨ ਪਾਰਟੀਆਂ ਦਾ ਬਦਲਣਾ
ਸਾਈਨ ਬੋਰਡਾਂ ਨੂੰ ਬਦਲਣ ਦਾ ਹੈ ਇਕ ਜਾਲ —
ਵੱਖ ਵੱਖ ਬੁਰਕਿਆਂ ਹੇਠ
ਪਲਦੀ ਇਕੋ ਸਰਾਲ੍ਹ ।

ਦੇਖਣ ਨੂੰ ਤਾਂ ਇਸ 'ਦਾਤੇ' ਦਾ ਦਿਲ
ਦੁਨੀਆਂ ਦੇ ਦੁਖ ਪੀੜਤ ਲੋਕਾਂ ਨੂੰ ਦੇਖ ਕੇ
ਤੜਫ਼ ਤੜਫ਼ ਚੂਰਾ ਚੂਰਾ ਹੋ ਜਾਂਦਾ —
ਪਰ ਉਨ੍ਹਾਂ ਲਈ ਭੇਜੀ 'ਸਹਾਇਤਾ' ਦੀ
ਖੱਲ ਵਿਚ ਛੁਪਿਆ ਇਹ ਬਾਂਦਰ
ਜਾਂ ਦੋ ਬਿਲੀਆਂ ਬਣਾਂਦਾ —
ਆਪਣਾ ਜਾਲ ਪਾਂਦਾ ।

ਉਂਜ ਤਾਂ ਇਹ 'ਦਾਤਾ'
ਅਜ ਕਲ੍ਹ ਆਪਣੇ ਆਪ ਨੂੰ
ਆਜ਼ਾਦ ਕੌਮਾਂ ਦਾ ਹਾਮੀ ਕਹਾਉਂਦਾ —
ਪਰ ਆਇਰਲੈਂਡ ਵਿਚ ਚਮਕਦੇ ਸੂਰਜ ਨੂੰ ਬੁਝਾਉਣ ਲਈ
ਨਿਤ ਫਾਇਰ ਬਰਗੇਡ ਭਿਜਵਾਉਂਦਾ ।

ਖੋਲ੍ਹ ਰੱਖਿਆ ਹੈ ਇਸ ਨੇ
'ਸਿਰ ਫਿਰੇ ਲੋਕਾਂ' ਲਈ
'ਸਪੀਕਰਜ਼ ਕਾਰਨਰ' ਨਾਂ ਦਾ ਹਸਪਤਾਲ —
ਜਿਥੇ ਦਿਲ ਦਾ ਸੇਕ ਕੱਢ
ਸੜਨ ਤੋਂ ਆਪਾ ਬਚਾਇਆ ਜਾ ਸਕਦਾ —
'ਪਾਗਲ-ਪਨ' ਤੋਂ ਅਰਾਮ ਪਾਇਆ ਜਾ ਸਕਦਾ ।

ਪਰ ਜਦੋਂ ਮੂੰਹ ਹੱਥਾਂ ਵਿਚ ਤਬਦੀਲੀ ਲਏਗਾ
ਸੋਚਾਂ ਦਾ ਬੇੜਾ
ਕਰਮ ਦੇ ਡੂੰਘੇ ਪਾਣੀਆਂ ਵਿਚ ਠਹੇਗਾ —
ਤਾਂ ਇਹ ਹੁਸ਼ਿਆਰ ਬਾਂਦਰ
'ਮੱਖਣ ਵਿਚੋਂ ਵਾਲ' ਕਢ ਦਏਗਾ ।

ਇਹ 'ਦਾਤਾ' ਆਪਣੀ ਕਲਾ ਦਾ
ਬੜਾ ਹੀ ਮਾਹਰ ਹੈ —
ਸਨਅਤੀ ਤਕਨੀਕ
ਇਸ ਦੇ ਹੱਥਾਂ ਦਾ ਹਥਿਆਰ ਹੈ ।

ਨਹੀਂ ਲੋੜ ਇਸ ਨੂੰ
'ਪਾਗਲ-ਪਨ' ਦੇ ਇਲਾਜ਼ ਲਈ
ਘਰ ਘਰ ਡਾਕਟਰ ਭੇਜੇ —
ਇਹ ਤਾਂ ਭੇਜਦਾ ਹੈ
ਹਵਾ ਵਿਚ ਤੈਰਦੇ ਕੀਟਾਣੂ
ਜੋ ਟੈਲੀਵੀਯਨਾਂ ਰਾਹੀਂ
ਦੁਖਾਂ ਦਰਦਾਂ ਨਾਲ ਨਪੀੜੀ ਜਾ ਰਹੀ ਆਤਮਾ ਨੂੰ
ਬੜਾ ਹੀ ਅਰਾਮ ਪਹੁੰਚਾਉਂਦੇ ਹਨ —
ਜਾਗਦੀ ਆਤਮਾਂ ਨੂੰ
ਗੂੜ੍ਹੀ ਨੀਂਦਰ ਸੁਲਾਉਂਦੇ ਹਨ ।

ਬਨਾਉਣਾ ਚਾਹੁੰਦੇ ਨੇ ਇਹ 'ਦਾਤੇ'
ਹਰ ਕਿਰਤੀ ਦਾ ਖੋਤਾ
ਜੋ ਡਗਾ ਖਾ ਕੇ ਰਫ਼ਤਾਰ ਤਾਂ ਵਧਾਵੇ —
ਪਰ ਮੂੰਹ ਉੱਤੇ ਸ਼ਕਾਇਤ ਦਾ
ਕੋਈ ਹਰਫ਼ ਨਾ ਲਿਆਵੇ ।

ਬਣਾ ਦੇਣਾ ਚਾਹੁੰਦੇ ਨੇ ਇਹ 'ਦਾਤੇ'
ਆਦਮੀ ਦਾ ਪਾਲਤੂ ਤੋਤਾ —
ਜੋ ਆਪਣੇ ਮਾਲਕ ਦੀ ਬੋਲੀ ਬੋਲਣ ਵਿਚ
ਰਤਾ ਵੀ ਖਾਂਦਾ ਨਹੀਂ ਧੋਖਾ ।

ਇਹ ਚਾਹੁੰਦੇ ਨੇ ਕਿ ਅਸੀਂ
ਆਪਣੇ 'ਅੰਨਦਾਤਾ' ਦੀ ਜੈ ਜੈ ਕਾਰ ਦੇ
ਨਾਅਰੇ ਲਾਈਏ —
ਤੇ ਦਿਨ ਰਾਤ ਇਨ੍ਹਾਂ ਦੀਆਂ
'ਮਿਹਰਬਾਨੀਆਂ' ਦੇ ਗੁਣ ਗਾਈਏ ।

ਕਿ ਜਿਨ੍ਹਾਂ ਸਾਡੀਆਂ ਸੁਕੀਆਂ ਆਂਦਰਾਂ ਨੂੰ
'ਖੁਸ਼ਹਾਲ' ਕੀਤਾ —
ਘਰਾਂ ਦੀ ਤਲਾਸ਼ ਵਿਚ ਭਟਕਦਿਆਂ ਨੂੰ
ਇੱਟਾ ਪੱਥਰਾਂ ਵਾਲਾ
ਸ਼ੀਸ਼ਿਆਂ-ਲੱਕੜਾਂ ਵਾਲਾ
ਮਕਾਨ ਦਿਤਾ ।

ਕਿ ਜਿਨ੍ਹਾਂ ਦੀਆਂ ਕੰਧਾਂ ਉੱਤੇ ਹੁਣ ਅਸੀਂ
ਛਿਪਕਲੀ ਦੀ ਹਸਰਤ ਹੰਢਾਉਂਦੇ ਹਾਂ —
ਸਿਪੀ ਦੀ ਜੂਨੇ ਪੈਣੇ ਨੂੰ
ਨਾ ਦੇ ਮੁਕਤੀ ਦਾ
ਉਸ ਦਾ ਜਸ਼ਨ ਮਨਾਉਂਦੇ ਹਾਂ ।

ਪੰਨਾ 10 ਦੀ ਬਾਕੀ

ਦੀ ਗੱਲ ਭੁੱਲ ਹੀ ਗਈ ਤੇ ਉਹ ਲਗਾਤਾਰ ਗੁਰਚੇਤ ਦੀ ਪਿੱਠ ਉੱਤੇ ਹੱਥ ਫੇਰੀ ਜਾ ਰਿਹਾ ਤੇ ਕਹੀ ਜਾ ਰਿਹਾ ਸੀ "ਕਾਕਾ ਤੂੰ ਖੁਸ਼ ਰਿਹਾ ਕਰ। ਤੈਨੂੰ ਫਿਕਰ ਕਿਹੜੀ ਗੱਲ ਦਾ ਏ ? ਮੈਂ ਜੁ ਹਾਂ। ਸੁਬੇਗ ਜੂ ਹੈ ਤੇਰੇ ਕੋਲ। ਜੇ ਅੱਜ ਤੇਰੀ ਭਾਬੀ ਜਿਉਂਦੀ ਹੁੰਦਾ ਤਾਂ ਤੈਨੂੰ ਦਬਕਾ ਮਾਰ ਕੇ ਪਿਆਰ ਨਾਲ ਆਖਦੀ ਕਿ ਦਿਉਰਾ ਹੱਸ ਕੇ ਤਾਂ ਦਿਖਾ।" ਤੇ ਫੇਰ ਜੀਵਨ ਸਿੰਘ ਭੁੱਬੀਂ ਰੋਣ ਲੱਗ ਪਿਆ ਤੇ ਉਥੇ ਹੀ ਮੰਜੇ ਤੇ ਬੈਠਾ ਬੈਠਾ ਇਕ ਪਾਸੇ ਨੂੰ ਢਹਿ ਪਿਆ ਤੇ ਘੂਕ ਸੌਂ ਗਿਆ। ਉਸ ਦੀਆਂ ਗੱਲ੍ਹਾਂ ਤੋਂ ਹਾਲੀ ਹੰਝੂ ਸੁੱਕੇ ਨਹੀਂ ਸੀ, ਜਦੋਂ ਸੁਬੇਗ ਨੇ ਉਹਦੀ ਗੱਲ੍ਹ ਤੇ ਕਰਾਰਾ ਥੱਪੜ ਜੜ੍ਹ ਦਿੱਤਾ। ਗੁਰਚੇਤ ਤ੍ਰਬਕ ਗਿਆ ਤੇ ਬੜਾ ਹੈਰਾਨ ਹੋਇਆ ਕਿ ਏਡੇ ਤਕੜੇ ਥੱਪੜ ਦੇ ਬਾਵਜੂਦ ਵੀ ਜੀਵਨ ਸਿੰਘ ਜਾਗਿਆ ਨਹੀਂ ਸੀ।

"ਲੈਣ ਹੁਣ ਦੋ ਦਿਨ ਇਹਦੀ ਨੀਂਦ ਨਹੀਂ ਉਤਰਨੀ।" ਸੁਬੇਗ ਸਿੰਘ ਨੇ ਹਥਲਾ ਸ਼ਰਾਬ ਦਾ ਗਲਾਸ ਪਰ੍ਹਾਂ ਰੱਖਦਿਆਂ ਕਿਹਾ, "ਮੈਂ ਇਹਦੀ ਸ਼ਰਾਬ ਵਿਚ ਨੀਂਦਰ ਦੀਆਂ ਗੋਲੀਆਂ ਜੁ ਪਾ ਦਿੱਤੀਆਂ ਸਨ। ਲੈ ਹੁਣ ਚੁੱਕ ਇਹਨੂੰ ਤੇ ਟਰੈਕਟਰ ਦੀ ਟਰਾਲੀ ਵਿਚ ਲੱਦ।

ਗੁਰਚੇਤ ਕੁਝ ਨਾ ਬੋਲਿਆ। ਕੇਵਲ ਅੱਤ ਡਰੀਆਂ ਅੱਖਾਂ ਨਾਲ ਪ੍ਰਸ਼ਨ ਚਿੰਨ੍ਹਾਂ ਵਰਗੇ ਗਲੇਡੂ ਭਰ ਕੇ ਸੁਬੇਗ ਸਿੰਘ ਵੱਲ ਤੱਕਣ ਲੱਗ ਪਿਆ।

"ਮੇਰੇ ਕੰਨੀ ਕੀ ਝਾਕਣ ਡਿਹੈਂ ਸਾਲਿਆ, ਸੂਰਾ ਜਿਹਾ।" ਸੁਬੇਗ ਸਿੰਘ ਨੇ ਕੜਕ ਕੇ ਗੁਰਚੇਤ ਨੂੰ ਕਿਹਾ, "ਪਿਪਲੀ ਵਾਲੇ ਖੂਹ ਵਿਚ ਸੁੱਟ ਦਿੰਦੇ ਹਾਂ। ਲੋਕੀ ਸੋਚਣਗੇ ਕਿ ਵਹੁਟੀ ਦੇ ਵਗੋਚੇ ਵਿਚ ਆਤਮ ਹੱਤਿਆ ਕਰ ਬੈਠਾ ਹੋਊ।"

"ਪਰ ਵੀਰਾ", ਗੁਰਚੇਤ ਨੇ ਕੰਬਦਿਆਂ ਕਿਹਾ, "ਸਾਡਾ ਇਹ ਵੀਰਾ ਤਾਂ ਬਹੁਤ ਚੰਗਾ ਏ। ਮਾਂ ਕਹਿੰਦੀ ਹੁੰਦੀ ਸੀ, ਮੇਰੇ ਜੀਵਨ ਵਰਗਾ ਜੱਗ ਵਿਚ ਕੋਈ ਨਹੀਂ ਹੋ ਸਕਦਾ। ਈਹਨੇ, ਕੁਲ ਤਾਰ ਦਿੱਤੀ ਊ। ਪੁੱਤਰਾ ਇਹਦਾ ਕੀਤਾ ਨਾ ਭੁੱਲਿਊ। ਨਾਲੇ .... ।"

"ਹਾਅ ਉਪਦੇਸ਼ ਬੰਦ ਕਰ ਉਇ ਵੱਡਿਆ ਗਿਆਨੀਆਂ।" ਗੁਰਚੇਤ ਨੇ ਕੰਬਦਿਆਂ ਹੋਇਆਂ ਲੱਤਾ ਵਲੋਂ ਤੇ ਸੁਬੇਗ ਨੇ ਬਾਹਾਂ ਵਲੋਂ ਜੀਵਨ ਨੂੰ ਪਕੜ ਕੇ ਟਰੈਕਟਰ ਟਰਾਲੀ ਦੇ ਖੁਰਦਰੇ ਫਰਸ਼ ਉੱਤੇ ਸੁੱਟ ਲਿਆ। ਉਸ ਦੇ ਨੀਲੇ ਸੂਟ ਉੱਤੇ ਲੱਗੀ ਟਰਾਲੀ ਵਿਚ ਮਿੱਟੀ ਚਾਂਦੀ ਵਾਂਗੂੰ ਚਮਕ ਰਹੀ ਸੀ। ਗੁਰਚੇਤ ਨੂੰ ਉਹਦੀ ਹੁਣੇ ਹੁਣੇ ਆਖੀ ਗੱਲ ਕਿ ਉਹਨੂੰ ਵਤਨ ਦੀ ਮਿੱਟੀ ਨਾਲ ਮੋਹ ਹੈ, ਨਸ਼ਤਰਾਂ ਵਾਂਗ ਚੁਭ ਰਹੀ ਸੀ।

ਗੁਰਚੇਤ, ਟਰਾਲੀ ਵਿਚ ਪਏ ਬੇਸੁਰਤ ਜੀਵਨ ਦੇ ਸਿਰ ਵਲ ਬਹਿ ਗਿਆ ਤੇ ਉਹਨੇ ਮਲਕੜੇ ਜਿਹੇ ਉਹਦਾ ਸਿਰ ਆਪਣੇ ਸੱਜੇ ਪੱਟ ਉੱਤੇ ਰੱਖ ਲਿਆ।

ਸੁਬੇਗ ਨੇ ਜਦੋਂ ਟਰੈਕਟਰ ਸਟਾਰਟ ਕੀਤਾ ਤਾਂ ਟਿਕੀ ਰਾਤ ਵਿਚ ਜੰਬੋ ਜੈਟ ਵਰਗਾ ਸ਼ੋਰ ਮੱਚ ਗਿਆ। ਲਾਗਲੇ ਦਰਖਤਾਂ ਉੱਤੇ ਬੈਠੇ ਪੰਖੇਰੂ ਬੋਲਣ ਲਗ ਪਏ ਤੇ ਕਈ ਉਡ ਗਏ। ਉਗਾਲੀ ਕਰਦੇ ਡੰਗਰ ਤ੍ਰੌਂ ਕੂ ਤੁਰਨ ਲੱਗ ਪਏ। ਰੋਂਦੇ ਗਿੱਦੜਾਂ, ਭੌਂਕਦੇ ਕੁੱਤਿਆਂ, ਗਾਉਂਦੇ ਬਿੰਡਿਆਂ ਤੇ ਲਾਗਲੇ ਪਿੰਡੋਂ ਆ ਰਹੀ ਪਾਠ ਦੀ ਆਵਾਜ਼ ਇੰਜਣ ਦੇ ਰੌਲੇ ਵਿਚ ਡੁੱਬ ਗਈ।

ਚੰਨ ਦੀ ਪੀਲੀ ਚਿੱਪਰ ਟਰੈਕਟਰ ਦੇ ਨਾਲ ਨਾਲ ਟੁਰ ਰਹੀ ਸੀ। ਗੁਰਚੇਤ ਨੇ ਅਸਮਾਨ ਵੱਲ ਵੇਖਿਆ ਤਾਂ ਉਹਨੂੰ ਹਰ ਤਾਰੇ ਵਿਚੋਂ ਜੀਵਨ ਤੇ ਆਪਣੀ ਮਾਂ ਦਾ ਅਕਸ ਨਜ਼ਰੀਂ ਪੈ ਰਿਹਾ ਸੀ। ਮਾਂ, ਜਿਹਦੇ ਟੁਰਨ ਤੋਂ ਬਾਅਦ ਸੁਬੇਗ ਤੇ ਉਹ ਦੀ ਵਹੁਟੀ ਨੇ ਉਹਨੂੰ ਕਦੀ ਪਿਆਰ ਨਹੀਂ ਸੀ ਦਿਤਾ। ਜੇ ਕੋਈ ਪਿਆਰ ਦਿੰਦਾ ਸੀ ਤਾਂ ਜੀਵਨ ਸਿੰਘ, ਪਰ ਉਹ ਵਰ੍ਹੀਂ ਕਾਲੀਂ ਹੀ ਦੇਸ਼ ਫੇਰਾ ਮਾਰਦਾ ਸੀ, ਤਦ ਵੀ ਉਹਦਾ ਕੇਡਾ ਹੀ ਆਸਰਾ ਸੀ। ਉਹ ਪਿਉ ਵਰਗਾ ਭਰਾ ਸੀ ... ਤੇ ਗੁਰਚੇਤ ਦੀ ਵਹੁਟੀ ਪਤੀ ਨੂੰ ਪਿਆਰ ਤਾਂ ਕਰਦੀ ਸੀ, ਪਰ ਸੁਬੇਗ ਤੋਂ ਡਰਨਾ ਉਹਨੂੰ ਚੰਗਾ ਨਹੀਂ ਸੀ ਲਗਦਾ। ਜਿਸ ਕਰਕੇ ਉਹ ਆਪਸ ਵਿਚ ਕਈ ਵਾਰ ਖਹਿਬੜ ਪੈਂਦੇ ਸਨ।

ਇਕ ਥਾਵੇਂ ਇਕ ਹੁਜਕੇ ਨਾਲ ਟਰੈਕਟਰ ਰੁਕ ਗਿਆ। ਗੁਰਚੇਤ ਨੂੰ ਅਹਿਸਾਸ ਹੀ ਨਾ ਹੋਇਆ ਕਿ ਉਹ ਚੁੱਪ-ਚਪੀਤੇ ਰੋ ਰਿਹਾ ਸੀ ਤੇ ਉਹਦੇ ਗਰਮ ਹੰਝੂ ਜੀਵਨ ਸਿੰਘ ਦੇ ਸ਼ਾਂਤ ਮੂੰਹ 'ਤੇ ਡਿਗ ਕੇ ਉਹਦੀ ਟਾਈ ਅਤੇ ਗਲਮੇ ਨੂੰ ਭਿਉਂ ਰਹੇ ਸਨ।

"ਚੁੱਕ ਉਏ ਇਹਨੂੰ ਪਹਿਲਾਂ ਵਾਂਗੂੰ ਹੀ ਟੰਗਾਂ ਵੱਲੋਂ", ਸੁਬੇਗ ਸਿੰਘ ਨੇ ਕੜਕਦਿਆਂ ਬਿੱਲੀ ਵਾਂਗੂੰ ਸੁੰਗੜਕੇ ਬੈਠੇ ਗੁਰਚੇਤ ਨੂੰ ਕਿਹਾ। ਰਾਤ ਦੇ ਪੀਲੇ ਚਾਨਣ ਵਿਚ ਉਹਦਾ ਪੀਲਾ ਚਿਹਰਾ ਮੁਰਦਿਆਂ ਵਰਗਾ ਲੱਗ ਰਿਹਾ ਸੀ। ਜੀਵਨ ਸਿੰਘ ਉਸੇ ਤਰ੍ਹਾਂ ਘੂਕ ਸੁੱਤਾ ਪਿਆ ਹੋਇਆ ਸੀ।

ਗੁਰਚੇਤ ਨੇ ਆਲਾ ਦੁਆਲਾ ਵੇਖਿਆ ਤਾਂ ਬੜਾ ਹੈਰਾਨ ਹੋਇਆ, ਕਿਉਂਕਿ ਪਿਪਲੀ ਵਾਲਾ ਖੂਹ ਤਾਂ ਹਾਲੀਂ ਅੱਧੀ ਫਰਲਾਂਗ ਉੱਤੇ ਸੀ। ਉਸਨੂੰ ਹਾਲੀ ਵੀ ਲੱਗ ਰਿਹਾ ਸੀ ਕਿ ਸੁਬੇਗ ਸਿੰਘ ਕੋਈ ਕੋਝਾ ਜਿਹਾ ਮਜ਼ਾਕ ਹੀ ਕਰ ਰਿਹਾ ਸੀ। ਉਸਦੇ ਕੁਝ ਕਹਿਣ ਤੋਂ ਪਹਿਲਾਂ ਹੀ ਸੁਬੇਗ ਨੇ ਕਿਹਾ,

"ਟਰੈਕਟਰ ਦੀ ਪੈੜ ਖੂਹ ਤੀਕ ਨਹੀਂ ਲਿਜਾਣੀ ਤੇ ਤੂੰ ਵੀ ਘਾਹ ਦੇ ਉਪਰ ਉਪਰ ਹੀ ਟੁਰੀਂ। ਔਹ ਤਾਜ਼ੇ ਵਾਹੇ ਖੇਤ ਵਿਚ ਨਹੀਂ ਵੜਨਾ।"

ਗੁਰਚੇਤ ਕਿਉਂਕਿ ਜਿਸਮੋਂ ਸੁਥਕ ਸੀ, ਇਸ ਲਈ ਉਹ ਜੀਵਨ ਨੂੰ ਬਹੁਤੀ ਦੇਰ ਤੀਕ ਨਾ ਚੁੱਕ ਸਕਿਆ। ਸੁਬੇਗ ਸਿੰਘ ਨੇ ਖਿਝ ਕੇ ਉਹਨੂੰ ਚੰਡ ਮਾਰਦਿਆਂ ਬੇਸੁਰਤ ਪਏ ਭਰਾ ਨੂੰ ਕੰਧਾੜੇ ਚੁੱਕ ਲਿਆ।

ਕੁਝ ਦੇਰ ਦੀ ਚੁੱਪ ਪਿਛੋਂ ਰੇਡੀਓ ਦਾ ਸਵਿੱਚ ਆਨ ਕਰਨ ਵਾਂਗ ਗੁਰਚੇਤ ਬੋਲਣ ਲਗ ਪਿਆ,

"ਤਾਜ਼ੇ ਵਾਹੇ ਦੀ ਮਹਿਕ ਵੀਰੇ ਨੂੰ ਕਿੰਨੀ ਚੰਗੀ ਲਗਦੀ ਹੈ। ਇਹ ਵਤਨ ਦੀ ਮਿੱਟੀ ਤੇ ਲੋਕਾਂ ਦਾ ਆਸ਼ਕ ਹੈ। ਕਾਲਜ ਪੜ੍ਹਦਿਆਂ ਇਹ ਲੋਕ ਲਹਿਰਾਂ ਵਿਚ ਕਿੰਨਾ ਹਿੱਸਾ ਲੈਂਦਾ ਹੁੰਦਾ ਸੀ। ਕਿਸੇ ਨਾਲ ਬੇਇਨਸਾਫੀ ਹੁੰਦੀ ਇਹ ਜਰ ਨਹੀਂ ਸਕਦਾ। ਇਹ ਬੜਾ ਚੰਗਾ ਮਨੁੱਖ ਹੈ ਤੇ ਬੜਾ ਚੰਗਾ ਵੀਰ। ਮਾਂ ਦਾ ਇਹ ਚੰਗਾ ਪੁੱਤਰ ਸੀ। ਮਾਂ ਕਹਿੰਦੀ ਹੁੰਦੀ ਸੀ, 'ਮੇਰਾ ਜੀਵਨ ਤਾਂ ਕੋਈ ਸੰਤ ਹੋਣਾ ਚਾਹੀਦਾ ਸੀ, ਜੀਹਦੇ ਅਸੂਲਾਂ ਉੱਤੇ ਲੋਕੀ ਟੁਰ ਸਕਦੇ। ਇਹ ਸੱਚ ਦਾ ਪ੍ਰਤੀਕ ਤੇ ਕਿਰਤੀਆਂ ਦਾ ਦਿਲਦਾਦਾ ਹੈ। ਵੀਰਾ, ਇਹ ਤਾਂ ਸਾਨੂੰ ਬਹੁਤ ਪਿਆਰ ਕਰਦਾ ਏ ਵੀਰਾ ਇਹੋ ਜਿਹਾ ਵੀਰਾ ਅਸੀਂ ਕਿੱਥੋਂ ਲੱਭਾਂਗੇ ?" ਫਿਰ ਉਸ ਸੁਬੇਗ ਦਾ ਰਾਹ ਰੋਕਦਿਆਂ ਤਰਲਾ ਕੀਤਾ,

"ਵੀਰਾ, ਪਲੀਜ਼।"

"ਮੇਰੇ ਨਾਲ ਹਾਅ ਗਰੇਜੀ ਜਿਹੀ ਨਾ ਬੋਲ", ਸੁਬੇਗ ਉਸੇ ਤਰ੍ਹਾਂ ਡਟਿਆ ਹੋਇਆ ਸੀ, "ਸਾਲਾ ਕੋਹੜ ਕਿਰਲਾ ਜਿਹਾ। ਮਾਸਟਰ ਤੈਨੂੰ ਕਿਹੜੇ ਕੰਜਰ ਨੇ ਰੱਖ ਲਿਆ ? ਔਹੋ ਜਿਹੇ ਬੁਜ਼ਦਿਲ ਤੇ ਡਰਪੋਕ ਨੂੰ ਤਾਂ ਕੋਈ ਝਾੜੂ ਫੇਰਨ ਉੱਤੇ ਵੀ ਨਾ ਰੱਖੇ। ਲੱਗਾ ਈ ਜੀਵਨ ਸਿਹੁੰ ਦੀਆਂ ਸਿਫਤਾਂ ਕਰਨ, ਜਿਵੇਂ ਸਾਨੂੰ ਤਾਂ ਕੁਝ

(ਬਾਕੀ ਪੰਨਾ 12 ਤੇ

ਪੰਨਾ 11 ਦੀ ਬਾਕੀ

ਪਤਾ ਹੀ ਨਹੀਂ ਈਹਦੇ ਬਾਰੇ। ਚੰਗਾ ਹੁੰਦਾ ਤਾਂ ਵਿਆਹ ਦੋਬਾਰਾ ਕਰਵਾਉਣ ਬਾਰੇ ਕਿਉਂ ਸੋਚਦਾ ? ਭਰਾਵਾਂ ਦੇ ਲੇਖੇ ਲਾ ਦਿੰਦਾ ਖਾਂ ਜ਼ਿੰਦਗੀ। ਤੂੰ ਸਾਲਿਆ ਮੀਣਿਆ ਜਿਹਾ, ਲੱਗਾ ਈਂ ਅੱਜ ਮਾਂ ਕਹਿੰਦੀ ਹੁੰਦੀ ਸੀ, ਮਾਂ ਕਹਿੰਦੀ ਹੁੰਦੀ ਸੀ ਗਾਉਣ, ਜਿਵੇਂ ਦੁੱਧ ਚੁੰਘਦਾ ਨਿਆਣਾ ਹੋਵੇ, ਸ਼ਰਮ ਤਾਂ ਨੀਂ ਆਂਦੀ ਹੋਣੀ।"

ਉਸਨੂੰ ਹੱਥ ਨਾਲ ਪਰ੍ਹਾਂ ਕਰਦਿਆਂ ਸੁਖੇਗ ਸਿੰਘ ਤੁਰੀ ਗਿਆ।

ਖੂਹ ਦੀ ਮੌਣ ਉਤੇ ਬੇਸੁਰਤ ਪਏ ਜੀਵਨ ਸਿੰਘ ਨੂੰ ਧਰ ਕੇ ਉਹ ਹੌਂਕਦਾ ਹੋਇਆ ਬੋਲੀ ਗਿਆ,

"ਹੁਣ ਘਰ ਜਾ ਕੇ ਤੀਮੀਂ ਨਾਲ ਨਾ ਸੌਂ ਜਾਈਂ। ਦੋ ਚਾਰ ਗੁਆਂਢੀਆਂ ਨੂੰ ਜਗਾ ਕੇ ਰੌਲਾ ਪਾਉਣਾ ਹੈ, ਕਿ ਸਾਡਾ ਵਲੈਤ ਵਾਲਾ ਭਾਈ ਸ਼ਰਾਬ ਪੀ ਕੇ ਰੋਂਦਾ ਕੁਰਲਾਂਦਾ ਤੇ ਆਪਣੀ ਘਰ ਵਾਲੀ ਦੇ ਵੈਣ ਪਾਉਂਦਾ ਖੇਤਾਂ ਵੱਲ ਦੌੜ ਗਿਆ ਹੈ। ਅਸੀਂ ਤਾਂ ਲੱਭ ਲੱਭ ਥੱਕ ਗਏ ਆਂ। ਸਾਡੀ ਮਦਦ ਕਰੋ, ਆਪੇ ਉਹ ਹੌਲੀ ਹੌਲੀ ਏਸ ਖੂਹ ਵਿਚ ਇਹਦੀ ਤਰਦੀ ਹੋਈ ਲਾਸ਼ ਵੇਖ ਲੈਣਗੇ।"

ਪਿਪਲੀ ਵਾਲਾ ਇਹ ਖੂਹ ਕਿੰਨੀ ਹੀ ਦੇਰ ਤੋਂ ਅਣਵਰਤਿਆ ਪਿਆ ਸੀ। ਲੋਕਾਂ ਨੇ ਬੰਬੀਆਂ ਤੇ ਹਲਟ ਲੁਆ ਲਏ ਸਨ। ਕਹਿੰਦੇ ਨੇ ਇਸ ਵਿਚ ਤਕੜੇ ਸੱਪ ਸਪੋਲੀਏ ਸਨ। ਹਰ ਕੋਈ ਏਸ ਖੂਹ ਤੋਂ ਭੈਅ ਖਾਂਦਾ ਸੀ, ਜਿਵੇਂ ਈਹਦੇ 'ਚ ਸੱਪਾਂ ਦੇ ਨਾਲ ਨਾਲ ਭੂਤ ਵੀ ਰਹਿੰਦੇ ਹੋਣ, ਕਿਉਂਕਿ ਕਹਿੰਦੇ ਨੇ ਕਿ ਇਸ ਵਿਚ ਹੁਣ ਤੱਕ ਕਈ ਲੋਕ ਡਿੱਗਕੇ ਖੁਦਕਸ਼ੀ ਕਰ ਚੁੱਕੇ ਹਨ।

ਸੁਖੇਗ ਸਿੰਘ ਹਾਲੀਂ ਵੀ ਥੱਕ ਕੇ ਹੌਂਕ ਰਿਹਾ ਸੀ, ਪਰ ਗੁਰਚੇਤ ਖੂਹ ਦੀ ਮੌਣ ਉਤੇ ਘੂਕ ਸੁੱਤੇ ਪਏ ਜੀਵਨ ਸਿੰਘ ਦੇ ਕਾਲੇ, ਪਰ ਕਿਧਰੇ ਕਿਧਰੇ ਚਿੱਟੇ ਹੋ ਚੁੱਕੇ ਵਾਲਾਂ ਉਤੇ ਹੱਥ ਫੇਰਦਾ ਹੋਇਆ ਆਖੀ ਜਾ ਰਿਹਾ ਸੀ।

"ਮਾਂ ਕਹਿੰਦੀ ਹੁੰਦੀ ਸੀ, ਮੇਰੇ ਜੀਵਨ ਦੇ ਵਾਲ ਕਿੰਨੇ ਲੰਮੇ ਹਨ ਨਾਲੇ ਕਿੰਨੇ ਘਣੇ ਤੇ ਸਿਆਹ ਤੇ ਫੇਰ ਜਦੋਂ ਇਸ ਨੇ ਇੰਗਲੈਂਡ ਪੁੱਜਕੇ ਵਾਲ ਕਟਾ ਲਏ ਸਨ ਤਾਂ ਮਾਂ ਆਖਣ ਲੱਗ ਪਈ ਸੀ, ਗੋਰਾ ਚਿੱਟਾ ਮੇਰਾ ਜੀਵਨ ਤਾਂ ਅੰਗਰੇਜ਼ ਲੱਗਦਾ ਹੋਊ। ਮਾਂ ਕਹਿੰਦੀ ਹੁੰਦੀ ਸੀ ....।"

ਗੁਰਚੇਤ ਦਾ ਵਾਕ ਹਾਲੀ ਪੂਰਾ ਨਹੀਂ ਸੀ ਹੋਇਆ ਕਿ ਸੁਖੇਗ ਨੇ ਜੀਵਨ ਸਿੰਘ ਨੂੰ ਬਾਹਵਾਂ ਤੋਂ ਫੜਕੇ ਖੂਹ ਦੇ ਅੰਤਮ ਕੰਢੇ ਤੀਕ ਲੈ ਆਂਦਾ। ਉਹ ਉਸ ਨੂੰ ਸੁੱਟਣ ਹੀ ਲੱਗਾ ਸੀ ਕਿ ਗੁਰਚੇਤ ਬਿਜਲੀ ਵਰਗੀ ਤੇਜ਼ੀ ਨਾਲ ਉਠਿਆ ਤੇ ਸੁਖੇਗ ਸਿੰਘ ਦੀ ਗਿੱਚੀ ਵਿਚ ਅਜਿਹਾ ਕਰਾਰਾ ਮੁੱਕਾ ਮਾਰਿਆ ਕਿ ਉਹ ਭੁਆਂਟਣੀ ਖਾ ਕੇ ਖੂਹ ਵਿਚ ਡਿੱਗ ਪਿਆ।

ਨਜ਼ਮ

ਅਮਰਜੀਤ ਚਾਹਲ

ਸਾੜੇ ਗਏ ਗਰੰਥਾਂ ਨੂੰ ਨਾ ਰੋਵੋ
ਢਹਿ ਗਏ ਮੰਦਰਾਂ ਨੂੰ ਨਾ ਰੋਵੋ
ਪੂਰੇ ਗਏ ਸਰੋਵਰਾਂ ਨੂੰ ਨਾ ਰੋਵੋ
ਢਹਿ ਗਏ ਤਖਤਾਂ ਨੂੰ ਨਾ ਰੋਵੋ
ਵੱਢੇ ਗਏ ਪਸ਼ੂਆਂ ਦੇ ਸਿਰਾਂ ਤੇ ਪੂਛਾਂ ਨੂੰ ਨਾ ਰੋਵੋ
ਰੋਣ ਲਈ ਇਨਾਂ ਤੋਂ ਬਿਨਾਂ ਵੀ ਬਹੁਤ ਕੁਝ ਬਾਕੀ ਹੈ ਅਜੇ।


ਤੀਲਾ ਤੀਲਾ ਚੁਗ ਕੇ ਬਣਾਇਆ ਆਲ੍ਹਣਾ
ਪੋਰਿਆ ਪੋਰਿਆ ਕਰਕੇ ਜੁਆਨ ਕੀਤਾ ਪੁੱਤ
ਕਾਵਾਂ ਤੇ ਚੂਹਿਆਂ ਤੋਂ ਬਚਾ ਬਚਾ ਰੱਖੀਆਂ ਮੁਟਿਆਰ ਧੀਆਂ
ਰੁਖੀ-ਮਿਸੀ ਖਾ ਕੇ ਬਣਿਆ - ਤੇ ਅਜਾਈਂ ਡੁਲ੍ਹਿਆ ਲਹੂ
ਹੱਥਾਂ ਦੀ ਮਹਿੰਦੀ
ਵੀਣੀ ਦੀਆਂ ਵੰਗਾਂ
ਨੱਕ ਦੀ ਨੱਥ
ਸਾਂਝੀਵਾਲਤਾ
ਬਹੁਤ ਕੁਝ ਬਾਕੀ ਹੈ ਅਜੇ।

ਰੋਵੋ ਨਾ
ਰੋਣਾ — ਕਾਇਰਤਾ ਹੈ
ਅਜੇ ਬਹੁਤ ਕੁਝ ਘੋਖਣਾ ਬਾਕੀ ਹੈ।
ਅਜੇ ਬਹੁਤ ਕੁਝ ਸੋਚਣਾ ਬਾਕੀ ਹੈ।

ਸਾੜੇ ਗਏ
ਢਾਏ ਗਏ
ਪੂਰੇ ਗਏ
ਵੱਢੇ ਗਏ
ਮਨੁਖਤਾ ਦੇ ਰਾਹ ਵਿਚ ਅਟਕਾ ਸਨ

ਲੋਕੋ ! ਇਨਾਂ ਲਈ ਨਾ ਰੋਵੋ

ਬਹੁਤ ਕੁਝ ਕਰਨਾ ਬਾਕੀ ਹੈ ਅਜੇ
ਬਹੁਤ ਕੁਝ ਸੋਚਣਾ ਬਾਕੀ ਹੈ ਅਜੇ
ਬਹੁਤ ਕੁਝ ਘੋਖਣਾ ਬਾਕੀ ਹੈ ਅਜੇ।



.ਗ਼ਜ਼ਲ

ਕੁਲਵੰਤ ਸਿੰਘ ਔਜਲਾ

ਨਾ ਤਾਂ ਵਗੀਆਂ ਉਸ ਦੇ ਘਰ 'ਚ ਦੁੱਧ ਘਿਉ ਦੀਆਂ ਨਹਿਰਾਂ।
ਦੂਜਾ ਉਸ ਦਾ ਪੁੱਤਰ ਮੋਇਆ ਨਾਲ ਪੁਲਿਸ ਦੇ ਕਹਿਰਾਂ।

ਸਾਨੂੰ ਕੀ ਮਿਲਣਾ ਹੈ ਬੇਸ਼ੱਕ ਚੰਡੀਗੜ੍ਹ ਮਿਲ ਜਾਵੇ,
ਝੋਨਾ ਰੁਲਦਾ ਮੰਡੀਓਂ ਮੰਡੀ ਸੁੰਨੀਆਂ ਸਾਡੀਆਂ ਨਹਿਰਾਂ।

ਬਿਜੜੇ ਵਾਂਗੂ ਜ਼ਿੰਦਗੀ ਸਾਡੀ ਹੁਣ ਡਿੱਗੇ ਹੁਣ ਡਿੱਗੇ,
ਹਰ ਪਾਸੇ ਅੱਗਾਂ ਹੀ ਅੱਗਾਂ ਮੱਥੇ ਸਿਖਰ ਦੁਪਹਿਰਾਂ।

ਮਨ ਵਿਚ ਮੇਰੇ ਕੰਦੂਖੇੜਾ ਜਿਹਨ 'ਚ ਦਿੱਲੀ ਦੰਗੇ,
ਕਦਮ ਕਦਮ ਸੰਗੀਨਾਂ ਵਿਛੀਆਂ ਕਿਥੇ ਆਖਰ ਠਹਿਰਾਂ ?

ਉਹ ਜੋ ਬਾਪੂ ਦੇ ਖੇਤਾਂ 'ਚੋਂ ਉਠਿਆ ਸੀ ਮਰ ਮਰ ਕੇ,
ਉਸ ਪੱਲੇ ਤਾਂ ਗ਼ਜ਼ਲਾਂ ਪਈਆਂ ਬਿਨਾਂ ਵਜ਼ਨ ਤੇ ਬਹਿਰਾਂ।

ਇਕ ਚੀਨੀ ਨੂੰ ਆਪਣੇ ਮਰ ਚੁੱਕੇ ਰਿਸ਼ਤੇਦਾਰਾਂ ਦੀਆਂ ਕਬਰਾਂ 'ਤੇ ਚੌਲ ਉਗਾਉਂਦਿਆਂ ਵੇਖ ਕੇ ਇਕ ਅੰਗਰੇਜ਼ ਨੇ ਵਿਅੰਗ ਨਾਲ ਪੁਛਿਆ :

"ਭਲਾ ਤੇਰੇ ਰਿਸ਼ਤੇਦਾਰ ਇਹ ਚੌਲ ਖਾਣ ਲਈ ਕਦ ਵਾਪਸ ਆਉਣਗੇ ?"

ਚੀਨੀ ਨੇ ਬੜੇ ਸਹਿਜ ਭਾਵ ਨਾਲ ਜਵਾਬ ਦਿੱਤਾ :

"ਜਦ ਤੇਰ ਰਿਸ਼ਤੇਦਾਰ ਆਪਣੀਆਂ ਕਬਰਾਂ 'ਤੇ ਉੱਗੇ ਫੁੱਲਾਂ ਨੂੰ ਸੁੰਘਣ ਲਈ ਆਉਣਗੇ।"

ਸੋਚਦਾ ਹਾਂ ਮਹਿਕ ਦੀ ਲਿੱਪੀ 'ਚ ਤੇਰਾ ਨਾਂ ਲਿਖਾਂ।
ਪਰ ਕਿਤੇ ਮਹਿਫੂਜ਼ ਕੋਈ ਥਾਂ ਮਿਲੇ ਤਾਂ, ਤਾਂ ਲਿਖਾਂ।

ਨਾਮ ਤੇਰਾ ਮੈਂ ਲਿਖਾਂ ਆਗ਼ਾਜ਼ ਵਿਚ ਮਹਿੰਦੀ ਦੇ ਨਾਲ,
ਅੰਤ ਬਸ ਖ਼ਤ ਵਿਚ ਲਹੂ ਦੇ ਨਾਲ 'ਤੇਰਾ ਹਾਂ' ਲਿਖਾਂ।

ਫੇਰ ਸੋਚਾਂ ਲਿਖਣ ਤੋਂ ਪਹਿਲੋਈਂ ਜੋ ਗਿੱਲਾ ਹੋ ਗਿਆ,
ਭੇਜ ਦੇਵਾਂ ਵਰਕ ਖ਼ਾਲੀ ਹੋਰ ਕੁਝ ਵੀ ਨਾ ਲਿਖਾਂ।

ਇਹ ਵੀ ਸੋਚਾਂ ਉਸ ਨੂੰ ਪਲ ਪਲ ਦਾ ਲਿਖਾਂ ਸਾਰਾ ਹਿਸਾਬ,
ਕਿਸ ਤਰ੍ਹਾਂ ਫ਼ਜਰਾਂ ਤੇ ਲੰਘਣ ਕਿਸ ਤਰ੍ਹਾਂ ਸ਼ਾਮਾਂ ਲਿਖਾਂ।

ਫੇਰ ਸੋਚਾਂ ਪੜ੍ਹ ਕੇ ਖ਼ਤ ਐਵੇਂ ਨਾ ਹੋ ਜਾਵੇ ਉਦਾਸ,
ਇਸ ਲਈ ਅਪਣਾ ਨਾ ਕਦੀ ਹਾਦਸਾ, ਸਦਮਾਂ ਲਿਖਾਂ।

ਬੌਨੇ ਰਾਮ ਰਾਜ

ਰਾਮ ਸਿੰਘ ਢਿੱਲੋਂ (ਗੋਰਾਇਆ) ਸਰੀ

ਬੀਤਦੇ ਵਿਪਤ-ਕਾਲ ਸੰਸਾਰ ਵਿਚ, ਯੂਰਪ ਦੇ ਕੁਝ ਕੁ ਨਿਕੇ ਨਿਕੇ ਰਾਜਾਂ ਦੇ ਰਾਮ-ਰਾਜ ਬਾਰੇ ਯਕੀਨ ਆਉਣਾ ਕਾਫੀ ਕਠਨ ਜਾਪਦਾ ਹੈ ਭਾਵੇਂ ਇਹ ਹੈ ਸਚ।

ਓਥੇ ਨਾ ਤੇ ਕੋਈ ਗਰੀਬੀ ਹੈ, ਨਾ ਹੀ ਬੇਰੁਜ਼ਗਾਰੀ, ਕੋਈ ਗੰਦੀਆਂ ਬਸਤੀਆਂ ਨਹੀਂ, ਕੋਈ ਨਸਲੀ ਝਗੜੇ ਨਹੀਂ ਅਤੇ ਨਾ ਹੀ ਲੁਟਮਾਰ। ਓਥੇ ਮਾੜੀ ਮੋਟੀ ਫੌਜ ਵੀ ਕੇਵਲ ਮਰਯਾਦਾ-ਦਿਖਾਵੇ ਖਾਤਰ ਹੀ ਹੈ।


ਐਨਡੋਰਾ, ਲੀਸ਼ਨਸਟੇਨ, ਲੈਕਸਮਬੂਗ, ਮੌਨੇਕੋ, ਸੈਨਮ੍ਰੀਨੋ ਅਤੇ ਵੈਟੀਕਨ-ਸਿਟੀ, ਜਿਹੜੇ ਆਪਣੇ ਗਵਾਂਢੀ ਦੇਸ਼ਾਂ ਦੇ ਮੁਕਾਬਲੇ ਖੁਰਦ-ਬੀਨ-ਦਰਸ਼ੀ(ਪੱਖਾਂ) ਆਖੇ ਜਾ ਸਕਦਾ ਹਨ ਪਰ ਹੈਨ ਓਹ ਵੀ ਦੇਸ਼, ਜਿਨ੍ਹਾਂ ਦੇ ਆਪਣੇ ਝੰਡੇ, ਆਪਣੇ ਕੌਮੀ ਗੀਤ, ਆਪਣੀਆਂ ਹੀ ਪਾਰਲੀਮੈਂਟਾਂ ਹਨ ਅਤੇ ਉਨ੍ਹਾਂ ਦੀਆਂ ਤਵਾਰੀਖਾਂ ਵੀ ਬੜੀਆਂ ਮਾਣਨੀਕ ਹਨ। ਕਈ ਤੇ ਪੁਰਾਣੇ ਰਿਵਾਜਾਂ ਨੂੰ ਚਿੰਬੜੇ ਹੋਏ ਹਨ। ਇਕ ਦੇ ਕੋਲ ਤੇ ਪੁਰਾਣੀ ਮਧ-ਕਾਲ ਵਾਲੀ ਤੀਰਕਮਾਨਾਂ ਵਾਲੀ ਪਲਟਣ ਵੀ ਹੈ, ਦੂਜੇ ਆਪਣੇ ਮਾਲਿਕ ਰਾਜੇ ਨੂੰ ਹਰ ਸਾਲ 24 ਪੇੜੇ ਪਨੀਰ, 12 ਜੀਂਦੇ ਮੁਰਗੇ, 6 ਸੂਰ ਅਤੇ 5 ਡਾਲੇ 41 ਸੈਂਟ ਨਕਦ, ਸੰਮਤ 1278 ਤੋਂ ਚਲੀ ਆਉਂਦੀ ਰੀਤ ਮੁਜਬ, ਦਕਸ਼ਨਾਂ ਦੇਂਦੇ ਹਨ।

ਕਈ ਰਾਜੇ-ਪ੍ਰਵਾਰ ਪਰੀ-ਕਹਾਣੀਆਂ, ਜ਼ਿੰਦਗੀ ਬਤੀਤ ਕਰ ਰਹੇ ਹਨ ਅਤੇ ਕਈਆਂ ਦੀ ਭਾਸ਼ਾ ਹੀ ਅਨੋਖੀ ਹੈ। ਪ੍ਰਿਸ-ਰੇਨੀਅਰ ਅਤੇ ਓਹਦੀ ਮਲਿਕਾ (ਜਿਹੜੀ ਪਹਿਲਾਂ ਗ੍ਰੇਸ ਕੇਲੀ ਸੀ ਤੇ ਗਾਲਿਬਨ ਰਬ ਨੂੰ ਪਿਆਰੀ ਹੋ ਚੁੱਕੀ ਹੈ) ਮੌਨਿਕੋ ਵਿਖੇ ਸਦੀਆਂ ਪੁਰਾਣੇ ਮਹੱਲ ਵਿਚ, ਜਿਹਦਾ ਘੇਰਾ ਇਕ ਮਰੱਬਾ ਮੀਲ ਹੈ, ਰਹਿੰਦੇ ਹਨ। ਇਹ ਗੁੰਬਦਾਂ ਵਾਲਾ ਮਹੱਲ, ਕਲਾ-ਕਿਰਤਾਂ ਦਾ ਭੰਡਾਰ ਹੈ, ਜਿਥੋਂ ਸਾਰਾ ਮੌਨਿਕੋ ਸ਼ਹਿਰ ਅਤੇ ਭੂ-ਮਧ-ਸਾਗਰ ਦਿਸਦਾ ਹੈ। ਸ਼ਾਹੀ ਪ੍ਰਵਾਰ ਲਈ ਗਿਰਜੇ ਵਿਚ, ਗਾਉਣ ਅਤੇ ਨਾਟਿਕ-ਕੇਂਦਰਾਂ, ਫੁਟਬਾਲ-ਸਟੇਡੀਅਮ ਵਿਚ ਸੁੰਦਰ-ਦ੍ਰਿਸ਼-ਬੌਕਸ ਰੀਜ਼ਰਵ ਹਨ। ਮਲਿਕਾ ਗ੍ਰੇਸ ਦੀ ਸੇਵਾ ਵਿਚ ਹਮੇਸ਼ਾ ਹਮੇਸ਼ਾ ਸੁੰਦਰ ਔਰਤਾਂ ਹੀ ਰਹਿੰਦੀਆਂ ਹਨ।

ਲੈਕਸਮਬੂਗ ਦੇ ਗ੍ਰੈਂਡ ਡੀਉਕ ਜੀਨ, ਗ੍ਰੈਂਡ ਡਚੇਸ ਜੋਜੇਫੀਨ ਸੋਲ੍ਹਵੀਂ-ਸਦੀ ਦੇ ਬਣੇ ਮਹੱਲ ਵਿਚ ਰਹਿੰਦੇ ਹਨ। ਉਨ੍ਹਾਂ ਦਾ ਪੇਂਡੂ-ਵਿਸ਼ਰਾਮ ਘਰ 200 ਕਮਰੇ ਦਾ ਕਿਲ੍ਹਾ ਹੈ ਜਿਸ ਨੂੰ ਕੋਲਮਾਨ-ਬਰਗ ਆਖਦੇ ਹਨ। ਸ਼ਾਹੀ ਪ੍ਰਵਾਰ ਦੇ ਜੋੜਿਆਂ ਦੀਆਂ ਤਸਵੀਰਾਂ, ਗਵਰਨਮੈਂਟ-ਅਸਥਾਨਾਂ ਅਤੇ ਲੈਕਸਮਬੂਗ, ਲੀਸ਼ਨਸਟੇਨ ਅਤੇ ਮੌਨਿਕੋ ਦੀ ਹਰ ਦੁਕਾਨ-ਤਾਕੀਆਂ ਵਿਚ ਲਟਕਦੀਆਂ ਹਨ

ਲੀਸ਼ਨਸਟੇਨ ਦਾ ਪ੍ਰਿਸ ਫ੍ਰੈਂਜ਼ਜੋਜ਼ਿਫ ਅਤੇ ਰਾਣੀ ਗੀਨਾਂ ਦਾ 700 ਸਾਲ ਪੁਰਾਣਾ ਕਿਲ੍ਹਾ ਹੈ ਜਿਹੜਾ ਇਕ ਪਹਾੜ ਦੇ ਸਿਖਰ ਅਦਭੁਤ ਕਾਰੀਗਰੀ ਦਾ ਨਮੂਨਾ ਹੈ ਜਿਥੋਂ ਹੇਠਾਂ ਵਾਡੂਜ਼ ਨਾਮੇਂ ਰਾਜਧਾਨੀ ਸਾਰੀ ਦਿਸਦੀ ਹੈ।

ਸੇਨ ਮੇਰੀਨੋ ਦੁਨੀਆਂ ਦੀ ਸਭ ਤੋਂ ਪੁਰਾਣੀ ਅਤੇ ਸਭ ਤੋਂ ਛੋਟੀ ਰੀਪਬਲਿਕ ਹੈ। ਐਂਡੋਰਾ ਹਕੂਮਤ, ਜਿਹੜੀ ਕਦੀ ਨੈਪੋਲੀਅਨ ਦੇ ਅਧੀਨ ਸੀ,



ਦੋ ਗੈਰਹਾਜ਼ਰ ਰਾਜੇ ਓਥੇ ਰਾਜ ਕਰਦੇ ਹਨ। ਲੀਸ਼ਨਸਟੇਨ ਪੁਰਾਣੇ ਪਵਿਤਰ ਰੋਮਨ-ਰਾਜ ਦੀ ਆਖਰੀ ਟੁਕੜੀ ਹੈ। ਦੂਜੀ ਸੰਸਾਰ ਜੰਗ ਤੋਂ ਪਹਿਲਾਂ ਲੀਸ਼ਨਸਟੇਨ ਮਰੀਨੋ ਅਤੇ ਐਂਡੋਰਾ ਦੇ ਆਮ ਲੋਕ ਜ਼ਿਮੀਂਦਾਰ ਸਨ ਜਿਹੜੇ ਆਪਣਾ ਸਾਧਾਰਨ ਜੇਹਾ ਗੁਜ਼ਾਰਾ ਧਰਤੀ ਖੁਰਚਕੇ ਕਰਦੇ ਸਨ, ਉਨ੍ਹਾਂ ਦੇ ਬਜ਼ੁਰਗ ਵੀ ਯੁਗਾਂ-ਯੁਗਾਂਤਰਾਂ ਤੋਂ ਏਹੋ ਕੁਝ ਹੀ ਕਰਦੇ ਸਨ। ਦੂਜੇ ਸੰਸਾਰ ਯੁਧ ਮਗਰੋਂ ਇਨ੍ਹਾਂ ਨਿਕੇ ਦੇਸ਼ਾਂ ਵਿਚ ਤਰੱਕੀ ਵਲ ਉਪਰ ਨੂੰ ਏਨਾ ਹੁਲਾਰਾ ਆਇਆ ਜਿਨਾ ਹੋਰ ਕਿਧਰੇ ਵੀ ਨਹੀਂ। ਗਰੀਬ ਕਿਸਾਨ ਹੁਣ ਕਿਸਾਨ ਨਹੀਂ ਰਹੇ, ਓਹ ਸਟੋਰਾਂ ਦੇ ਮਾਲਿਕ ਅਤੇ ਕਾਰਖਾਨਿਆਂ ਦੇ ਕਰਤੇ ਧਰਤੇ ਹਨ ਅਤੇ ਬਹੁਤ ਸਾਰੇ ਤੇ ਕਰੋੜ-ਪਤੀ ਹਨ, ਓਹ ਮਹਿੰਗੀਆਂ ਕਾਰਾਂ ਚਲਾਂਦੇ ਹਨ, ਬੜੇ ਬੜੇ ਘਰਾਂ ਦੇ ਮਾਲਿਕ ਵਸਨੀਕ ਹਨ ਅਤੇ ਆਪਣੇ ਮੁੰਡੇ-ਕੁੜੀਆਂ ਨੂੰ ਪ੍ਰਦੇਸੀਂ ਯੂਨੀਵਰਸਿਟੀਆਂ ਵਿਚ ਪੜ੍ਹਨ ਲਈ ਭੇਜਦੇ ਹਨ।

ਏਥੇ ਚੂੰਕਿ ਟੈਕਸ ਨਾਮ-ਮਾਤਰ ਹੀ ਹਨ ਅਤੇ ਚੀਜ਼ਾਂ ਸਸਤੀਆਂ ਹਨ। ਸੋ ਸਾਰੇ ਯੂਰਪ ਦੇ ਲੋਕਾਂ ਦਾ ਏਥੇ ਆਉਣ ਜਾਣ ਕਾਰਨ ਇਨ੍ਹਾਂ ਨਿਕੇ ਦੇਸ਼ਾਂ ਦੀਆਂ ਸੜਕਾਂ ਤੇ ਉਬੂ ਚੜ੍ਹਿਆ ਰਹਿੰਦਾ ਹੈ। ਸੈਂਕੜੇ ਹੀ ਸਟੋਰ ਹਨ ਜਿਹੜੇ ਮੁਕਾਬਲਤਨ ਬਹੁਤ ਹੀ ਸਸਤੀਆਂ ਚੀਜ਼ਾਂ ਵੇਚਦੇ ਹਨ ਅਤੇ ਕਾਨੂੰਨਨ ਸਾਰੇ ਸਟੋਰਾਂ ਦੇ ਮਾਲਿਕ ਅਤੇ ਕਰਿੰਦੇ ਦੇਸ਼ਵਾਸੀ ਹੀ ਹਨ।

ਸੇਨਮਰੀਨੋ ਅਤੇ ਲੀਸ਼ਨਸਟੇਨ ਵਿਖੇ ਤਾਂ ਉਦਯੋਗੀ (ਕਾਰਖਾਨਿਆਂ ਵਾਲਾ) ਯੁਗ ਵੀ ਆ ਚੁਕਾ ਹੈ। ਮਾਲਿਕ, ਕਾਰਖਾਨੇ ਅਤੇ ਉਚੀਆਂ ਜੌਬਾਂ ਵੀ ਸਮੇਰੀਅਨਾਂ ਅਤੇ ਲੀਸ਼ਨਸਟੇਨਆਂ ਕੋਲ ਹੀ ਹਨ। ਇਨ੍ਹਾਂ ਯੂਰਪ ਦੇ ਠੇਂਗਣੇ ਰਾਜਾਂ ਵਿਚੋਂ ਕੇਵਲ ਮਾਲਟਾ ਹੀ ਹੈ ਜਿਹੜਾ 16 ਸਾਲ ਪਹਿਲਾਂ ਬ੍ਰਿਟਿਸ਼-ਕਾਲੋਨੀ ਸੀ ਅਤੇ ਜਿਥੇ ਕੁਝ ਕੁ ਆਰਥਿਕ ਔਕੜਾ ਹਨ; ਬਾਕੀ ਸਾਰਿਆਂ ਵਿਚ ਤਾਂ ਖੂਬ ਚਹਿਲ-ਪਹਿਲ ਹੈ। ਇਨ੍ਹਾਂ ਦੇਸ਼ਾਂ ਵਿਚ ਏਨਾਂ ਕੰਮ-ਕਾਰ ਹੈ ਕਿ, ਐਂਡੋਰਾ, ਲੈਕਸਮਬਰਗ, ਲੀਸ਼ਨਸਟੇਨ, ਸੇਨ-ਮਰੀਨੋ ਅਤੇ ਮੌਨਿਕੋ ਦੇ ਲੋਕ ਉਚੀਆਂ ਜੌਬਾਂ ਆਪ ਸਾਂਭਕੇ, ਨਿੱਕੀਆਂ ਨਿੱਕੀਆਂ ਲਈ ਬਾਕੀ ਯੂਰਪ ਤੋਂ ਹਜ਼ਾਰਾਂ ਲੋਕ ਕਿੱਤਿਆਂ ਲਈ ਏਥੇ ਬੁਲਾਂਦੇ ਹਨ।

ਲਕਸਮਬੂਗ ਵਿਚ 82000 ਪ੍ਰਦੇਸੀ ਕਾਮੇ ਅਤੇ ਉਨ੍ਹਾਂ ਦੇ ਪ੍ਰਵਾਰ, ਐਂਡੋਰਾ ਵਿਚ 21000, ਮੌਨਿਕੋ ਵਿਖੇ 20820, ਲੀਸ਼ਨਸਟੇਨ ਵਿਖੇ 8000, ਅਤੇ ਸੇਨ-ਮਰੀਨੋ ਵਿਚ 4500 ਨਨ-ਇਮੀਗਰੇਂਟਾਂ ਵਜੋਂ ਵਸਦੇ ਹਨ। ਇਸਤੋਂ ਇਲਾਵਾ ਹਜ਼ਾਰਾਂ ਹੋਰ ਲੋਕੀ ਹਨ ਜਿਹੜੇ ਰੋਜ਼ਾਨਾ ਹੱਦ ਟੱਪ ਕੇ ਏਥੇ ਕੰਮਾਂ ਕਾਰਾਂ ਲਈ ਆਉਂਦੇ ਹਨ।

ਇਨ੍ਹਾਂ ਠੇਂਗਣੇ ਦੇਸ਼ਾਂ ਵਿਚ ਕੋਈ ਆਵਾਸੀ (ਇਮੀਗਰੇਂਟ) ਗੈਰ-ਕਾਨੂੰਨੀ ਅੜਚਨ ਨਹੀਂ ਹੈ। ਪ੍ਰਦੇਸੀ ਜਨ ਸੰਖਿਆ ਉਪਰ ਬੜਾ ਕਰੜਾ ਕੰਟਰੋਲ ਹੈ। ਪ੍ਰਦੇਸੀਆਂ ਨੂੰ ਏਥੇ ਰਹਾਇਸ਼ੀ ਅਤੇ ਕਿੱਤਾ-ਪਰਮਿਟ ਲੈਣ ਪੈਂਦੇ ਹਨ। ਜਿਹੜੇ ਹਰ ਛੇ ਮਹੀਨੇ ਜਾਂ ਸਾਲ ਮਗਰੋਂ ਨਵੇਂ ਬਣਾਉਣੇ ਜ਼ਰੂਰੀ ਹਨ। ਹੱਦ-ਦਾਖਲੇ ਵੇਲੇ ਪ੍ਰਦੇਸੀਆਂ ਦੀ ਕਰੜੀ ਛਾਨ-ਬੀਨ ਕੀਤੀ ਜਾਂਦੀ ਹੈ। ਕੋਈ ਵੀ ਅਪਰਾਧੀ ਰਹਿ ਚੁਕੇ ਵਾਲਾ ਜਾਂ ਜਿਸ ਉਪਰ ਕੋਈ ਮਾੜੀ ਮੋਟੀ ਵੀ ਸ਼ੱਕ ਹੋਵੇ ਦਾਖਲ ਨਹੀਂ ਹੋਣ ਦਿਤਾ ਜਾਂਦਾ ਅਤੇ ਕੋਈ ਪ੍ਰਦੇਸੀ ਹਥਿਆਰ ਲੈ ਕੇ ਅੰਦਰ ਨਹੀਂ ਜਾ ਸਕਦਾ। ਜੇ ਕਿਸੇ ਪ੍ਰਦੇਸੀ ਕਾਮੇਂ ਕਾਰਨ ਕੰਮ ਤੇ ਕੋਈ ਅੜਿਕਾ ਜਾਪੇ ਜਾਂ ਕਿਸੇ ਹੋਰ ਕਾਰਨ ਉਸ ਕੰਮ 'ਚ ਰੋਕ ਪਵੇ ਤਾਂ ਓਹਨੂੰ ਫਜ਼ੂਲ ਸਮਝ ਓਹਦਾ ਵਰਕ ਅਤੇ ਰਹਾਇਸ਼ੀ ਪਰਮਿਟ ਕੈਂਸਲ ਕਰਕੇ ਓਹਨੂੰ ਫੌਰਨ ਦੇਸ਼-ਨਿਕਾਲਾ ਦੇ ਦਿਤਾ ਜਾਂਦਾ ਹੈ।

ਲੀਸ਼ਨਸਟੇਨ ਵਿਖੇ ਔਰਤਾਂ ਨੂੰ ਵੋਟ-ਅਧਿਕਾਰ ਨਹੀਂ ਹੈ ਅਤੇ ਵੈਟੀਕਨ-ਸਿਟੀ ਵਿਖੇ ਕੇਵਲ ਪਾਦਰੀ ਹੀ ਵੋਟ ਪਾ ਸਕਦੇ ਹਨ ਅਤੇ ਉਹ ਵੀ ਪੋਪ ਦੀ ਚੋਣ ਵੇਲੇ ਹੀ। ਐਂਡੋਰਾ ਵਿਖੇ ਕੋਈ ਰਾਜਨੀਤਕ ਪਾਰਟੀ ਨਹੀਂ ਹੈ। ਸੈਨ-ਮਰੀਨੋ ਜਿਸਦੀ ਆਬਾਦੀ 20,000 ਹੈ ਵਿਖੇ 8 ਪਾਰਟੀਆਂ ਹਨ ਅਤੇ ਏਥੋਂ ਦੀ ਲੈਜਿਸਲੇਚਰ ਵਿਚ ਕਮਿਊਨਿਸਟ ਪਾਰਟੀ ਦੂਜੀ ਵੱਡੀ ਪਾਰਟੀ ਹੈ ਅਤੇ ਉਨ੍ਹਾਂ ਸੋਸ਼ਲਿਸਟਾਂ ਨਾਲ ਰਲਕੇ 1945 ਤੋਂ 1957 ਤਕ ਰਾਜ ਚਲਾਇਆ। ਵੈਟੀਕਲ-ਸਿਟੀ ਵਿਚ ਸੱਤ ਮੈਂਬਰੀ ਕਮਿਸ਼ਨ ਰਾਜ ਚਲਾਉਂਦਾ ਹੈ। ਲੀਸ਼ਨਸਟੇਨ ਵਿਚ ਪੰਦਰਾਂ ਮੈਂਬਰੀ ਪਾਰਲੀਮੈਂਟ ਹੈ। ਮੌਨਿਕੋ ਪਾਰਲੀਮੈਂਟ ਵਿਚ 18 ਸੀਟਾਂ ਹਨ, ਐਂਡੋਰੇ ਵਿਚ 24; ਲੈਕਸਮਬਰਗ ਵਿਚ 59; ਸੈਨ-ਮਰੀਨੋ ਵਿਚ 60 ਅਤੇ ਮਾਲਟਾ ਦੀ ਪਾਰਲੀਮੈਂਟ ਵਿਚ 65 ਸੀਟਾਂ ਹਨ।

ਸਾਰੇ ਨਿਕੇ ਦੇਸ਼ਾਂ ਵਿਚ ਪੁਲੀਸ ਹੈ। ਸੈਨ-ਮਰੀਨੋ ਵਿਚ ਕੋਈ ਫਾਇਰ ਬਿਰਗੇਡ ਨਹੀਂ ਅਤੇ ਓਹ ਇਟਲੀ ਪਾਸੋਂ ਲੋੜ ਪੈਣ ਤੇ ਮੱਦਦ ਮੰਗਦਾ ਹੈ। ਇਨ੍ਹਾਂ ਦੇਸ਼ਾਂ ਵਿਚ ਕਦੀ ਘੱਟ ਹੀ ਜੁਰਮ ਹੁੰਦਾ ਹੈ। ਲੀਸ਼ਨਸਟੇਨ ਦਾ ਪੁਲਸ-ਚੀਫ ਚਿੰਤਾਤਰ ਹੈ ਕਿ ਓਥੇ ਹੁਣ ਜੁਰਮ ਵਧ ਰਿਹਾ ਹੈ। ਪਿਛਲੇ ਸਾਲ ਓਥੇ ਹਥਿਆਰਬੰਦ ਡਾਕਾ ਪਿਆ ਸੀ ਅਤੇ ਡਾਕੂ ਅਟੇ ਸਟੇ ਇਕ ਸੌ ਡਾਲੇ ਦਾ ਸਮਾਨ ਲੈ ਜਾਣ ਵਿਚ ਕਾਮਯਾਬ ਹੋ ਗਏ ਸਨ।

ਬਹੁਤੇ ਠੇਂਗਣੇ ਦੇਸ਼ਾਂ ਵਿਚ ਕੇਵਲ ਇਕ ਹੀ ਜੇਲ੍ਹ ਹੈ। ਲੀਸ਼ਨਸਟੇਨ ਦੀ ਜੇਲ੍ਹ ਜਿਥੇ 13 ਕੋਠੜੀਆਂ ਹਨ ਐਸ ਵੇਲੇ ਕੇਵਲ ਇਕ ਹੀ ਰੁਕੀ ਹੋਈ ਹੈ। ਸੇਨ-ਮਰੀਨੋ ਦੀ ਜੇਲ੍ਹ ਪੁਰਾਣਾ ਬੁਰਜ ਹੈ ਜਿਸਦੀਆਂ ਕੁਲ ਛੇ ਕੋਠੜੀਆਂ ਵਿਚੋਂ ਤਿੰਨ ਰੁਕੀਆਂ ਹੋਈਆਂ ਹਨ। ਵੈਟੀਕਲ-ਸਿਟੀ ਵਾਲਿਆਂ ਨੂੰ ਜੇਲ੍ਹ ਬੰਦ ਕਰਨੀ ਪਈ ਹੈ ਕਿਉਂ ਜੋ ਓਥੇ ਉਹ ਨਾਕਾਰਾ ਖਾਲੀ ਪਈ ਸੀ।

ਐਂਡੋਰਾ ਵਿਖੇ ਇਕ ਫਰਮ-ਘਰ ਦੇ ਬੇਸਮੈਂਟ ਵਿਚ ਜੇਲ੍ਹ ਹੈ ਅਤੇ ਇਹ ਹਰ ਸਨਿਚਰਵਾਰ ਸ਼ਾਮ ਨੂੰ ਖੋਲ੍ਹ ਦਿਤੀ ਜਾਂਦੀ ਹੈ ਤਾਕਿ ਏਥੇ ਰਹਿੰਦੇ ਦੋਵੇਂ ਕੈਦੀ ਜਾ

(ਬਾਕੀ ਪੰਨਾ 14 ਤੇ)

(ਪੰਨਾ 13 ਦੀ ਬਾਕੀ)

ਕੇ ਮੂਵੀ ਆਦਿ ਦੇਖ ਆਉਣ।

ਦੂਜੀ ਸੰਸਾਰ-ਜੰਗ ਸਮੇਂ ਸੈਨ-ਮਰੀਨੋ, ਲੀਸ਼ਨਸਟੇਨ, ਵੈਟੀਕਨਸਿਟੀ ਅਤੇ ਐਂਡੋਰਾ ਨੇ ਨਿਰਪਖ ਰਹਿ ਅਮਨਚੈਨ ਰਖ ਸਕਦ ਦਾ ਪ੍ਰਬੰਧ ਕਰ ਲਿਆ ਸੀ ਜਦ ਕਿ ਆਲਾ ਦੁਆਲਾ ਸਾਰਾ ਮਰਨ-ਮਾਰਨ ਵਿਚ ਰੁੱਝਾ ਹੋਇਆ ਸੀ। ਐਂਡੋਰਾ ਅਤੇ ਲੀਸ਼ਨਸਟੇਨ ਵਿਖੇ ਨਾਂਮ-ਧ੍ਰੀਕ ਵੀ ਕੋਈ ਫੌਜ ਨਹੀਂ ਹੈ। ਇਕ ਐਂਡੋਰਾ ਦਾ ਪ੍ਰਬੰਧਕ ਅਧਿਕਾਰੀ ਕਹਿੰਦਾ, "ਅਸੀਂ ਕਦੀ ਜੰਗ ਵਿਚ ਨਹੀਂ ਫਸੇ ਸੋ ਫੌਜ ਦੀ ਜ਼ੇਹਮਤ ਕਿਉਂ ਸਹੇੜੀਏ।" ਕਿੰਨੀ ਖੁਸ਼ੀ ਦੀ ਗੱਲ ਹੈ ਕਿ ਅਜੋਕੀ ਪਾਗਲ ਹੋਈ ਦੁਨੀਆਂ ਵਿਚ ਅਜ ਵੀ ਐਂਡੋਰਾ ਨਾਮੇ ਕੋਈ ਦੇਸ਼ ਹੈ ਜਿਹਨੂੰ ਲੜਾਈ ਦੀ ਕੋਈ ਚਿੰਤਾ ਨਹੀਂ, ਇਨਕਮ ਟੈਕਸ, ਜੁਰਮ ਅਤੇ ਹੋਰ ਕਿਸੇ ਵੀ ਸਮੱਸਿਆ ਦਾ ਕੋਈ ਫਿਕਰ ਨਹੀਂ, ਜਿਨ੍ਹਾਂ ਬਾਕੀ ਸਾਰੀਆਂ ਦੁਨੀਆਂ ਲਈ ਸਿਰਦਰਦੀ ਬਣਕੇ ਇਨਸਾਨਾਂ ਦੇ ਜੀਵਨ ਨੂੰ ਕਿਰਕਿਰਾ ਕੀਤਾ ਹੋਇਆ ਹੈ।

ਸੈਨ-ਮਰੀਨੋ, ਲੀਸ਼ਨਸਟੇਨ, ਵੈਟੀਕਲ-ਸਿਟੀ ਅਤੇ ਐਂਡੋਰਾ ਜੰਗ ਦੇ ਦਿਨਾਂ ਵਿਚ, ਲੱਖਾਂ ਲੋਕ ਜਿਹੜੇ ਮੌਤ ਤੇ ਤਬਾਹੀ ਤੋਂ ਡਰਦੇ ਏਥੇ ਆਏ, ਉਨ੍ਹਾਂ ਲਈ ਆਸਰਾ-ਘਰ ਬਣੇ ਹੋਏ ਸਨ। ਮਾਲਟਾ ਤੇ ਲੈਕਸਮਬਰਗ ਉਪਰ ਬੜੀ ਬੰਬਾਰੀ ਹੋਈ। ਲੈਕਸਮਬਰਗ 1917 ਅਤੇ ਫੇਰ 1940 ਵਿਚ ਜਰਮਨਾਂ ਹੇਠ ਰਿਹਾ।

ਇਹ ਨਿਕੇ ਰਾਜ ਸਾਈਜ਼ ਪਖੋਂ ਹੀ ਨਿਕੇ ਨਹੀਂ ਇਨ੍ਹਾਂ ਦਾ ਇਕ ਆਰਥਿਕ ਧੰਦਾ ਵੀ ਪੋਸਟਲ-ਟਿਕਟਾ ਇਕੱਠੀਆਂ ਕਰਨਾ ਨਿਕਾ ਹੀ ਹੈ ਅਤੇ ਸਾਰੀ ਦੁਨੀਆਂ ਦੇ ਟਿਕਟ ਇਕੱਤਰ ਕਰਨ ਵਾਲਿਆਂ ਨੂੰ ਟਿਕਟ ਵੇਚਣਾ ਹੈ। ਏਸ ਕਿੱਤੇ ਵਿਚ ਲੀਸ਼ਨਸਟੇਨ ਚੋਟੀ ਤੇ ਹੈ। ਆਸ ਹੈ ਐਤਕਾਂ ਏਸ ਸ਼ਾਹੀ ਰਾਜ ਦੀ ਟਿਕਟ-ਵਿਕਰੀ ਇਕ ਕਰੋੜ ਡਾਲਰ ਜਾ ਉਪੜੇਗੀ ਜਿਸਦਾ ਮਤਲਬ ਹਰ ਔਰਤ, ਮਰਦ, ਬੱਚੇ, ਬੁਢੇ ਪ੍ਰਤੀ 700 ਡਾਲਰ ਆਵੇਗਾ।

ਏਥੋਂ ਦੇ ਵਸਨੀਕ ਬੜਾ ਖੁਸ਼ ਹਨ। ਮਿ: ਬਰਟਹੋਲਡ ਕੌਨ੍ਰਡ ਆਖਦਾ ਹੈ, "ਜਦ ਮੈਂ ਮੁੰਡਾ ਸਾਂ, ਗਾਈਆਂ ਚਾਰਿਆ ਕਰਦਾ ਸਾਂ, ਅਸੀਂ ਓਦੋਂ ਬੜੇ ਗਰੀਬ ਸਾਂ ਅਤੇ ਏਸੇ ਤਰ੍ਹਾਂ ਹੋਰ ਸਾਰੇ ਦੇਸ਼ਵਾਸੀ ਵੀ। ਅਜ ਕਲ ਸਾਡਾ ਜੀਵਨ ਬਹੁਤ ਵਧੀਆ ਹੈ। ਨਵੇਂ ਘਰ, ਨਵੀਆਂ ਕਾਰਾਂ, ਅਤੇ ਅਸੀਂ ਆਪਣੀਆਂ ਛੁੱਟੀਆਂ ਸਾਰੇ ਯੂਰਪ ਵਿਚ ਫਿਰ-ਤੁਰ ਕੱਟਦੇ ਹਾਂ ਅਤੇ ਕਦੀ ਅਮਰੀਕਾ ਵੀ ਜਾਂਦੇ ਹਾਂ। ਸਾਡੇ ਲਈ ਜ਼ਿੰਦਗੀ ਬਹੁਤ ਬਦਲ ਚੁਕੀ ਹੈ। ਪਹਿਲਾਂ ਅਸੀਂ ਰੋਜ਼ੀ ਕਮਾਉਣ ਦੂਜੇ ਦੇਸੀਂ ਜਾਂਦੇ ਸਾਂ ਪਰ ਅਜ ਦੂਜੇ ਲੋਕ ਸਾਡੀ ਖੁਹ ਨਾਲ ਸਾਂਝੀ ਕਰਨ ਕਰਕੇ ਸਾਡੇ ਬੂਹੇ ਆਣ ਖੜਕਾਉਂਦੇ ਹਨ।"

"ਲੋਕੀ ਜਾਣਦੇ ਹਨ ਕਿ ਜਿਹੜਾ ਵੀ ਧਰਤੀ ਦਾ ਛੋਟਾ ਜਿਹਾ ਟੁਕੜਾ ਉਨ੍ਹਾਂ ਕੋਲ ਹੈ ਓਹ ਬੜੀ ਕੀਮਤੀ ਸ਼ੈ ਹੈ। ਸਾਰੇ ਦੇਸ਼ਵਾਸੀਆਂ ਦੇ ਮਨਾਂ ਵਿਚ ਪਾਲਾ ਹੈ ਕਿ ਜੇ ਦੇਸ਼ ਦੀਆਂ ਹੱਦਾਂ ਹੋਰਾਂ ਦੇ ਆਵਾ-ਜਾਈ ਲਈ ਖੋਲ੍ਹ ਦਿਤੀਆਂ ਗਈਆਂ ਤਾਂ ਸਾਡੇ ਸਾਰੇ ਸੁਖ-ਆਰਾਮ ਛੇਤੀ ਹੀ ਵਿਨਾਸ਼ ਹੋ ਜਾਣਗੇ। ਜੋ ਕੁਝ ਵੀ ਸਾਡੇ ਕੋਲ ਹੈ, ਬੜਾ ਨਾਜ਼ਕ (ਸੂਖਕ) ਹੈ।" ਐਂਡੋਰਾ ਦੇ ਰੋਜ਼ਨ-ਜੋਰਡੇਨਾਂ ਨੇ ਇਨ੍ਹਾਂ ਨਿਕੇ ਦੇਸ਼ਵਾਸੀਆਂ ਦੀ ਪ੍ਰਤੀ-ਨਿਧਤਾ ਕਰਦੇ ਹੋਏ ਆਖਿਆ।

ਗਵਾਂਢੀਆਂ ਦੇ "ਲੜਾਈ ਛੇੜ ਕਬਜ਼ਾ ਕਰਨ" ਦੀ ਲਾਲਸਾ, ਜਿਹੜੀ ਬੜੀ ਚਿਰੋਕਣੀ ਹੈ, ਹਾਲੇ ਖਤਮ ਨਹੀਂ ਹੋਈ। ਸੈਨ-ਮਰੀਨੋ ਨੂੰ ਇਕ ਮੌਕਾ, ਇਹਦੇ ਵਧਣ ਦਾ, ਫਰਾਂਸ ਦੇ ਬਾਦਸ਼ਾਹ ਨਿਪੋਲੀਅਨ ਨੇ ਦਿਤਾ ਸੀ, ਜਦ ਓਹਨੇ ਆਖਿਆ ਸੀ ਕਿ, "ਮੇਰੇ ਖਿਆਲ 'ਚ ਤੁਹਾਨੂੰ ਲੋਕਾਂ ਨੂੰ ਹੋਰ ਵਧੇਰੇ ਧਰਤੀ ਦੀ ਲੋੜ ਹੈ," ਅਤੇ ਓਹਨੇ ਉਨ੍ਹਾਂ ਦੇ ਵਸੀਮੇਂ(ਹੱਦਾਂ) ਚੋੜੇ ਕਰਨ ਦੀ ਪੇਸ਼ਕਸ਼ ਕੀਤੀ ਸੀ। ਬੇਸ਼ਕ ਓਹ ਪੇਸ਼ਕਸ਼ ਬੜੀ ਚੰਗੀ ਸੀ ਪਰ ਲੋਕਾਂ ਇਹ ਪੇਸ਼ਕਸ਼ (ਭੇਂਟ) ਠੁਕਰਾ ਦਿਤੀ।

ਹਕੂਮਤ ਹਮਦਰਦੀ ਦੇ ਜਾਲ ਪਾਉਂਦੀ
ਮਗਰਮੱਛ ਦੇ ਹੰਝੂ ਵਹਾਂਦੀ ਏ
ਤੇ ਭੜਕੀ ਹੋਈ ਭੀੜ ਅੱਗੇ
ਜਾਂਚ ਕਮਿਸ਼ਨ ਬਿਠਾਉਣ ਦਾ ਐਲਾਨ ਕਰਦੀ ਏ
ਜਾਂਚ ਕਮਿਸ਼ਨ ਦੇ ਫ਼ੈਸਲੇ ਤੱਕ
ਭੀੜ ਖਿੰਡ ਗਈ ਹੁੰਦੀ ਏ
ਨਿਕਰਮਣ ਲੋਕ
ਆਪਣੀ ਸਵਾਹ 'ਚੋਂ ਆਪਣੇ ਫੁੱਲ ਚੁੱਗਦੇ
ਆਪਣੀ ਕਿਸਮਤ ਨੂੰ ਕੋਸਦੇ ਹਨ।

ਜਗਤਾਰ

ਘਿਰ ਗਿਆ ਚੀਕਾਂ 'ਚ ਮੈਂ ਜਦ ਸ਼ਹਿਰ ਦੇ ਅੰਦਰ ਗਿਆ।
ਬਾਹਰ ਜਦ ਆਇਆ ਤਾਂ ਅਪਣੀ ਚੁੱਪ ਕੋਲੋਂ ਡਰ ਗਿਆ।

ਕੱਲ੍ਹ ਜਦੋਂ ਪਰਤੇਗਾ ਕੀ ਔੜੇਗਾ ਕਾਤਿਲ ਨੂੰ ਜਵਾਬ;
ਅੱਜ ਤਾਂ ਹੂਲਾ ਉਡ ਗਿਆ ਸਾਰੇ ਕਿ ਸੂਰਜ ਮਰ ਗਿਆ।

ਕਤਲ ਕੀਤਾ ਉਸ ਨੂੰ ਜਦ ਸੁੰਨਸਾਨ 'ਨੇਰੇ ਚੌਕ ਵਿਚ,
ਰੌਸ਼ਨੀ ਦੇ ਨਾਲ ਸਾਰਾ ਸ਼ਹਿਰ ਦਿੱਲੀ ਭਰ ਗਿਆ।

ਦਿਲ ਦਾ ਸ਼ੀਸ਼ਾ, ਮੋਹ ਦੀਆਂ ਕੜੀਆਂ, ਤੇ ਪੁਲ ਵਿਸ਼ਵਾਸ਼ ਦਾ,
ਤਿੜਕਿਆ ਰਿਸ਼ਤਾ ਤੇ ਕੀ ਕੀ ਟੁੱਟ ਕੇ ਖਿੱਲਰ ਗਿਆ।

'ਨੇਰ ਦਾ ਸੀਨਾ ਮੈਂ ਖ਼ੰਜਰ ਨਾਲ ਕਰ ਸਕਿਆ ਨਾ ਚਾਕ,
ਜੋ ਮੈਂ ਕਰ ਸਕਿਆ ਨਹੀਂ ਉਹ ਇਕ ਟਟਹਿਣਾ ਕਰ ਗਿਆ।

ਇਸ ਸਮੇਂ ਸ਼ੀਸ਼ੇ ਦਾ ਕੋਈ ਕੀ ਕਰੇ ਯਾਰੋ ਯਕੀਨ,
ਆਪਦੇ ਹੀ ਅਕਸ ਦਾ ਵਿਸ਼ਵਾਸ ਜਦ ਕਿ ਮਰ ਗਿਆ।

2

ਕਿਧਰੇ ਤੁਹਮਤਾਂ ਨੇ ਕਿਧਰੇ ਹਾਦਸੇ ਨੇ,
ਸਾਨੂੰ ਐਤਕੀ ਦਾ ਕੈਸਾ ਸਾਲ ਆਇਆ।
ਪੈਰ ਪੈਰ ਤੇ ਮਿਲੀ ਸ਼ਿਕਸਤ ਸਾਨੂੰ
ਮੋੜ ਮੋੜ ਤੇ ਨਵਾਂ ਜਵਾਲ ਆਇਆ।

ਤੇਰਾ ਸ਼ਹਿਰ ਜਦ ਛੱਡਣਾ ਪਿਆ ਸਾਨੂੰ
ਦੋਵੇਂ ਹੱਥ ਸਨ ਅਲਫ਼ ਦੇ ਵਾਂਗ ਖ਼ਾਲੀ
ਇਹ ਨਾ ਪੁੱਛ ਕਿ ਕੀ ਕੀ ਰਿਹਾ ਪਿੱਛੇ,
ਨਾ ਇਹ ਪੁੱਛ ਕਿ ਕੀ ਕੀ ਨਾਲ ਆਇਆ।

ਅੱਖਾਂ ਰੁੰਨੀਆਂ ਤੇ ਦਿਲ ਦੀ ਵਧੀ ਧੜਕਣ,
ਹੋਇਆ ਉਡਦਾ ਉਡਦਾ ਖ਼ਾਕ ਡਿਗ ਕੇ,
ਉਸੇ ਵਕਤ ਬਲਿਸ਼ਤ[1] ਤੋਂ ਮੁੱਠ ਹੋਇਆ
ਤੇਰੀ ਯਾਦ ਜਾਂ ਤੇਰਾ ਖ਼ਿਆਲ ਆਇਆ।

ਮੁਸ਼ਕਿਲ ਨਾਲ ਦਿਲ ਚੋਂ ਕੱਢ ਕੇ ਤੁਰੇ ਜਿਸ ਨੂੰ,
ਕਰ ਕਰ ਕੋਸ਼ਿਸ਼ਾਂ ਛੱਡ ਕੇ ਤੁਰੇ ਜਿਸ ਨੂੰ,
ਹੋਇਆ ਕੁੱਲ ਜਹਾਨ ਜਾਂ ਵੱਖ ਮੈਥੋਂ,
ਓਹੀ ਸ਼ਖ਼ਸ਼ ਮੇਰੇ ਨਾਲ ਨਾਲ ਆਇਆ।

ਤੇਰੀ ਨਜ਼ਰ ਵਿਚ ਰਹੇ ਹਾਂ ਜਦੋਂ ਤੋੜੀ,
ਅਸੀਂ ਕੱਖ ਜਹਾਨ ਨੂੰ ਜਾਣਿਆ ਨਾ,
ਹੋਏ ਗਲੀ ਦੇ ਕੱਖ ਤੋਂ ਆਪ ਹੌਲੇ,
ਤੇਰੇ ਦਿਲ ਅੰਦਰ ਜਦੋਂ ਬਾਲ ਆਇਆ।

ਧੂੜਾਂ ਉੱਡੀਆਂ ਆਲ੍ਹਣੀਂ ਮੁੜੇ ਪੰਛੀ,
ਤਾਰੇ ਨਿੱਕਲੇ, ਘਰਾਂ ਵਿਚ ਜਗੇ ਦੀਵੇ,
ਮੇਰੇ ਲਈ ਜਹਾਨ ਪਰ 'ਨੇਰ ਹੋਇਆ,
ਮੰਗੂ[2] ਆ ਗਿਆ ਉਹ ਨਾ ਨਾਲ ਆਇਆ।

ਐਡੀ ਘੋਰ ਖ਼ਿਜਾਂ ਦੀ ਰੁੱਤ ਅੰਦਰ,
ਫੇਰਾ ਕੀ ਖ਼ੁਸ਼ਬੂ ਨੇ ਮਾਰਨਾ ਸੀ,
ਮੇਰੀ ਅੱਖ ਅੱਜ ਦੋਸਤਾ ਮਹਿਕਦੀ ਏ,
ਰਾਤੀਂ ਖ਼ਾਬ ਅੰਦਰ 'ਰਾਜਗੋਮਾਲ'[3] ਆਇਆ।

1 ਬਲਿਸ਼ਤ—ਗਿੱਠ 2 ਮੰਗੂ—ਮੱਝਾਂ ਦਾ ਵੱਗ
3 ਰਾਜਗੋਮਾਲ—ਕਵੀ ਦਾ ਪਿੰਡ।

ਇਕ ਦੋ ਜਿੱਤਾਂ

ਪਿਛਲੇ ਸਾਲ ਵਿਚ ਦੋ ਭਾਰਤੀਆਂ ਨੇ ਹਿਊਮਨ ਰਾਈਟਸ ਐਕਟ ਦੇ ਥੱਲੇ ਸ਼ਕਾਇਤਾਂ ਕਰਕੇ ਜਿੱਤਾਂ ਜਿੱਤੀਆਂ। ਵਿਕਟੋਰੀਆ ਵਿਚ ਇਕ ਮਾਲਕ ਦਾ ਨੌਕਰੀ ਬਾਰੇ ਵਿਤਕਰਾ ਕੀਤਾ ਸਾਬਤ ਹੋਇਆ ਤੇ ਉਸਨੂੰ ਜੁਰਮਾਨਾ ਹੋਇਆ। ਹਿਊਸਟਨ ਵਿਚ ਸੁਖਵਿੰਦਰ ਡਾਭਵਨ ਨੂੰ ਇਕ ਮਾਲਕ ਨੇ ਘਰ ਕਿਰਾਏ ਤੇ ਨਹੀਂ ਦਿਤਾ ਕਿਉਂਕਿ ਉਸਦਾ ਰੰਗ ਕਾਲਾ ਸੀ। ਸੁਖਵਿੰਦਰ ਨੇ ਇਸ ਗੱਲ ਬਾਰੇ ਹਿਊਮਨ ਰਾਈਟਸ ਦੇ ਸ਼ਕਾਇਤ ਕੀਤੀ ਜਿਸ ਵਿਚ ਮਿਲ ਮਾਲਕ ਨੇ ਤੇ ਉਥੋਂ ਦੇ ਇਕ ਹਿੰਦੂ ਭਾਰਤੀ ਐਲਡਰਮੈਨ ਨੇ ਡਟ ਕੇ ਗਵਾਹੀਆਂ ਦਿਤੀਆਂ ਤੇ ਕੇਸ ਜਿੱਤ ਲਿਆ। ਮਕਾਨ ਦੇ ਮਾਲਕ ਨੂੰ 4500 ਡਾਲਰ ਹਰਜਾਨਾ ਦੇਣਾ ਪਿਆ। ਜੱਜ ਨੇ ਫੈਸਲਾ ਕਰਦਿਆਂ ਕਿਹਾ ਕਿ ਸੁਖਵਿੰਦਰ ਦਸ ਸਾਲ ਤੋਂ ਮਿਲ ਵਿਚ ਕੰਮ ਕਰਦਾ ਹੈ ਤੇ ਉਸਦੇ ਦੋ ਬੱਚੇ ਅਤੇ ਪਤਨੀ ਹੈ, ਚੰਗੇ ਚਾਲ ਚਲਣ ਵਾਲਾ ਇਨਸਾਨ ਹੈ, ਅਜਿਹੇ ਇਨਸਾਨ ਨੂੰ ਰੰਗ ਜਾਂ ਦੂਜੀ ਨਸਲ ਦਾ ਹੋਣ ਕਰਕੇ ਘਰ ਨਾ ਦੇਣਾ ਅਪਰਾਧ ਹੈ ਤੇ ਗੈਰ ਕਾਨੂੰਨੀ ਹੈ। ਜੱਜ ਨੇ ਮਾਲਕ ਨੂੰ ਚੰਗੀ ਝਾੜ ਝੰਬ ਪਾਈ।

ਔਨਟੈਰੀਓ ਵਿਚ ਇਕ ਪੋਸਟਮੈਨ ਨੂੰ ਨਸਲਵਾਦੀ ਜਿਊ ਜਿਊ ਕਰਕੇ ਚਿੜਾਉਂਦੇ ਸਨ ਤੇ ਉਸਨੇ ਹਿਊਮਨ ਰਾਈਟਸ ਦੇ ਸ਼ਕਾਇਤ ਕੀਤੀ। ਜੱਜ ਨੇ ਨਸਲਵਾਦੀ ਨੂੰ ਚਾਰ ਹਜ਼ਾਰ ਡਾਲਰ ਜੁਰਮਾਨਾ ਕੀਤਾ ਤੇ ਕਿਹਾ ਕਿ ਕਿਸੇ ਦਾ ਨਾਂ-ਕਨਾਂ ਲੈ ਕੇ ਮਨ ਦੁਖੀ ਕਰਨਾ ਭੀ ਇਕ ਅਪਰਾਧ ਹੈ। ਪਰ ਬੀ. ਸੀ. ਦੇ ਹਿਊਮਨ ਰਾਈਟਸ ਐਕਟ ਥੱਲੇ ਇਹੋ ਜਿਹਾ ਕੋਈ ਕਾਨੂੰਨ ਨਹੀਂ। ਬੀ. ਸੀ. ਦਾ ਐਕਟ ਕਈ ਪੱਖੋਂ ਬਹੁਤ ਹੀ ਕਮਜ਼ੋਰ ਹੈ।

ਸਰਕਾਰ ਨੇ ਫੌਜ ਵਿਚ ਤੇ ਕਈ ਸੂਬਿਆਂ ਵਿਚ ਪੁਲਸ ਵਿਚ ਭੀ ਪੱਗ ਬੰਨ੍ਹਕੇ ਨੌਕਰੀ ਕਰਨ ਦਾ ਅਧਿਕਾਰ ਦੇ ਦਿੱਤਾ ਹੈ ਪਰ ਦੂਸਰੇ ਪਾਸੇ ਸੁਪਰੀਮ ਕੋਰਟ ਦੇ ਆਰਡਰ ਤਹਿਤ ਭਿੰਡਰ ਵਾਲੇ ਕੇਸ ਨੂੰ ਰੱਦ ਕਰ ਦਿਤਾ ਹੈ ਤੇ ਕਿਹਾ ਹੈ ਕਿ ਪੱਗ ਨਾਲ ਸੇਫਟੀ ਨਹੀਂ ਇਸ ਕਰਕੇ ਰੇਲਵੇ ਵਿਚ ਹਰ ਕਾਮੇ ਨੂੰ ਟੋਪ ਲੈਣਾ ਪਵੇਗਾ ਸੁਪਰੀਮ ਕੋਰਟ ਦੇ ਇਸ ਫੈਸਲੇ ਨੂੰ ਚਾਰਟਰ ਦੇ ਥੱਲੇ ਚੈਲੰਜ ਕੀਤਾ ਜਾ ਸਕਦਾ ਹੈ ਪਰ ਇਸ ਕੇਸ ਦਾ ਖਰਚਾ ਡੇਢ ਜਾਂ ਦੋ ਲੱਖ ਦੇ ਕਰੀਬ ਹੋਵੇਗਾ। ਉਹ ਸਿੱਖ ਜਥੇਬੰਦੀਆਂ ਜਿਨ੍ਹਾਂ ਪਾਸ ਚੋਖੇ ਪੈਸੇ ਹਨ ਇਹੋ ਜਿਹਾ ਕੰਮ ਸਿਰੇ ਚੜ੍ਹਾ ਸਕਦੀਆਂ ਹਨ। ਜੇ ਪੱਗ ਵਾਲਾ ਕੇਸ ਅਨਟੈਰੀਓ ਹਿਊਮਨ ਰਾਈਟਸ ਦੇ ਥੱਲੇ ਹੁੰਦਾ ਤਾਂ ਭਿੰਡਰ ਕੇਸ ਜਿੱਤ ਸਕਦਾ ਸੀ ਕਿਉਂਕਿ ਉਹ ਧਾਰਾ ਜੋ ਭਿੰਡਰ ਦੇ ਕੇਸ ਤੇ ਲਾਗੂ ਹੁੰਦੀ ਸੀ ਇਸਦੀ ਸ਼ਬਦਾਵਲੀ ਅਨਟੈਰੀਓ ਦੇ ਐਕਟ ਵਿਚ ਕੈਨੇਡੀਅਨ ਹਿਊਮਨ ਰਾਈਟਸ ਨਾਲੋਂ ਭੀ ਤਕੜੀ ਹੈ। ਸੋ ਇਹ ਪਰਤੱਖ ਹੈ ਜਦ ਹਿਊਮਨ ਰਾਈਟਸ ਦੇ ਐਕਟ ਬਣਦੇ ਹਨ ਘੱਟ ਗਿਣਤੀ ਵਾਲੇ ਲੋਕਾਂ ਨੂੰ ਹੁਸ਼ਿਆਰ ਰਹਿਣਾ ਪਵੇਗਾ ਤਾਕਿ ਉਹ ਧਾਰਾਵਾਂ ਜੋ ਇਨ੍ਹਾਂ ਤੇ ਲਾਗੂ ਹੁੰਦੀਆਂ ਹਨ ਤਕੜੀਆਂ ਤੇ ਯੋਗ ਬਣਾਈਆਂ ਜਾਣ। ਜੇ ਸਾਨੂੰ ਚਾਰਟਰ ਦੇ ਸੈਕਸ਼ਨ ਪੰਦਰਾਂ ਥੱਲੇ ਕੋਰਟਾਂ ਵਿਚ ਇਨਸਾਫ ਲਈ ਜਾਣਾ ਪਿਆ ਤਾਂ ਸਾਡੀ ਸਾਰੀ ਕਮਿਊਨਿਟੀ ਬਰੁਕ ਹੋ ਜਾਵੇਗੀ। ਸੋ ਜਦੋਂ ਅਜਿਹੇ ਕਾਨੂੰਨ ਬਣਦੇ ਹਨ ਤਾਂ ਸਾਨੂੰ ਪਹਿਲੋਂ ਹੀ ਸੋਚਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਸਾਡੇ ਤੇ ਭਵਿਖ ਵਿਚ ਕੀ ਅਸਰ ਹੋਵੇਗਾ। ਪਰ ਅਫਸੋਸ ਹੈ ਸਾਡੀ ਕਮਿਊਨਿਟੀ ਦਾ ਰਵੱਈਆ ਹੈ "ਜਹਾਂ ਹਮ ਲਟਕੇ ਵਹਾਂ ਤੁਮ ਲਟਕੋ" ਬਹੁਤੇ ਮੁਫਤਖੋਰ ਇਹ ਭੀ ਕਹਿੰਦੇ ਹਨ ਜੋ ਝਗੜਦੇ ਹਨ ਝਗੜੀ ਜਾਣ ਸਾਨੂੰ ਕੀ ਲੋੜ ਹੈ ਜਦ ਕਾਨੂੰਨ ਚੰਗਾ ਬਣ ਗਿਆ ਤਾਂ ਸਾਡਾ ਕੰਮ ਭੀ ਨਾਲ ਬਣ ਹੀ ਜਾਣਾ ਹੈ।

(ਇਹ ਲੇਖ ਵੈਨਕੂਵਰ ਕੋ ਆਪ ਰੇਡੀਓ, 102.7 FM ਤੇ ਚਰਨਪਾਲ ਗਿੱਲ ਨੇ ਪੜ੍ਹਿਆ)

ਭਿੰਡਰਾਂਵਾਲੇ ਮਾਰਕ ਟੱਲੀ ਦੀਆਂ ਨਜ਼ਰਾਂ ਵਿਚ

ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ



ਜਦੋਂ ਸ੍ਰੀਮਤੀ ਇੰਦਰਾ ਗਾਂਧੀ ਮੁੜ ਤਾਕਤ ਵਿਚ ਆਈ ਤਾਂ ਜ਼ੈਲ ਸਿੰਘ ਨੂੰ ਕੇਂਦਰੀ ਗ੍ਰਹਿ ਮੰਤਰੀ ਦੀ ਪਦਵੀ ਨਾਲ ਸਨਮਾਨਿਆ। ਉਹ ਵਿਅਕਤੀ ਜੋ ਸੰਤ ਭਿੰਡਰਾਂਵਾਲਿਆਂ ਵਾਂਗ ਧਾਰਮਿਕ ਪ੍ਰਚਾਰਕ ਦੇ ਦੌਰ ਤੇ ਉਭਰਿਆ ਤੇ ਭਿੰਡਰਾਂ-ਵਾਲਿਆਂ ਤੋਂ ਧਾਰਮਿਕ ਕਿਤੇ ਫੜਦਾ ਹੋਇਆ, ਭਾਰਤੀ ਮੰਤਰੀ ਮੰਡਲ ਦਾ ਨੰਬਰ ਦੋ ਬਣ ਗਿਆ। ਪਰ ਜ਼ੈਲ ਸਿੰਘ ਦੀ ਖੁਸ਼ੀ ਬਹੁਤੀ ਦੇਰ ਨਾ ਰਹੀ ਜਿਸ ਸਾਲ ਪੰਜਾਬ ਵਿਚ ਕਾਂਗਰਸ ਭਾਰਤ ਵਿਚ ਆਈ, ਇੰਦਰਾ ਗਾਂਧੀ ਨੂੰ ਜ਼ੈਲ ਸਿੰਘ ਦੇ ਕੱਟੜ ਵਿਰੋਧੀ ਦਰਬਾਰਾ ਸਿੰਘ ਨੂੰ ਪੰਜਾਬ ਦਾ ਨਵਾਂ ਮੰਤਰੀ ਥਾਪ ਦਿਤਾ ਇੰਦਰਾ ਗਾਂਧੀ ਦੇ ਪਰਿਵਾਰ ਨੂੰ ਛੱਡ ਕੇ, ਭਾਰਤ ਵਿਚ ਸਾਰੇ ਰਾਜਸੀ ਆਗਮਨ ਨੂੰ ਆਪਣਾ ਆਧਾਰ ਬਚਾਉਣਾ ਪੈਂਦਾ ਹੈ। ਉਹ ਆਪਣੇ ਪ੍ਰਾਂਤ ਵਿਚ ਮਜ਼ਬੂਤ ਅਧਾਰ ਬਣਾ ਕੇ ਹੀ, ਦਿੱਲੀ ਵਿਚ ਪ੍ਰਭਾਵ ਪਾ ਸਕਦੇ ਹਨ। ਸ੍ਰੀਮਤੀ ਇੰਦਰਾ ਗਾਂਧੀ ਇਹ ਨਹੀਂ ਸੀ ਚਾਹੁੰਦੀ ਕਿ ਕੋਈ ਉਸਦਾ ਸਾਥੀ ਰਾਜਸੀ ਆਗੂ ਆਪਣੇ ਪ੍ਰਾਂਤ ਵਿਚ ਬਹੁਤਾ ਸ਼ਕਤੀਸ਼ਾਲੀ ਬਣੇ। ਜੇ ਗ੍ਰਹਿ ਮੰਤਰੀ ਜ਼ੈਲ ਸਿੰਘ ਦਾ ਬੰਦਾ ਪੰਜਾਬ ਦਾ ਮੁੱਖ ਮੰਤਰੀ ਬਣਦਾ ਤਾਂ ਜ਼ੈਲ ਸਿੰਘ ਨੇ ਪੰਜਾਬ ਦਾ ਰਾਜਾ ਹੋਣਾ ਸੀ ਤੇ ਇਹ ਇੰਦਰਾ ਗਾਂਧੀ ਨੂੰ ਰਾਸ ਨਹੀਂ ਸੀ ਆਉਂਦੀ। ਇਸੇ ਲਈ ਜ਼ੈਲ ਸਿੰਘ ਦੇ ਕੱਟੜ ਵਿਰੋਧੀ ਦਰਬਾਰਾ ਸਿੰਘ ਨੂੰ ਮੁੱਖ ਮੰਤਰੀ ਬਣਾਇਆ ਗਿਆ।

ਰਾਜਸੀ ਤੌਰ ਤੇ ਦਰਬਾਰਾ ਤੇ ਜ਼ੈਲ ਸਿੰਘ ਦੋ ਵਿਰੋਧੀ-ਧੁਰੇ ਸਨ। ਜਦੋਂ ਜ਼ੈਲ ਸਿੰਘ 1972 ਤੋਂ 1977 ਤੱਕ ਮੁਖ ਮੰਤਰੀ ਸੀ, ਉਸ ਨੇ ਮਿਲ ਕੇ ਅਕਾਲੀ ਦਲ ਦੇ ਹਥਿਆਰ ਧਰਮ ਨੂੰ ਵਰਤ ਕੇ ਹੀ ਲੜਾਈ ਕੀਤੀ। ਉਸ ਅਜਿਹੇ ਢੰਗ ਵਰਤੇ ਤੇ ਸਿੱਖਾਂ ਨੂੰ ਦਰਸਾਇਆ ਕਿ ਉਹ ਅਕਾਲੀ ਆਗੂਆਂ ਨਾਲੋਂ ਘੱਟ ਸ਼ਰਧਾਲੂ ਨਹੀਂ! ਉਸਨੇ ਗੁਰਪੁਰਬਾਂ ਨੂੰ ਮਨਾਉਣਾ ਤੇ ਗੁਰੂ ਦੀਆਂ ਸਿਖਿਆਵਾਂ ਦਾ ਪ੍ਰਚਾਰ ਕਰਨਾ। ਇਹ ਕੰਮ ਉਸ ਨੇ ਅੰਮ੍ਰਿਤਸਰ ਵਿਖੇ ਸਿਖ ਮਿਸ਼ਨਰੀ ਕਾਲਜ ਤੋਂ ਗ੍ਰਹਿਣ ਕੀਤਾ। ਉਸਦੀ ਕਥਨੀ ਤੇ ਕਰਨੀ ਵਿਚ ਫਰਕ ਨਹੀਂ ਸੀ। ਉਹ ਗੁਰੂ ਗੋਬਿੰਦ ਸਿੰਘ ਮਾਰਗ ਬਣਵਾ ਗਿਆ। ਇਕ ਬਹੁਤ ਲੰਬਾ ਜਲੂਸ ਨਿਕਲਿਆ ਜਿਸ ਨੂੰ ਚਾਰ ਦਿਨ ਆਪਣੇ ਨਿਸ਼ਾਨੇ ਤੇ ਪਹੁੰਚਣ ਲਈ ਲਗੇ। ਅਕਾਲੀ ਦਲ ਆਗੂਆਂ ਨੂੰ ਨਾਲ ਤੁਰਨਾ ਵੀ ਪਿਆ। ਗੁਰੂ ਗੋਬਿੰਦ ਸਿੰਘ ਮਾਰਗ ਜ਼ੈਲ ਸਿੰਘ ਦੀ ਰਾਜਸੀ ਸੂਝ ਦਾ ਕਰਿਸ਼ਮਾਂ ਸੀ। ਦਰਬਾਰਾ ਸਿੰਘ ਸ੍ਰੀ ਮਤੀ ਇੰਦਰਾ ਗਾਂਧੀ ਕੋਲ ਗਿਆ ਤੇ ਕਿਹਾ ਕਿ ਜ਼ੈਲ ਸਿੰਘ ਫਿਰਕੂ ਰਾਜਨੀਤੀ ਵਿਚ ਪੈ ਕੇ ਕਾਂਗਰਸ ਵਿਚ ਧਰਮ-ਨਿਰਪੇਖਤਾ ਨੂੰ ਖਤਰੇ ਵਿਚ ਪਾ ਰਿਹਾ ਹੈ। ਸ੍ਰੀਮਤੀ ਇੰਦਰਾ ਗਾਂਧੀ ਆਪਣੇ ਪਿਤਾ ਨਹਿਰੂ ਤੋਂ ਧਰਮ ਦੇ ਖਿਲਾਫ ਘਿਰਨਾ ਘੱਟ ਸੀ ਤੇ ਉਸ ਜ਼ੈਲ ਸਿੰਘ ਦੀ ਦਰਬਾਰਾ ਸਿੰਘ ਦੀ ਧਰਮ ਨਿਪੇਖਤਾ ਦੇ ਖਿਲਾਫ, ਸਿੱਖ ਰਾਜਨੀਤੀ ਵਾਲੀ ਚਾਲ ਦੀ ਪਿਠ ਠੋਕੀ। ਇਸ ਤਰ੍ਹਾਂ ਜ਼ੈਲ ਸਿੰਘ ਧਰਮ ਦੇ ਇਕੱਠ ਕਰਦੇ ਰਹੇ ਅਤੇ ਹਰ ਸਮਾਗਮ ਸ਼ਬਦ ਨਾਲ ਸ਼ੁਰੂ ਹੁੰਦਾ। ਉਸ ਇਕ ਨਗਰ ਗੁਰੂ ਗੋਬਿੰਦ ਸਿੰਘ ਦੇ ਸਪੁੱਤਰ ਦੇ ਨਾਂ ਤੇ ਵਸਾਇਆ। ਗੁਰੂ ਗੋਬਿੰਦ ਸਿੰਘ ਮਾਰਗ ਲਈ ਘੋੜੇ ਵੀ ਭੇਜੇ ਗਏ। ਪਿੰਡ ਦੇ ਲੋਕਾਂ ਨੇ ਉਹਨਾਂ ਦੀ ਧੂੜ ਮਥੇ ਲਾਈ। ਜ਼ੈਲ ਸਿੰਘ ਦੀ ਧਾਰਮਿਕ ਰਾਜਨੀਤੀ ਅਕਾਲੀਆਂ ਨੂੰ ਰੋੜ੍ਹਦੀ ਗਈ। ਉਹ ਓਦੋਂ ਤੱਕ ਮੁਖ ਮੰਤਰੀ ਰਿਹਾ ਜਦ ਤਕ ਕੇ ਐਮਰਜੈਂਸੀ ਖਤਮ ਨਾ ਹੋ ਗਈ।

ਜਦੋਂ ਦਰਬਾਰਾ ਸਿੰਘ 1980 ਵਿਚ ਮੁਖ ਮੰਤਰੀ ਬਣਾਇਆ ਤਾਂ ਉਸ ਨੇ ਜ਼ੈਲ ਸਿੰਘ ਦੀਆਂ ਨੀਤੀਆਂ ਉਲਟਾ ਦਿਤੀਆਂ ਤੇ ਕਾਂਗਰਸ ਦੀ ਅਖੌਤੀ ਧਰਮ ਨਿਰਪੇਖਤਾ ਵਲ ਧਿਆਨ ਦਿਤਾ। ਦਰਬਾਰਾ ਸਿੰਘ ਕਦੇ ਵੀ ਅਕਾਲੀ ਦਲ ਦਾ ਟੱਬਰ ਨਹੀਂ ਸੀ ਰਿਹਾ ਜਿਵੇਂ ਕਿ ਗਿਆਨੀ ਜੀ ਜਾਂ ਕੋਈ ਹੋਰ ਕਾਂਗਰਸ ਆਗੂ ਰਹੇ ਸਨ। ਉਹ ਹਮੇਸ਼ਾ ਫਿਰਕਾ ਪ੍ਰਸਤੀ ਨਾਲ ਸਮਝੌਤੇ ਦੇ ਉਲਟ ਰਿਹਾ। ਇਕ ਵਾਰ ਉਸ ਮੈਨੂੰ ਕਿਹਾ, ਤੁਸੀਂ ਇਕ ਵਿਅਕਤੀ ਨਾਲ ਉਸਦੇ ਆਪਣੇ ਹਥਿਆਰ ਨਾਲ ਨਹੀਂ ਲੜ ਸਕਦੇ", ਭਾਵੇਂ ਉਹ ਆਪ ਸਿਖ ਸੀ, ਓਸ ਇਕ ਭੇਂਟ ਵਾਰਤਾ ਵਿਚ ਮੁਖ ਮੰਤਰੀ ਬਨਣ ਮਗਰੋਂ ਸਪਸ਼ਟ ਰੂਪ ਵਿਚ ਕਿਹਾ ਕਿ ਇਸ ਤੋਂ ਪਹਿਲਾਂ ਸਿਖ ਸਭਿਆਚਾਰ ਸੀ ਹੁਣ ਉਹ ਸਿਖ ਸਭਿਆਚਾਰ ਹੱਦਾਂ ਨੂੰ ਛੂਹ ਗਿਆ ਹੈ ਹੁਣ ਸਿੱਖ ਸਭਿਆਚਾਰ ਮਰ ਗਿਆ ਹੈ। ਹੁਣ ਸਿੱਖ ਸਭਿਆਚਾਰ ਮਿਲ ਗੋਭਾ ਹੋ ਗਿਆ ਹੈ। ਮੈਂ ਵੀ ਇਹੋ ਕੁਝ ਕਰ ਰਿਹਾ ਹਾਂ।"

ਇਸ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਕਿ ਕੱਟੜਪੰਥੀ ਸਿੱਖਾਂ ਨੇ ਉਪਰੋਕਤ ਬਿਆਨ ਨੂੰ ਇਸ ਸਬੂਤ ਦੇ ਤੌਰ ਤੇ ਲਿਆ ਕਿ ਕਾਂਗਰਸ ਪਾਰਟੀ ਦਾ ਨਿਸ਼ਾਨਾ ਸਿਖ ਧਰਮ ਨੂੰ ਹਿੰਦੂ ਸਭਿਆਚਾਰ ਵਿਚ ਮਿਲਾ ਦੇਣਾ ਹੈ।

ਦਰਬਾਰਾ ਸਿੰਘ ਨੇ ਅਜਿਹੇ ਮੰਤਰੀ, ਅਨਸਰ ਤੇ ਮੁਖ ਪੁਲਿਸ ਅਫਸਰ ਲਏ ਜੋ ਧਰਮਨਿਰਪੇਖ ਸਨ ਅਤੇ ਉਸ ਨੇ ਹਿੰਦੂ ਤੇ ਸਿੱਖ ਅਤਿਵਾਦੀਆਂ ਨਾਲ ਸਖਤੀ ਵਰਤੀ। ਕੇਂਦਰ ਵਲੋਂ ਪੇਂਡੂ ਤੇ ਸਨਅਤੀ ਵਿਕਾਸ ਲਈ ਇਕ ਡੇਪੂਟੇਸ਼ਨ ਭੇਜਿਆ ਜਿਸ ਨੇ ਚੰਡੀਗੜ੍ਹ ਵਿਖੇ ਕਿਹਾ "ਕਾਂਗਰਸ ਦਾ ਇਕ ਧੜਾ, ਜੋ ਘਟ ਗਿਣਤੀ ਵਿਚ ਹੈ ਤੇ ਜ਼ੈਲ ਸਿੰਘ ਨਾਲ ਜੁੜਿਆ ਹੋਇਆ ਹੈ" ਉਹ ਧਾਰਮਿਕ ਫਿਰਕਾ ਪ੍ਰਸਤੀ ਨਾਲ ਟਕਰਾਉਣ ਦੀ ਨੀਤੀ ਚਾਹੁੰਦਾ ਹੈ।" ਇਥੇ ਦਰਬਾਰਾ ਸਿੰਘ ਤੇ ਜ਼ੈਲ ਸਿੰਘ ਵਿਚਕਾਰ ਇਕ ਲਾਈਨ ਖਿਚੀ ਗਈ।

ਜਦੋਂ ਸ੍ਰੀਮਤੀ ਇੰਦਰਾ ਗਾਂਧੀ ਪਹਿਲੇ ਸਾਲ ਤਾਕਤ ਵਿਚ ਆਈ ਤਾਂ ਤਿੰਨ ਕਤਲ ਹੋਏ ਤੇ ਕਾਂਗਰਸ ਪਾਰਟੀ ਵਿਚ ਅੰਦਰੂਨੀ ਖਿਚਾਅ ਪੈਦਾ ਹੋ ਗਿਆ ਤੇ ਇਸ ਨਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਪੰਜਾਬ ਦੀ ਰਾਜਨੀਤੀ ਵਿਚ ਉਭਰ ਕੇ ਆਏ। 24 ਅਪ੍ਰੈਲ 1980 ਨੂੰ ਬਾਬਾ ਗੁਰਬਚਨ ਸਿੰਘ, ਨਿਰੰਕਾਰੀ ਆਗੂ ਨੂੰ ਆਪਣੇ ਘਰ ਵਿਚ ਹੀ ਗੋਲੀ ਮਾਰ ਦਿਤੀ ਗਈ। ਅੰਮ੍ਰਿਤਸਰ ਵਿਖੇ ਨਿਰੰਕਾਰੀ ਜਮਾਨਤ ਤੋਂ ਲੈ ਕੇ, ਸੰਤ ਭਿੰਡਰਾਂਵਾਲਿਆਂ ਨੇ ਇਨ੍ਹਾਂ ਨਿਰੰਕਾਰੀਆਂ ਦੇ ਖਿਲਾਫ ਮੁਹਿਮ ਚਲਾ ਰਖੀ ਸੀ। ਉਹ ਉਦੋਂ ਤੋਂ ਭੜਕੇ ਹੋਏ ਸਨ ਜਦੋਂ ਅਕਾਲੀ, ਜਨਤਾ ਸਰਕਾਰ ਨੇ ਅੰਮ੍ਰਿਤਸਰ ਜਾਂਦਾ ਮੁਕੱਦਮਾ ਕਰਨਾਲ ਵਿਖੇ ਤਬਦੀਲ ਕਰਨ ਦੀ ਇਜਾਜ਼ਤ ਦੇ ਦਿੱਤੀ ਸੀ ਤੇ ਉਹੋ ਉਹ ਜ਼ਿਆਦਾ ਗੁੱਸੇ ਵਿਚ ਆਏ ਜਦੋਂ ਹਰਿਆਣਵੀ ਕਚਿਹਰੀ ਨੇ ਸਾਰੇ ਨਿਰੰਕਾਰੀਆਂ ਨੂੰ ਬੇਦੋਸ਼ ਕਰਾਰ ਦਿਤਾ ਸੀ। ਨਿਰੰਕਾਰੀਆਂ ਨੇ ਇਹ ਦਲੀਲ ਦਿਤੀ ਸੀ ਕਿ ਜੇ ਅੰਮ੍ਰਿਤਸਰ ਦੀ ਕਚਹਿਰੀ ਵਿਚ ਉਨ੍ਹਾਂ ਨੂੰ ਇਨਸਾਫ ਨਹੀਂ ਮਿਲੇਗਾ। ਇਸ ਲਈ ਉਦੋਂ ਹੋਈ ਹੈਰਾਨੀ ਜਦੋਂ ਸੰਤ ਭਿੰਡਰਾਂਵਾਲਿਆਂ ਦਾ ਨਾਂ ਪੁਲਿਸ ਰਿਪੋਰਟ ਵਿਚ ਸ਼ਾਮਲ ਕੀਤਾ ਗਿਆ।

ਜਦੋਂ ਭਿੰਡਰਾਂਵਾਲਿਆਂ ਨੂੰ ਇਹ ਸੂਹ ਮਿਲੀ ਤਾਂ ਉਨ੍ਹਾਂ ਹਰਿਮੰਦਰ ਸਾਹਿਬ

ਬਾਕੀ ਪੰਨਾ 17 ਤੇ

ਪਾਠ—ਵਿਚਾਰ

ਮੇਹਰ ਸਿੰਘ ਸੰਧੂ, ਵੈਨਕੂਵਰ

ਇਸ ਲੇਖ ਦਾ ਇਹ ਭਾਵ ਨਹੀਂ ਕਿ ਬਾਣੀ ਪੜ੍ਹਨੀ ਜਾਂ ਪਾਠ ਕਰਨੇ ਨਹੀਂ ਚਾਹੀਦੇ। ਨਿਰੇ ਰਟੇ ਪਾਠਾਂ ਨਾਲੋਂ ਬਾਣੀ ਦਾ ਮਤਲਬ ਸਮਝ ਕੇ, ਵਿਚਾਰ ਕਰਨੀ ਅਤੇ ਉਸ ਉਤੇ ਚਲਣਾ ਬੰਦੇ ਲਈ ਜ਼ਿਆਦਾ ਲਾਭਦਾਇਕ ਹੈ।

ਸਿਖਿਆ ਸਿਖਣ ਵਾਲੇ ਨੂੰ ਸਿੱਖ ਕਹੀਦਾ ਹੈ। ਜੋ ਗੁਰੂ ਦੀ ਸਿਖਿਆ ਦਾ ਪਾਲਣ ਕਰਦਾ ਹੈ ਉਹ ਗੁਰਸਿਖ ਹੈ। ਜਦ ਤੋਂ ਕੋਈ ਨੀਯਤ ਰਾਸ ਕਰਕੇ ਗੁਰੂ ਦੇ ਦਸੇ ਮਾਰਗ ਚਲਣਾ ਸ਼ੁਰੂ ਕਰਦਾ ਹੈ ਉਦੋਂ ਤੋਂ ਲੈ ਕੇ ਗੁਰਸਿੱਖੀ ਦੇ ਆਦਰਸ਼ —
"ਗੋਬਿੰਦ ਮਿਲਣ" ਤਕ ਉਹ ਗੁਰਸਿੱਖ ਹੀ ਅਖਵਾਏਗਾ।

ਗੁਰੂ ਘਰ ਵਿਚ ਧਰਮ ਗਰੰਥਾਂ ਦੇ ਨਿਰਾ ਪੜ੍ਹ ਛੱਡਣ, ਪੜ੍ਹਾ ਛੱਡਣ ਜਾਂ ਨਿਰਾ ਸੁਣ ਛੱਡਣ ਦੀ ਕੋਈ ਮਹਾਨਤਾ ਨਹੀਂ —

ਕਹਤ ਸੁਨਤ ਕਛ ਜੋਗੁ ਨ ਹੋਊ। (251)

ਸ੍ਰੀ ਗੁਰੂ ਅਮਰਦਾਸ ਜੀ ਦਾ ਕਹਿਣਾ ਹੈ ਕਿ ਮਨੁੱਖ ਪੜ੍ਹ ਪੜ੍ਹ ਕੇ ਥੱਕ ਜਾਂਦਾ ਹੈ, ਪਰ ਮਨ ਨੂੰ ਸ਼ਾਂਤੀ ਨਹੀਂ ਹੁੰਦੀ ਤੇ ਸਾਰਾ ਸਮਾਂ ਸੜਿਆ ਵਿਚ ਹੀ ਬੀਤ ਜਾਂਦਾ ਹੈ —

ਪੜਿ ਥਾਕੇ ਸੰਤੋਖ ਨ ਆਇਓ ਅਨਦਿਨੁ ਜਲਤ ਵਿਹਾਇ। (674)

ਭਗਤ ਕਬੀਰ ਜੀ ਦਾ ਕਥਨ ਹੈ —

ਕਿਆ ਪੜੀਐ ਕਿਆ ਗੁਨੀਐ ਕਿਆ ਬੇਦ ਪੁਰਾਨਾ ਸੁਨੀਐ।
ਪੜੇ ਸੁਨੇ ਕਿਆ ਹੋਈ ਜਉ ਸਹਜ ਨ ਮਿਲਿਓ ਸੋਈ। (655)

ਭਾਈ ਗੁਰਦਾਸ ਜੀ ਨੇ ਲਿਖਿਆ ਹੈ —

ਖਾਂਡ ਖਾਂਡ ਕਹੈ ਜਿਹਬਾ ਨ ਸਾਦ ਮੀਠੋ ਆਵੈ।
ਅਗਨਿ ਅਗਨਿ ਕਹੈ ਸੀਤ ਨ ਨਿਵਾਸ ਹੈ।
ਬੈਦ ਬੈਦ ਕਹੈ ਰੋਗ ਕਾਹੂੰ ਕੋ ਮਿਟਤ ਨਾਹਿ।
ਦ੍ਰਬ ਦ੍ਰਬ ਕਹੈ ਕਉ ਦ੍ਰਬੈ ਨ ਵਿਨਾਸ ਹੈ।
ਚੰਦਨ ਚੰਦਨ ਕਹੈ ਹੋਤ ਨ ਸਾਬਾਸ ਬਾਸ।
ਚੰਦ ਚੰਦ ਕਹੈ ਉਜੀਆਰੋ ਨ ਪ੍ਰਕਾਸ਼ ਹੈ।
ਤੈਸੇ ਗਯਾਨ ਗੋਸਟਿ ਕਹਿਤ ਨ ਰਹਿਤ ਪਾਵੈ।
ਕਰਨੀ ਪ੍ਰਧਾਨੁ ਭਾਨੁ ਉਦਿਤ ਅਕਾਸ ਹੈ। (ਕਯਿਤ ਸਵਿਯੇ)

ਗੁਰਬਾਣੀ ਮੰਤ੍ਰ ਰਟਣ ਨਹੀਂ ਅਤੇ ਗੁਰਸਿੱਖੀ ਅੰਧ ਵਿਸ਼ਵਾਸ਼ੀ ਧਰਮ ਨਹੀਂ —

ਪਹਿਲਾ ਵਸਤੁ ਸਿਞਾਣਿ ਕੈ ਤਾ ਕੀਚੈ ਵਾਪਾਰੁ। (1410)

ਗੁਰੂ ਘਰ ਵਿਚ ਸ਼ਬਦ ਵਿਚਾਰ ਦੀ ਬਹੁਤ ਮਹਾਨਤਾ ਮੰਨੀ ਹੈ —

ਸਭ ਸੇ ਊਪਰਿ ਗੁਰ ਸਬਦੁ ਬੀਚਾਰੁ। (904)
ਗੁਰਮੁਖਿ ਹੋਵੈ ਸੁ ਕਰੇ ਵੀਚਾਰੁ। (1422)
ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ। (1130)
ਗੁਰਮੁਖਿ ਗਿਆਨੁ ਤਤੁ ਬੀਚਾਰਾ ਜੋਤੀ ਜੋਤਿ ਮਿਲਾਏ। (1131)
ਗੁਰ ਪਰਸਾਦਿ ਨਿਰੰਜਣ ਪਾਇਆ ਸਾਚੈ ਸਬਦਿ ਵੀਚਾਰੀ। (1234)
ਆਪੇ ਮੇਲੇ ਗੁਰ ਸਬਦਿ ਵੀਚਾਰਾ। (1052)
ਸਚਾ ਸਬਦੁ ਵੀਚਾਰਿ ਸਚਿ ਸਮਾਣਿਆ। (144)
ਹਰਿ ਮੁਖਿ ਪਾਠ ਪੜੈ ਬੀਚਾਰ (355)

ਜੋ ਸਬਦ ਦੀ ਵਿਚਾਰ ਨਹੀਂ ਕਰਦੇ, ਉਨ੍ਹਾਂ ਨੂੰ ਗੋਬਿੰਦ ਮਿਲਣ ਨਹੀਂ ਉਹ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ

ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ (1045)

ਜੋ ਸਬਦ ਦੀ ਵਿਚਾਰ ਕਰਨ ਨੂੰ ਤਿਆਰ ਨਹੀਂ, ਉਸ ਲਈ ਗੁਰਮਤਿ ਦਾ ਰਸਤਾ ਨਹੀਂ —

ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੇ ਜਾਤਾ ਹੇ (1053)

ਕਈ ਭਲੇ ਪੁਰਸ਼ ਹੋਣਗੇ ਜੋ ਛੋਟੀ ਉਮਰ ਤੋਂ ਨਿਤ ਨੇਮ ਦੀਆਂ ਬਾਣੀਆਂ ਪੜ੍ਹਦੇ, ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦੇ, ਕੀਰਤਨ ਸੁਣਦੇ, ਨਾਮ ਜਪ ਕਰਦੇ ਕਰਦੇ ਜਿਨ੍ਹਾਂ ਦੇ ਵਾਲ ਵੀ ਚਿੱਟੇ ਹੋ ਗਏ ਪਰ ਰਸ ਨਹੀਂ ਮਾਨ ਸਕੇ ਅਤੇ ਜਿਨ੍ਹਾਂ ਦੇ ਮਨ ਦੀ ਭਟਕਣਾ ਵਿਚ ਵੀ ਬਹੁਤ ਫਰਕ ਨਹੀਂ ਪੈ ਸਕਿਆ।

ਮੂਰਖ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ (938)

ਇਸ਼ਨਾਨ ਕਰਦੇ ਕਰਦੇ ਜਪਜੀ ਪੜ੍ਹ ਲੈਣੀ, ਨੇਮ ਪੂਰਾ ਕਰਨ ਲਈ ਮਿਥੀਆਂ ਬਾਣੀਆਂ ਦਾ ਪਾਠ, ਗੁਰੂ ਗ੍ਰੰਥ ਸਾਹਿਬ ਦੇ ਗਿਣ ਕੇ ਪਤਰੇ ਪੜ੍ਹਨੇ ਆਦਿ ਨਿਰਾਰਥ ਕਾਮ ਹੀ ਨਹੀਂ, ਸਗੋਂ ਹਉਂ ਦਾ ਕਾਰਨ ਭੀ ਹੋ ਸਕਦੇ ਹਨ।

ਮੈਂ ਰੋਜ਼ ਸੁਖਮਨੀ ਦੇ ਦੋ ਪਾਠ ਕਰਦਾ ਹਾਂ, ਹਰ ਮਹੀਨੇ ਜਾਂ ਦੂਜੇ ਮਹੀਨੇ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਂਦਾ ਹਾਂ, ਮੈਨੂੰ ਐਨੀ ਬਾਣੀ ਕੰਠ ਹੈ ਆਦਿ ਅਗਿਆਨਤਾ ਦੇ ਚਿੰਨ੍ਹ ਹਨ —

ਜਿਸੁ ਮਨਿ ਵਸੈ ਤਰੈ ਜਨ ਸੋਇ (184)

ਪ੍ਰਾਪਤੀ, ਗੁਰੂ ਗ੍ਰੰਥ ਸਾਹਿਬ ਦੇ ਬਹੁਤੇ ਪਤਰੇ ਉਥਲਣ ਜਾਂ ਬਹੁਤੀਆਂ ਬਾਣੀਆਂ ਪੜ੍ਹਨ ਵਿਚ ਨਹੀਂ। ਹਜ਼ਾਰਾਂ ਬਾਣੀਆਂ ਪੜ੍ਹੀਆਂ, ਨਿਤ ਨੇਮ ਕੀਤਿਆਂ, ਸੈਂਕੜੇ ਭੋਗ ਪਾਉਣ ਨਾਲੋਂ, ਜੇ ਕੇਵਲ ਇਕ ਤੁਕ ਹੀ ਪਕ ਜਾਵੇ ਤੇ ਉਸ ਅਨੁਸਾਰ ਜੀਵਨ ਬਤਾਇਆ ਜਾਵੇ ਤਾਂ ਪਾਰ ਉਤਾਰਾ ਹੋ ਗਿਆ ਜਾਣੋ।

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ ਪੜਿਆ ਮੁਕਤਿ ਨ ਹੋਈ। (747)

ਕਬੀਰ ਰਾਮ ਕਹਨ ਮਹਿ ਭੇਦ ਹੈ (1378)

ਉਹ ਭੇਦ ਕੀ ਹੈ? ਇਹ ਭੇਦ ਸਮਝਣਾ ਹੈ, ਇਹ ਰਾਜ਼ ਜਾਣਨਾ ਹੈ, ਇਹ ਘੁੰਡੀ ਖੋਲਣੀ ਹੈ।

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ

ਤੋਤਾ ਸਾਰੀ ਉਮਰ ਰਾਮ ਰਾਮ ਕਰਦਾ ਰਹੇ ਤਾਂ ਵੀ ਉਸ ਦੀ ਮੁਕਤੀ ਨਹੀਂ। ਸਾਲਾਂ ਬੱਧੀ ਗਰਾਮੋਫੂਨ ਤੇ ਟੇਪਾਂ ਉਤੇ ਸ਼ਬਦਾਂ ਦੇ ਰੀਕਾਰਡ ਵਜਦੇ ਰਹਿਣ ਉਹ ਤਾਂ ਵਾਜੇ ਦਾ ਵਾਜਾ ਹੀ ਰਹਿੰਦਾ ਹੈ। ਗੰਗਾ ਜਲ ਵਿਚ ਸੈਂਕੜੇ ਸਾਲਾਂ ਦਾ ਪਿਆ ਪੱਥਰ ਅੰਦਰੋਂ ਸੁਕਾ ਹੀ ਰਹਿੰਦਾ ਹੈ।

ਪਾਥਰ ਕਉ ਬਹੁ ਨੀਰ ਪਵਾਇਆ
ਨਹ ਭੀਗੇ ਅਧਿਕ ਸੁਕਾਇਆ (1137)

ਪੜਿਐ ਨਾ ਹੀ ਭੇਦੁ ਬੁਝਿਐ ਪਾਵਣਾ (148)
ਸੁਨੀਐ ਅਵਰ ਬਿਧਿ ਬੁਝੀਐ ਬਕਨ ਕਥਨ ਰਹਿਤਾ। (498)
ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ
ਰਾਮੁ ਨ ਪਾਇਆ ਜਾਇ (555)

ਕਬੀਰ ਜੀ ਨੇ ਅਗਲੀ ਤੁਕ ਵਿਚ —

ਗੁਰਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ। (491)

ਕਹਿ ਕੇ ਰਾਜ ਖੋਲ ਦਿਤਾ ਹੈ

ਮੁਖਹੁ ਹਰਿ ਹਰਿ ਸਭ ਕੋ ਕਰੈ ਵਿਰਲੈ ਹਿਰਦੈ ਵਸਾਇਆ (565)

ਹਰੀ, ਰਾਮ, ਵਾਹਿਗੁਰੂ, ਨੂੰ ਅੰਦਰ ਹਿਰਦੇ ਵਿਚ ਵਸਾਣ ਲਈ ਗੁਰਮਿਤ, ਇਕ ਮਨ ਇਕ ਚਿਤ ਤੇ ਇਕਾਗਰਤਾ ਨਾਲ ਪਾਠ ਕਰਨ ਦੀ ਸਿਖਿਆ ਦੇਂਦੀ ਹੈ। ਪ੍ਰੰਤੂ, ਇਕ ਮਨ ਇਕ ਚਿਤ ਪੂਰਨ ਇਕਾਗਰਤਾ ਨਹੀਂ ਹੋ ਸਕਦੀ ਜਦ ਤਕ ਸਬਦ ਦੇ ਭਾਵ ਅਰਥ ਸਮਝ ਕੇ ਵਿਚਾਰ ਨਾ ਕੀਤੀ ਜਾਵੇ।

ਵਿਚਾਰ, ਹੋਰ ਵਿਚਾਰ, ਮੁੜ ਮੁੜ ਸ਼ਬਦ ਦੀ ਵਿਚਾਰ ਨਾਲ ਹੀ ਕੁਝ ਅੰਦਰ ਵਸ ਸਕਦਾ ਹੈ, ਵਿਚਾਰ ਬਿਨਾ ਪਾਠ, ਪਾਣੀ ਰਿੜਕਣ ਤੋਂ ਉਤੇ ਨਹੀਂ।

ਜਦ ਭਾਵ ਅਰਥ ਸਮਝ ਕੇ ਵਿਚਾਰ ਨਾਲ ਪਾਠ ਕੀਤਾ ਜਾਂਦਾ ਹੈ ਤਾਂ ਉਹ "ਸਹਿਜ" ਵਿਚ ਹੋਣਾ ਸ਼ੁਰੂ ਹੋ ਜਾਂਦਾ ਹੈ। ਅਤੇ ਜਦ ਸਹਿਜ ਵਿਚ ਪਾਠ ਕੀਤਾ ਜਾਵੇ ਤਾਂ ਗੁਰੂ ਗ੍ਰੰਥ ਸਾਹਿਬ ਦੇ ਭੋਗ ਪਾਉਣ ਜਾਂ ਨਿਤ ਨੇਮ ਵਾਲੀਆਂ ਬਾਣੀਆਂ ਦਾ ਨੇਮ ਪੂਰਾ ਕਰਨ ਦਾ ਸੁਆਲ ਹੀ ਨਹੀਂ ਉਠਦਾ —

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ। (478)
ਕਿਆ ਪੜ੍ਹੀਏ ਕਿਆ ਗੁਨੀਐ ਕਿਆ ਵੇਦ ਪੁਰਾਨਾ ਸੁਨੀਐ,
ਪੜੇ ਸੁਨੇ ਕਿਆ ਹੋਈ, ਜਹੁ ਸਹਜ ਨ ਮਿਲਿਓ ਸੋਈ (655)

ਤਤ ਦੀ ਪ੍ਰਾਪਤੀ ਕੇਵਲ ਗੁਰਸ਼ਬਦ ਦੇ ਭਾਵ ਅਰਥ ਸਮਝ ਕੇ ਵਿਚਾਰ ਸਹਿਤ ਸਹਿਜ ਪਾਠ ਵਿਚ ਹੈ —

ਹਰਿ ਕਾ ਬਲੋਵਨਾ ਮਨ ਕਾ ਬੀਚਾਰਾ (478)
ਸਹਜ ਸਹਜ ਗੁਣ ਰਮੈ ਕਬੀਰ (328)

ਕਹਿਣ ਦਾ ਭਾਵ ਇਹ ਨਹੀਂ ਕਿ ਪਾਠ ਕਰਨ ਦੀ ਲੋੜ ਨਹੀਂ। ਪਾਠ ਕਰਨਾ ਜਾ ਸੁਣਨਾ ਅਤੀ ਜ਼ਰੂਰੀ ਹੈ। ਗੁਰਸਿੱਖੀ ਦਾ ਮਾਰਗ ਪਾਠ ਤੋਂ ਸ਼ੁਰੂ ਹੁੰਦਾ ਹੈ। ਪਾਠ ਕਰੋ, ਲਾਜ਼ਮੀ ਤੌਰ ਤੇ ਕਰੋ ਪਰ ਉਹ ਹੋਵੇ ਗੁਰਮਤਿ ਅਨੁਸਾਰ।

ਗੁਰਮਤਿ ਤੋਂ ਭਾਵ ਹੈ ਪ੍ਰੇਮ ਪਿਆਰ ਨਾਲ, ਧਿਆਨ ਲਗਾ ਕੇ, ਭਾਵ ਅਰਥ ਸਮਝ ਕੇ, ਵਿਚਾਰ ਸਹਿਤ ਅਤੇ ਸਹਿਜ ਵਿਚ। ਜੇ ਮਨ ਵਿਚ ਭੋਗ ਪਾਣਾ ਜਾਂ ਰੋਜ਼ ਗਿਣਤੀ ਦੇ ਪਤਰੇ ਪੜ੍ਹਨਾ ਹੈ, ਤਾਂ ਉਹ ਗੁਰਮਤਿ ਅਨੁਸਾਰ ਨਹੀਂ।

ਥੋੜਾ ਪੜ੍ਹੋ ਜਾਂ ਬਹੁਤਾ, ਆਦਿ ਤੋਂ ਸ਼ੁਰੂ ਕਰਕੇ ਪੜ੍ਹੋ ਜਾਂ ਵਿਚੋਂ ਵਿਚੋਂ।

ਗੁਰੂ ਗ੍ਰੰਥ ਸਾਹਿਬ ਤੋਂ ਪੜ੍ਹੋ ਜਾਂ ਸੰਚੀਆਂ ਤੋਂ, ਜਿਨਾਂ ਵੀ ਪੜ੍ਹੋ, ਧਿਆਨ

(ਬਾਕੀ ਪੰਨਾ 17 ਤੇ)

ਪੰਨਾ 15 ਦੀ ਬਾਕੀ

ਦੇ ਹੋਸਟਲ (ਸਰਾਂ) ਵਿਚ ਜਾ ਡੇਰਾ ਲਾਇਆ ਉਹ ਉਦੋਂ ਤਕ ਉਥੇ ਰਹੇ ਜਦ ਤੱਕ ਜ਼ੈਲ ਸਿੰਘ ਨੇ ਪਾਰਲੀਮੈਂਟ ਨੂੰ ਇਹ ਨਾ ਦੱਸਿਆ ਕਿ ਸੰਤ ਜੀ ਦਾ ਇਸ ਕਤਲ ਨਾਲ ਕੋਈ ਸੰਬੰਧ ਨਹੀਂ। ਇਸ ਬਿਆਨ ਤੋਂ ਮਗਰੋਂ ਸੰਤ ਭਿੰਡਰਾਂਵਾਲਿਆਂ ਨੇ ਇਹ ਐਲਾਨ ਕੀਤਾ ਕਿ ਨਿਰੰਕਾਰੀ ਗੁਰੂ ਦੇ ਕਾਤਲਾਂ ਨੂੰ ਪੰਜ ਸਿੰਘ ਸਾਹਿਬਾਨਾਂ ਦੁਆਰਾ ਸਿਰੋਪਾ ਮਿਲਣਾ ਚਾਹੀਦਾ ਹੈ। ਸੰਤ ਭਿੰਡਰਾਂਵਾਲਿਆਂ ਨੇ ਇਹ ਵੀ ਕਿਹਾ ਕਿ ਉਹ ਨਿਰੰਕਾਰੀ ਦੇ ਕਾਤਲਾਂ ਨੂੰ ਸੋਨੇ ਨਾਲ ਤੋਲਣਗੇ ਜਦੋਂ ਉਹ ਉਨ੍ਹਾਂ ਕੋਲ ਆਉਣਗੇ। ਸੰਤਾਂ ਦੇ ਇਸ ਬਿਆਨ ਨੇ ਜ਼ੈਲ ਸਿੰਘ ਨੂੰ ਉਲਝਣ ਵਿਚ ਪਾ ਦਿਤਾ ਪਰ ਉਸਨੇ ਇਸ ਬਿਆਨ ਵਲ ਕੋਈ ਧਿਆਨ ਨਾ ਦਿਤਾ ਕਿਉਂਕਿ ਸ੍ਰੀ ਭਿੰਡਰਾਂਵਾਲੇ ਅਜੇ ਵੀ ਦਰਬਾਰਾ ਸਿੰਘ ਦੇ ਖਿਲਾਫ, ਉਸ ਲਈ ਲਾਭਕਾਰੀ ਸਿੱਧ ਹੋ ਸਕਦੇ ਸਨ।

ਦੂਜਾ ਕਤਲ ਸੰਤ ਭਿੰਡਰਾਂਵਾਲਿਆਂ ਲਈ ਵਧੇਰੇ ਗੰਭੀਰ ਨਤੀਜੇ ਲੈ ਕੇ ਆਇਆ। 9 ਸਤੰਬਰ 1981 ਪੰਜਾਬ ਕੇਸਰੀ, ਹਿੰਦ ਆਜ਼ਾਦ ਦੇ ਮੁੱਖ ਸੰਪਾਦਕ ਲਾਲਾ ਜਗਤ ਨਰਾਇਣ ਨੂੰ ਗੋਲੀ ਮਾਰਕੇ ਮਾਰ ਦਿਤਾ ਗਿਆ। ਉਸ ਦਾ ਪ੍ਰਸਿੱਧ ਅਖਬਾਰ, ਪੰਜਾਬ ਕੇਸਰੀ, ਸੰਤ ਭਿੰਡਰਾਂਵਾਲਿਆਂ ਦੇ ਖਿਲਾਫ ਸੀ ਤੇ ਨਿਰੰਕਾਰੀਆਂ ਦਾ ਪੱਖ ਪੂਰਦਾ ਸੀ। ਆਪਣੇ ਅੱਗ ਫਰੋਲੇ ਸੰਪਾਦਕੀ ਲੇਖਾਂ ਵਿਚ ਲਾਲਾ ਜੀ ਆਪ ਪੰਜਾਬ ਘੱਟ-ਗਿਣਤੀ ਹਿੰਦੂਆਂ ਦੇ ਹੱਕਾਂ ਦੀ ਵਕਾਲਤ ਕਰਦੇ ਤੇ ਕਹਿੰਦੇ ਕਿ ਹਿੰਦੂ ਡਰ ਵਿਚ ਰਹਿ ਰਹੇ ਹਨ ਤੇ ਸਰਕਾਰ ਤੇ ਪੁਲਿਸ ਤੋਂ ਇਨਸਾਫ ਦੀ ਮੰਗ ਕਰਦੇ। ਤੇ ਇਹ ਵੀ ਕਹਿੰਦੇ ਕਿ ਪੁਲਿਸ ਤੇ ਸਰਕਾਰ ਨੇ ਸੰਤ ਭਿੰਡਰਾਂਵਾਲੇ ਦਾ ਸਾਥ ਦਿਤਾ ਜਦੋਂ ਕਿ ਨਿਰੰਕਾਰੀ ਸੰਮੇਲਨ ਹੋ ਰਿਹਾ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲਾਲਾ ਜਗਤ ਨਰਾਇਣ ਦੇ ਅਖਬਾਰਾਂ ਨੇ ਹਿੰਦੂਆਂ ਤੇ ਸਿੱਖਾਂ ਵਿਚ ਫਰਕ ਨਫਰਤ ਦੀ ਅੱਗ ਵਿਚ ਤੇਲ ਦਾ ਕੰਮ ਕੀਤਾ। ਉਸਦੇ ਸਪੈਸ਼ਲ ਸੰਪਾਦਕੀ ਨੋਟ ਵਿਚ ਸਿੱਖਾਂ ਵਿਚ ਖਾਲਿਸਤਾਨ ਦੀ ਮੱਦਦ ਦੀ ਚਰਚਾ ਹੁੰਦੀ, ਉਹ ਇਹ ਕਹਿੰਦਾ ਇਹ ਖਾਲਿਸਤਾਨ ਦੀ ਇਹ ਮੰਗ ਬਹੁਤ ਦੂਰ ਦੂਰ ਤੱਕ ਫੈਲੀ ਹੋਈ ਹੈ ਤੇ ਉਹ ਹਿੰਦੂਆਂ ਵਿਚ ਸਿੱਖਾਂ ਬਾਰੇ ਸ਼ੰਕੇ ਵਧਾਉਂਦਾ। ਉਹ ਚਿਤਾਵਨੀ ਦਿੰਦਾ ਕਿ ਖਾਲਿਸਤਾਨ ਦੀ ਮੰਗ ਕੋਈ ਮਜ਼ਾਕ ਨਹੀਂ, ਉਹ ਸਰਕਾਰ ਨੂੰ ਕਹਿੰਦਾ ਕਿ ਇਸ ਵਿਰੁੱਧ ਤੇ ਉਸਦੇ ਮੱਦਦਗਾਰਾਂ ਵਿਰੁੱਧ ਸਖਤ ਕਦਮ ਚੁੱਕੇ ਜਾਣ। ਲਾਲੇ ਦਾ ਵਿਸ਼ਵਾਸ ਕਿ ਅਨੰਦਪੁਰ ਸਾਹਿਬ ਦਾ ਮਤਾ ਖਾਲਿਸਤਾਨ ਮੁਹਿੰਮ ਦਾ ਹੀ ਇਕ ਹਿੱਸਾ ਹੈ। ਉਸ ਇਕ ਵਾਰ ਲਿਖਿਆ "ਸਰਕਾਰ ਸੁਖਜਿੰਦਰ ਸਿੰਘ ਇਕ (ਖਾਲਿਸਤਾਨ ਦਾ ਮੁਦੱਈ) ਨੇ ਖਾਲਿਸਤਾਨ ਦੀ ਮੰਗ ਬਿਨਾਂ ਸੋਚੇ ਨਹੀਂ ਉਠਾਈ। ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਅਨੰਦਪੁਰ ਸਾਹਿਬ ਦਾ ਮਤਾ ਵੀ ਸਿੱਖਾਂ ਲਈ ਇਕ ਵਖਰੀ ਸਟੇਟ ਦੀ ਮੰਗ ਕਰਦਾ ਹੈ।" ਲਾਲੇ ਦਾ ਪਾਰਟੀ ਪੱਖ ਵਿਲਖਣ ਸੀ। ਅਸਲ ਵਿਚ ਪੰਜਾਬ ਦੀ ਸਾਰੀ ਪਰੈਸ ਫਿਰਕੂ ਹੱਕਾਂ ਵਿਚ ਵੰਡੀ ਹੋਈ ਸੀ।

ਇਹ ਕਹਿਣ ਦੀ ਜ਼ਰੂਰਤ ਨਹੀਂ ਕਿ ਭਿੰਡਰਾਂਵਾਲੇ ਲਾਲਾ ਜਗਤ ਨਰਾਇਣ ਦੇ ਖੁਲੰਮ-ਖੁਲੇ ਅਲੋਚਕ ਸਨ ਤੇ ਇਕ ਵਾਰ ਫਿਰ ਪੁਲਸ ਨੇ ਦੋਸ਼ ਲਾਇਆ ਕਿ ਸੰਤ ਭਿੰਡਰਾਂਵਾਲਿਆਂ ਨੇ ਇਸ ਕਤਲ ਦੀ ਸਾਜਿਸ਼ ਰਚੀ। ਧਾਰਮਿਕ ਫਿਰਕਾਪ੍ਰਸਤੀ ਦੇ ਖਿਲਾਫ, ਮੁਖ ਮੰਤਰੀ ਦਰਬਾਰਾ ਸਿੰਘ ਨੇ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਨ ਦਾ ਫੈਸਲਾ ਕੀਤਾ। ਇਹ ਗੱਲ ਕਹਿਣੀ ਸੌਖੀ ਸੀ ਤੇ ਕਰਨੀ ਔਖੀ।

ਲਾਲਾ ਜਗਤ ਨਾਰਾਇਣ ਦੇ ਕਤਲ ਤੋਂ ਚਾਰ ਦਿਨ ਮਗਰੋਂ, ਆਲ ਇੰਡੀਆ ਰੇਡੀਓ ਨੇ ਐਲਾਨ ਕੀਤਾ ਕਿ ਭਿੰਡਰਾਵਾਲੇ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਕਰ ਦਿਤੇ ਗਏ ਹਨ। ਸੰਤ ਭਿੰਡਰਾਂਵਾਲੇ ਚੰਦੋ ਕਲਾਂ (ਹਰਿਆਣੇ) ਵਿਚ ਉਸ ਸਮੇਂ ਪ੍ਰਚਾਰ ਕਰ ਰਹੇ ਸਨ ਤੇ ਪੁਲਿਸ ਉਥੇ ਪੁੱਜੀ। ਪੁਲਿਸ ਨੂੰ ਪਤਾ ਲੱਗਾ ਕਿ ਸੰਤ ਜੀ ਉਥੋਂ ਚਲੇ ਗਏ ਹਨ। ਸਰਕਾਰੀ ਐਲਾਨ ਦੇ ਬਾਵਜੂਦ, ਪੁਲਿਸ ਉਨ੍ਹਾਂ ਨੂੰ ਦੋ ਸੌ ਮੀਲ ਤੱਕ ਗ੍ਰਿਫਤਾਰ ਨਾ ਕਰ ਸਕੀ ਤੇ ਉਹ ਆਪਣੇ ਗੁਰਦੁਆਰੇ ਮਹਿਤਾ ਚੌਂਕ ਪੁੱਜ ਗਏ।

ਚੰਦੋ ਕਲਾ ਹਰਿਆਣੇ ਵਿਚ ਹੈ। ਉਸ ਸਮੇਂ ਮੁੱਖ ਮੰਤਰੀ ਭਜਨ ਲਾਲ ਸੀ ਤੇ ਉਹ ਕਾਂਗਰਸ ਪਾਰਟੀ ਦੇ ਨੇਤਾਵਾਂ ਨਾਲ ਸਮਝੌਤੇ ਦੀ ਰੌਅ ਵਿਚ ਸੀ। ਉਹ ਪਹਿਲਾਂ ਜਨਤਾ ਪਾਰਟੀ ਦਾ ਮੁੱਖ ਮੰਤਰੀ ਸੀ ਤੇ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਤਾਕਤ ਵਿਚ ਆਏ ਤਾਂ ਉਸ ਆਪਣੇ ਕਈ ਸਾਥੀਆਂ ਨਾਲ ਕਾਂਗਰਸ ਵਿਚ ਪ੍ਰਵੇਸ਼ ਕਰ ਲਿਆ ਤੇ ਆਪਣੀ ਚਮੜੀ ਤੇ ਕੁਰਸੀ ਦੋਵੇਂ ਬਚਾ ਲਈਆਂ। ਕਾਂਗਰਸੀ ਆਗੂ ਉਸ ਤੇ ਸ਼ੱਕੀ ਨਜ਼ਰਾਂ ਰਖਦੇ ਸਨ। ਉਹ ਇਹ ਸੋਚਦੇ ਕਿ ਇਹ ਦਲ ਬਦਲੂ ਉਨ੍ਹਾਂ ਨੂੰ ਕਿਸੇ ਵੇਲੇ ਵੀ ਮੁਸੀਬਤ ਵਿਚ ਪਾ ਸਕਦਾ ਹੈ। ਉਸ ਸਮੇਂ ਉਨ੍ਹਾਂ ਨੂੰ ਤਰਜੀਹ ਮਿਲ ਰਹੀ ਸੀ ਜਿਨ੍ਹਾਂ ਇੰਦਰਾ ਦਾ ਸਾਥ ਮੁਸ਼ਕਲ ਵੇਲੇ ਦਿੱਤਾ ਸੀ ਜਦੋਂ ਕਿ ਜਨਤਾ ਪਾਰਟੀ ਐਮਰਜੈਂਸੀ ਦੇ ਖਿਲਾਫ ਕਮਿਸ਼ਨ ਬਿਠਾ ਰਹੀ ਸੀ ਇਸ ਲਈ ਭਜਨ ਲਾਲ ਕੋਈ ਵੀ ਅਜਿਹਾ ਅਵਸਰ ਨਹੀਂ ਸੀ ਖੋਹਣਾ ਚਾਹੁੰਦਾ ਜਿਸ ਨਾਲ ਕੇਂਦਰੀ ਕਾਂਗਰਸੀ ਆਗੂਆਂ ਨੂੰ ਖੁਸ਼ ਕੀਤਾ ਜਾ ਸਕੇ। ਇਸ ਲਈ ਕੇਂਦਰ ਦੇ ਇਸ਼ਾਰੇ ਤੇ ਹੀ ਉਸ ਨੇ ਸੰਤ ਭਿੰਡਰਾਂਵਾਲਿਆਂ ਨੂੰ ਹਰਿਆਣੇ ਤੋਂ ਪਾਰ ਜਾਣ ਦਿੱਤਾ। ਪ੍ਰਸਿੱਧ ਭਾਰਤੀ ਪਤਰਕਾਰ ਕੁਲਦੀਪ ਨਇਅਰ ਨੇ ਇਹ ਸੂਚਨਾ ਦਿਤੀ ਕਿ ਗ੍ਰਹਿ ਮੰਤਰੀ ਜ਼ੈਲ ਸਿੰਘ ਨੇ ਭਜਨ ਲਾਲ ਨੂੰ ਫੋਨ ਕੀਤਾ ਕਿ ਉਹ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਨਾ ਕਰੇ। ਇਕ ਵੱਡੇ ਪੁਲਿਸ ਅਧਿਕਾਰੀ ਨੇ ਸਤੀਸ਼ ਜੇਕੋਬ ਨੂੰ ਦਸਿਆ ਕਿ ਹਰਿਆਣੇ ਦੇ ਮੁਖ ਮੰਤਰੀ ਭਜਨ ਲਾਲ ਨੇ ਇਕ ਸਰਕਾਰੀ ਕਾਰ ਚੰਦੋ ਕਲਾਂ ਭੇਜੀ ਜੋ ਸੰਤ ਭਿੰਡਰਾਂਵਾਲਿਆਂ ਨੂੰ ਵਾਪਸ ਆਪਣੇ ਗੁਰਦੁਆਰੇ ਲੈ ਜਾਵੇ। ਉਹ ਛੇਤੀ ਵਿਚ ਚਲੇ ਗਏ ਅਤੇ ਆਪਣੀਆਂ ਉਹ ਗੱਡੀਆਂ ਨਾਲ ਨਾਂ ਲੈ ਗਏ ਜਿਨਾਂ ਵਿਚ ਕਿ ਪਾਵਨ ਗ੍ਰੰਥ ਸਨ।

ਜਦੋਂ ਪੰਜਾਬ ਦੀ ਪੁਲਿਸ ਚੰਦੋਕਲਾਂ ਪੁਜੀ ਤੇ ਵੇਖਿਆ ਕਿ ਹਰਿਆਣਾ ਪੁਲਿਸ ਨੇ ਸੰਤਾਂ ਨੂੰ ਜਾਣ ਦੀ ਇਜ਼ਾਜਤ ਦੇ ਦਿਤੀ ਹੈ ਉਹ ਗੱਸੇ ਵਿਚ ਆ ਗਏ। ਪਿੰਡਾਂ ਵਾਲਿਆਂ ਦੇ ਮੁਤਾਬਿਕ ਉਹਨਾਂ ਜਾਣ ਬੁਝ ਕੇ ਸੰਤਾਂ ਦੀਆਂ ਗੱਡੀਆਂ ਨੂੰ ਅਗ ਲਾ ਦਿਤੀ। ਸਰਕਾਰੀ ਸੂਤਰਾਂ ਅਨੁਸਾਰ ਪੁਲਿਸ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਕਰਨ ਲਈ ਗਈ, ਲਾਲਾ ਜਗਤ ਨਰਾਇਣ ਦੇ ਕਤਲ ਦੇ ਸਿਲਸਿਲੇ ਵਿਚ ਪਰ ਸੰਤ ਜੀ ਜਾ ਚੁਕੇ ਸਨ। ਪਰ ਕੁਝ ਹਿੰਸਾ ਭੜਕੀ ਜਦੋਂ ਸੰਤਾਂ ਦੇ ਚੇਲਿਆਂ ਨੇ ਪੁਲਿਸ ਪਾਰਟੀ ਤੇ ਗੋਲੀਆਂ ਚਲਾਈਆਂ ਤਾਂ ਦੋਨੋ ਪਾਸੇ ਚਲੀਆਂ ਅਤੇ ਅਗਜ਼ਨੀ ਧਰੀਆਂ ਘਟਨਾਵਾਂ ਸਰਕਾਰ ਨੂੰ ਮਹਿੰਗੀਆਂ ਪਈਆਂ ਅਤੇ ਭਿੰਡਰਾਂਵਾਲਿਆਂ ਇਕ ਸਕਤਰ-ਲਗਦੇ ਸਨ ਤੇ ਉਸ ਦਾ ਕੰਮ ਸੀ ਕਿ ਸੰਤਾਂ ਦੇ ਉਪਦੇਸ਼ਾਂ ਦਾ ਇਕ ਇਕ ਸ਼ਬਦ ਉਹ ਨੋਟ ਕਰੇ ਤਾਂ ਜੋ ਆਉਣ ਵਾਲਿਆਂ ਪੁਸਤਕਾਂ ਦੇ ਕੰਮ ਆ ਸਕੇ। ਸੰਤਾਂ ਦੇ ਅਮਰ ਸ਼ਬਦ ਚੰਦੋ ਕਲਾਂ ਵਿਖੇ ਅਲੱਗ ਭੇਂਟ ਹੋ ਗਈ ਤੇ ਮੁੜ ਸੰਤਾਂ ਨੇ ਸਰਕਾਰ ਨੂੰ ਕਦੀ ਮਾਫ ਨਾ ਕੀਤਾ। ਅਸਲ ਵਿਚ ਇਹ ਧਾਰਮਿਕ ਪੁਸਤਕਾਂ ਦੇ ਉਪਦੇਸ਼ਾਂ ਦਾ ਸੜਨਾ ਹੀ ਸੀ ਨਾ ਕਿ ਉਹਨਾਂ ਦੀ ਗ੍ਰਿਫਤਾਰੀ ਜਿਸ ਨਾਲ ਸੰਤ ਭਿੰਡਰਾਂਵਾਲੇ ਆਪਣੇ ਰਾਜਸੀ ਵਡੇਰੇ, ਜ਼ੈਲ ਸਿੰਘ ਦੇ ਖਿਲਾਫ ਹੋ ਗਏ, ਸ੍ਰੀਮਤੀ ਇੰਦਰਾ ਗਾਂਧੀ ਦੇ ਖਿਲਾਫ ਹੋ ਗਏ, ਉਹ ਇਸ ਘਟਨਾ ਦਾ ਜ਼ਿਕਰ ਆਪਣੇ ਵਿਖਿਆਨਾਂ ਵਿਚ ਕਰਦੇ ਜੋ ਸਰਕਾਰ ਦੇ ਖਿਲਾਫ ਹੁੰਦੇ, ਉਹ ਸੰਗਤਾਂ ਤੋਂ ਪੁੱਛਦੇ ਤੁਸੀਂ ਕੀ ਕਰੋਗੇ ਜਦੋਂ ਕੋਈ ਤੁਹਾਡੇ ਆਪਣੇ ਬੰਦੇ ਨੂੰ ਮਾਰ ਦੇਵੇ? ਉਹਨਾਂ ਮੇਰੇ ਪੁਸਤਕਾਂ ਸਾੜ ਕੇ ਮੇਰੇ ਗੁਰੂ ਦੀ ਬੇਇਜ਼ਤੀ ਕੀਤੀ ਹੈ।

ਜਦੋਂ ਇਹ ਆਮ ਲੋਕਾਂ ਨੂੰ ਪਤਾ ਲਗ ਗਿਆ ਕਿ ਸੰਤ ਭਿੰਡਰਾਂਵਾਲੇ ਮਹਿਤਾ ਚੌਂਕ ਦੇ ਗੁਰਦੁਆਰੇ ਪੁਜ ਗਏ ਹਨ ਤਾਂ ਗੁਰਦੁਆਰੇ ਨੂੰ ਪੁਲਿਸ ਤੇ ਹਥਿਆਰਬੰਦ ਕੰਪਨੀਆਂ ਨੇ ਘੇਰ ਲਿਆ! ਦਰਬਾਰਾ ਸਿੰਘ ਨੇ ਜ਼ੋਰ ਦਿਤਾ ਕਿ ਸੰਤਾਂ ਨੂੰ ਗ੍ਰਿਫਤਾਰ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ ਭਾਵੇਂ ਕੇਂਦਰੀ ਸਰਕਾਰ ਇਸ ਤੋਂ ਡਰਦੀ ਸੀ ਕਿ ਹਿੰਸਾ ਭੜਕ ਸਕਦੀ ਹੈ। ਕਿਉਂਕਿ ਸਿਖ ਕਾਫੀ ਗਿਣਤੀ ਵਿਚ ਉਸ ਗੁਰਦੁਆਰੇ ਵਿਚ ਇਕੱਠੇ ਹੋ ਗਏ ਸਨ ਤਾਂ ਜੋ ਸੰਤਾਂ ਦੀ ਰਖਿਆ ਹੋ ਸਕੇ। ਤਿੰਨ ਵੱਡੇ ਪੁਲਸ ਅਫਸਰ ਸੰਤਾਂ ਕੋਲ ਸਮਝੌਤੇ ਲਈ ਭੇਜੇ ਗਏ ਕਿ ਉਹ ਆਪਣੀ ਗ੍ਰਿਫਤਾਰੀ ਦੇਣ ਅਤੇ ਪੰਜ ਦਿਨਾਂ ਮਗਰੋਂ ਉਹ ਆਪਣੇ ਆਪ ਨੂੰ ਸੌਂਪਣ ਲਈ ਤਿਆਰ ਹੋ ਗਏ ਉਹਨਾਂ ਪੁਲਸ ਨੂੰ ਦਸਿਆ ਕਿ ਉਹ 20 ਸਤੰਬਰ ਐਤਵਾਰ ਨੂੰ ਗ੍ਰਿਫਤਾਰੀ ਦੇਣਗੇ। ਪਰ ਉਸ ਤੋਂ ਪਹਿਲਾਂ ਉਹ ਤੇ ਹੋਰ ਸਿਖ ਆਗੂ ਸਿਖ ਸੰਗਤਾਂ ਨੂੰ ਸੰਬੋਧਨ ਕਰਨਗੇ। ਪੁਲੀਸ ਵੀ ਉਹਨਾਂ ਦੀਆਂ ਇਹਨਾਂ ਸ਼ਰਤਾਂ ਨੂੰ ਮੰਨ ਗਈ। ਗ੍ਰਿਫਤਾਰੀ ਤੋਂ ਪਹਿਲਾਂ ਸੰਤਾਂ ਨੇ ਪੰਜਾਬ ਸਰਕਾਰ ਦੇ ਖਿਲਾਫ ਧੜੱਲੇਦਾਰ ਭਾਸ਼ਨ ਦਿਤਾ ਤੇ ਉਹਨਾਂ ਦੇ ਸ਼ਰਧਾਲੂ ਗੁਸੇ ਵਿਚ ਆ ਗਏ ਪਰ ਉਹਨਾਂ ਆਪਣੇ ਸ਼ਰਧਾਲੂਆਂ ਨੂੰ ਕਿਹਾ ਕਿ ਜਦੋਂ ਪੁਲੀਸ ਉਹਨਾਂ ਨੂੰ ਲੈ ਜਾਵੇ ਤਾਂ ਉਹ ਗੁਸੇ ਵਿਚ ਨਾ ਆਉਣ ਜਿਉਂ ਹੀ ਭਿੰਡਰਾਂਵਾਲੇ ਗਏ। ਉਹਨਾਂ ਦੇ ਸਾਥੀਆਂ ਨੇ ਗੋਲੀਆਂ ਚਲਾਈਆਂ ਅਤੇ ਪੁਲੀਸ ਦੇ ਨਾਲ ਮੁਠ ਭੇੜ ਵਿਚ 11 ਬੰਦੇ ਮਾਰੇ ਗਏ।

ਜਿਸ ਦਿਨ ਸੰਤ ਭਿੰਡਰਾਂਵਾਲਿਆਂ ਨੂੰ ਗ੍ਰਿਫਤਾਰ ਕੀਤਾ ਗਿਆ, ਦਰਬਾਰਾ ਸਿੰਘ ਦੀ ਸਰਕਾਰ ਨੂੰ ਉਲਟਾਉਣ ਲਈ ਹਿੰਸਾ ਸ਼ੁਰੂ ਹੋ ਗਈ ਅਤੇ ਇਹ ਘਟਨਾਵਾਂ ਹੌਲੀ-ਹੌਲੀ ਹਰਿਮੰਦਰ ਸਾਹਿਬ ਤੇ ਫੌਜੀ ਕਾਰਵਾਈ ਵਲ ਲੈ ਗਈਆਂ ਮੋਟਰ ਸਾਈਕਲ ਤੇ ਸਵਾਰ ਤਿੰਨ ਸਿੱਖਾਂ ਨੇ ਜਲੰਧਰ ਦੇ ਬਜ਼ਾਰ ਵਿਚ ਹਿੰਦੂਆਂ ਤੇ ਗੋਲੀਆਂ ਚਲਾਈਆਂ, ਚਾਰ ਮਰੇ ਅਤੇ 12 ਜ਼ਖਮੀ ਹੋਏ, ਅਗਲੇ ਦਿਨ ਤਰਨਤਾਰਨ ਵਿਚ ਇਕ ਹਿੰਦੂ ਮਰਿਆ ਅਤੇ 13 ਜ਼ਖਮੀ ਹੋਏ, ਪੰਜ ਦਿਨਾਂ ਮਗਰੋਂ ਅੰਮ੍ਰਿਤਸਰ ਦੇ ਨੇੜੇ ਇਕ ਮਾਲ ਗੱਡੀ ਪਟੜੀ ਤੋਂ ਉਤਾਰੀ ਗਈ ਦੋ ਹੋਰ ਘਟਨਾਵਾਂ ਵੀ ਹੋਈਆਂ ਜਿਨਾਂ ਰਾਹੀਂ ਪਟੜੀ ਤੋਂ ਰੇਲ ਨੂੰ ਉਤਾਰਨ ਦੇ ਯਤਨ ਕੀਤੇ ਗਏ। ਸੰਤਾਂ ਦੀ ਗ੍ਰਿਫਤਾਰੀ ਦੇ ਨੌਂਵੇ ਦਿਨ ਸਿੱਖਾਂ ਨੇ ਭਾਰਤੀ ਹਵਾਈ ਜਹਾਜ਼ ਨੂੰ ਉਧਾਲ ਲਿਆ ਤੇ ਲਾਹੌਰ ਲੈ ਗਏ। ਇਸ ਤੋਂ ਇਹ ਪਤਾ ਲਗਦਾ ਹੈ ਕਿ ਸੰਤ ਪਹਿਲਾਂ ਹੀ ਆਪਣੇ ਪਿਛੇ ਇਕ ਪ੍ਰਭਾਵਸ਼ਾਲੀ ਸੰਗਠਨ ਰਖਦੇ ਸਨ। ਸਭ ਤੋਂ ਮਹੱਤਵ ਪੂਰਨ ਘਟਨਾ ਪਟਿਆਲੇ ਦੇ ਡਿਪਟੀ ਇੰਸਪੈਕਟਰ ਜਨਰਲ ਪੁਲੀਸ ਦੇ ਦਫਤਰ ਵਿਚ ਧਮਾਕਾ ਸੀ। ਇਹ ਡਿਪਟੀ ਉਹਨਾਂ ਅਫਸਰਾਂ ਵਿਚੋਂ ਇਕ ਸੀ



ਜੋ ਸੰਤਾਂ ਨੂੰ ਗ੍ਰਿਫਤਾਰ ਕਰਨ ਲਈ ਚੰਦੋਕਲਾਂ ਗਏ ਸਨ। ਉਹ ਇਸ ਬੰਬ ਧਮਾਕੇ ਵਿਚ ਬਚ ਗਿਆ ਪਰ ਸੰਤਾਂ ਨੇ ਉਹਨਾਂ ਪੁਲੀਸ ਵਾਲਿਆਂ ਤੋਂ ਬਦਲਾ ਲੈਣ ਦੀ ਮੁਹਿੰਮ ਸ਼ੁਰੂ ਕੀਤੀ ਜਿਨ੍ਹਾਂ ਨੇ ਉਹਨਾਂ ਦੇ ਖਿਲਾਫ ਜਾਂ ਉਹਨਾਂ ਦੇ ਸਾਥੀਆਂ ਦੇ ਖਿਲਾਫ ਕੋਈ ਕਾਰਵਾਈ ਕਰਨ ਦਾ ਯਤਨ ਕੀਤਾ।

ਫਿਰੋਜਪੁਰ ਜੇਲ੍ਹ ਦੇ ਥੋੜੇ ਜਿਹੇ ਸਮੇਂ ਦੌਰਾਨ ਸੰਤਾਂ ਨੇ ਇਸ ਗਲ ਤੇ ਜ਼ੋਰ ਦਿਤਾ ਕਿ ਉਹਨਾਂ ਦੇ ਆਲੇ ਦੁਆਲੇ ਬਣੇ ਸੁਰੱਖਿਆ ਸਿਪਾਹੀ ਖੁਲ੍ਹੇ ਦਾੜ੍ਹੇ ਵਾਲੇ ਸਿਖ ਹੋਣੇ ਚਾਹੀਦੇ ਹਨ ਉਹ ਸਿਖਾਂ ਦੀ ਉਸ ਆਦਤ ਨੂੰ ਵੀ ਪਸੰਦ ਨਹੀਂ ਸਨ ਕਰਦੇ ਜੋ ਜਾਲੀ ਵਿਚ ਆਪਣੇ ਦਾੜ੍ਹੇ ਨੂੰ ਤੁੰਨ ਲੈਂਦੇ ਹਨ। ਸਰਕਾਰ ਭਿੰਡਰਾਂਵਾਲੇ ਦੇ ਸਾਹਮਣੇ ਝੁਕਕੇ ਭਾਵੇਂ ਉਹਨਾਂ ਦੀ ਮੰਗ ਇਸ ਧਰਮ ਨਿਰਪੇਖ ਭਾਰਤ ਵਿਚ ਕੋਈ ਕਾਨੂੰਨਣ ਮੰਜ਼ੂਰੀ ਨਹੀਂ ਸੀ ਰਖਦੀ ਕਿਉਂਕਿ ਇਥੇ ਸਾਰੇ ਧਰਮਾਂ ਦੇ ਲੋਕ ਪੁਲੀਸ ਜਵਾਨ ਵਿਚ ਭਰਤੀ ਕੀਤੇ ਜਾਂਦੇ ਹਨ।

14 ਅਕਤੂਬਰ ਨੂੰ ਜ਼ੈਲ ਸਿੰਘ ਨੇ ਪਾਰਲੀਮੈਂਟ ਨੂੰ ਦੱਸਿਆ ਕਿ ਸਬੂਤ ਭਿੰਡਰਾਂਵਾਲੇ ਦੇ ਖਿਲਾਫ ਨਾ ਮਿਲਿਆ ਕਿ ਲਾਲਾ ਜੀ ਦਾ ਕਤਲ ਉਹਨਾਂ ਕਰਵਾਇਆ। ਇਕ ਮਹੀਨੇ ਦੇ ਅੱਧ ਵਿਚ ਪੰਜਾਬ ਸਰਕਾਰ ਨੂੰ ਸੰਤਾਂ ਗ੍ਰਿਫਤਾਰ ਕਰਕੇ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਭਿੰਡਰਾਂਵਾਲੇ ਨੂੰ ਰਿਹਾ ਕਰਨ ਦਾ ਫੈਸਲਾ ਸਰਕਾਰ ਨੇ ਲਿਆ ਇਹ ਕਚਹਿਰੀ ਦਾ ਫੈਸਲਾ ਨਹੀਂ ਸੀ। ਕਈਆਂ ਇਹ ਦਲੀਲ ਦਿਤੀ ਕਿ ਜ਼ੈਲ ਸਿੰਘ ਨੇ ਇਹ ਫੈਸਲਾ ਇਸ ਵਾਸਤੇ ਕੀਤਾ ਹੈ ਕਿ ਹਿੰਸਾ ਦੀਆਂ ਘਟਨਾਵਾਂ ਬੰਦ ਹੋ ਜਾਣਗੀਆਂ ਜੇ ਅਜਿਹਾ ਹੁੰਦਾ ਤਾਂ ਕੇਂਦਰੀ ਮੰਤਰਾਲੇ ਤੋਂ ਕੀ ਆਸ ਤੇ ਵਿਸ਼ਵਾਸ਼ ਕੀਤਾ ਜਾ ਸਕਦਾ ਸੀ। ਸੰਤਾਂ ਦੀ ਰਿਹਾਈ ਤੋਂ ਇਕ ਦਿਨ ਮਗਰੋਂ, ਇਕ ਨਿਕਵਾਕਾਰੀ ਪੀ. ਸੀ. ਸ. ਅਫਸਰ ਤੇ ਚੰਡੀਗੜ੍ਹ ਵਿਖੇ ਗੋਲੀ ਚਲਾਈ ਗਈ ਤੇ ਉਸ ਦਾ ਭਰਾ ਮਾਰਿਆ ਗਿਆ ਇਸ ਘਟਨਾਂ ਮਗਰੋਂ ਬੰਬ ਧਮਾਕੇ ਤੇ ਪੁਲਿਸ ਤੇ ਅਨੇਕਾਂ ਹਮਲੇ ਹੋਏ।

ਜਦੋਂ ਮੈਂ ਦਰਬਾਰਾ ਸਿੰਘ ਨੂੰ ਮਿਲਿਆ, ਸ੍ਰੀਮਤੀ ਇੰਦਰਾ ਗਾਂਧੀ ਨੇ ਉਸਦੀ ਸਰਕਾਰ ਨੂੰ ਤੰਗ ਕਰ ਦਿਤਾ ਸੀ। ਦਰਬਾਰਾ ਸਿੰਘ ਨੇ ਉਹਨਾਂ ਅਜੀਬ ਹਾਲਤਾਂ ਦਾ ਵਰਨਣ ਕੀਤਾ ਜੋ ਸੰਤਾਂ ਦੀ ਗ੍ਰਿਫਤਾਰੀ ਨਾਲ ਜੁੜੇ ਹੋਏ ਸਨ। ਇਕ ਹੰਢੇ ਹੋਏ ਰਾਜਨੀਤਕ ਵਾਂਗ ਉਸ ਆਪਣੇ ਵਿਰੋਧੀ ਜ਼ੈਲ ਸਿੰਘ ਦਾ ਨਾਮ ਨਾ ਲਿਆ ਪਰ ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਉਸ ਆਪਣੀ ਗਲਬਾਤ ਵਿਚ ਜ਼ੈਲ ਸਿੰਘ ਵਲ ਇਸ਼ਾਰਾ ਕੀਤਾ।

ਮੈਂ ਪੰਜਾਬ ਦੇ ਸਾਬਕਾ ਮੁਖ ਮੰਤਰੀ ਦਰਬਾਰਾ ਸਿੰਘ ਨੂੰ ਪੁਛਿਆ ਜਿਸਨੇ ਕਿ ਸੰਤਾਂ ਦੀ ਗ੍ਰਿਫਤਾਰੀ ਦਾ ਹੁਕਮ ਦਿਤਾ ਸੀ। ਉਸ ਜਵਾਬ ਦਿੱਤਾ, "ਮੈਂ ਉਸਨੂੰ ਚੰਦੋ ਕਲਾਂ ਵਿਖੇ ਗ੍ਰਿਫਤਾਰ ਕਰਨਾ ਚਾਹੁੰਦਾ ਸਾਂ।"

"ਕੀ ਇਹ ਸੱਚ ਹੈ ਕਿ ਹਰਿਆਣੇ ਦੇ ਮੁਖ ਮੰਤਰੀ ਨੇ ਸੰਤਾਂ ਨੂੰ ਚੰਦੋ ਕਲਾਂ ਤੋਂ ਬਾਹਰ ਕੱਢਣ ਲਈ ਇਕ ਸਰਕਾਰੀ ਕਾਰ ਭੇਜੀ, ਇਸ ਤੋਂ ਪਹਿਲਾਂ ਕਿ ਪੁਲਿਸ ਪੁਜਦੀ?"

"ਜੇ ਤੁਸੀਂ ਜਾਣਦੇ ਹੋ ਕਿ ਇਹ ਸੱਚ ਹੈ ਤਾਂ ਤੁਸੀਂ ਮੈਨੂੰ ਕਿਉਂ ਪੁੱਛਦੇ ਹੋ?"

"ਤਦ ਉਹਨਾਂ ਨੂੰ ਰਿਹਾ ਕਿਉਂ ਕੀਤਾ ਗਿਆ?"

"ਮੈਨੂੰ ਨਾ ਪੁਛੋ ਤੁਸੀਂ ਜਾਣਦੇ ਹੋ, ਉਸਨੂੰ ਦਿੱਲੀ ਬੰਦੂਕਾਂ ਸਮੇਤ ਵਾਪਸ ਆਉਣ ਦੀ ਇਜ਼ਾਜ਼ਤ ਕਿਉਂ ਕੀਤੀ ਗਈ ਉਸਨੂੰ ਹੁਣ ਤੱਕ ਗ੍ਰਿਫਤਾਰ ਕਿਉਂ ਨਾ ਕੀਤਾ ਗਿਆ।"

ਜਦੋਂ ਭਿੰਡਰਾਂਵਾਲੇ ਆਪਣੀ ਰਿਹਾਈ ਨੂੰ ਮਨਾਉਣ ਲਈ ਦਿੱਲੀ ਆਏ ਤਾਂ ਕਾਨੂੰਨ ਦੀਆਂ ਧੱਜੀਆਂ ਉਡ ਗਈਆਂ। ਉਹ ਰਾਜਧਾਨੀ ਵਿਚ ਆਪਣੇ 80 ਸਾਥੀਆਂ ਨਾਲ ਆਏ ਤੇ ਉਹਨਾਂ ਵਿਚੋਂ ਬਹੁਤੇ ਬਸ ਦੀ ਛੱਤ ਤੇ ਬੈਠੇ ਸਨ ਤੇ

ਬਾਕੀ ਪੰਨਾ 19 ਤੇ

ਪੰਨਾ 16 ਦੀ ਬਾਕੀ

ਵਿਚ ਰੱਖ ਕੇ ਅਤੇ ਹਿਰਦੇ ਵਿਚ ਵਸਾਣ ਦੇ ਯਤਨ ਨਾਲ। ਪੱਤਰੇ ਉਥਲਣ ਤੇ ਭੋਗ ਪਾ ਛੱਡਣ ਨਾਲ ਪ੍ਰਾਪਤੀ ਨਹੀਂ।

ਪ੍ਰਮਾਤਮਾ ਪਾਠਾਂ ਜਾਂ ਬਾਣੀਆਂ ਪੜੀਆਂ ਦੀ ਗਿਣਤੀ ਨਹੀਂ ਪੁਛਦਾ, ਮਹਾਨਤਾ ਉਸ ਦੀ ਹੈ ਜਿਸ ਨੇ ਪੜੇ ਸੁਣੇ ਵਿਚੋਂ ਕੁਝ ਪੱਲੇ ਵੀ ਬਧਾ ਹੋਵੇ।


ਨਾਨਕ ਜਿਨ੍ਹੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ
(790)

ਸਲਾਮ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥
ਨਾਨਕ ਦੋਵੈ ਕੂੜੀਆ ਥਾਇ ਨਾ ਕਾਈ ਪਾਇ ॥ (474)

(ਨੋਟ — ਬਰੈਕਟਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ ਦੇ ਨੰਬਰ ਹਨ)



ਫ਼ਿਲਮ ਲੋਕ



ਫ਼ਿਲਮ ਸਟਾਰਾਂ ਦੀ ਪੋਲ

ਆਦਤ ਤੋਂ ਮਜਬੂਰ ਮਨੋਜ ਕੁਮਾਰ



ਮਨੋਜ ਕੁਮਾਰ ਦੀ ਮਸ਼ਹੂਰੀ ਦੇਸ ਭਗਤੀ ਦੀਆਂ ਫ਼ਿਲਮਾਂ ਬਣਾਉਣ ਵਾਲੇ ਦੇ ਤੌਰ ਤੇ ਹੋਈ ਹੈ। ਆਪਣੇ ਆਪ ਨੂੰ ਦੇਸ਼ ਭਗਤ ਦਸਣ ਲਈ ਉਹ ਫ਼ਿਲਮਾਂ ਵਿਚ ਆਪਣਾ ਨਾਂ ਵੀ 'ਭਾਰਤ' ਹੀ ਰਖਦਾ ਹੈ। ਉਸ ਦੀ ਇਸ ਖੂਬੀ ਤੋਂ ਦਰਸ਼ਕ ਚੰਗੀ ਤਰ੍ਹਾਂ ਜਾਣੂ ਹਨ ਕਿ ਉਹ ਆਪਣੀਆਂ ਫ਼ਿਲਮਾਂ ਵਿਚ ਸੈਕਸੀ ਸੀਨ ਪਾਉਣ ਤੋਂ ਬਾਜ ਨਹੀਂ ਆਉਂਦਾ। 'ਰੋਟੀ ਕਪੜਾ ਅਤੇ ਮਕਾਨ' ਵਿਚ ਉਸ ਨੇ ਮੌਸਮੀ ਚੈਟਰਜੀ ਦੇ ਨਾਲ ਭਿਆਨਕ ਬਲਾਤਕਾਰ ਦਾ ਸੀਨ ਫਿਲਮਾਇਆ। ਫ਼ਿਲਮ 'ਕਰਾਂਤੀ' ਵਿਚ ਹੇਮਾ ਮਾਲਿਨੀ ਨੂੰ ਭੜਕਾਊ ਕਪੜਿਆਂ ਦੇ ਨਾਲ ਪੇਸ਼ ਕੀਤਾ। ਆਪਣੀ ਚੁੱਪਚਾਪ ਸ਼ੁਰੂ ਕੀਤੀ ਫ਼ਿਲਮ 'ਕਲਯੁੱਗ ਕੀ ਰਾਮਾਇਣ' ਵਿਚ ਤਾਂ ਉਸ ਨੇ ਹੱਦ ਹੀ ਕਰ ਦਿਤੀ ਹੈ। ਇਸ ਫ਼ਿਲਮ ਵਿਚ ਅਜਿਹਾ ਸੀਨ ਪੇਸ਼ ਕੀਤਾ ਹੈ ਜਿਸ ਵਿਚ ਤੈਰਾਕੀ ਦੀ ਪੌਸ਼ਾਕ ਵਾਲੀਆਂ ਅਧ-ਨੰਗੀਆਂ ਐਕਟਰਸਾਂ ਵਿਚ ਉਹ ਘਿਰਿਆ ਹੋਇਆ ਹੈ।

ਬੇਸ਼ਰਮੀ ਦੀ ਹੱਦ : ਰਜਾ ਮੁਰਾਦ

ਰਜਾ ਮੁਰਾਦ ਬਾਰੇ ਇਹ ਚਰਚਾ ਖੂਬ ਰਿਹਾ ਕਿ ਮੰਦਾਕਿਨੀ ਦੀ ਮਾਂ ਨੂੰ ਉਸ ਦੀਆਂ ਬਾਹਾਂ ਵਿਚ ਹੀ ਸੁਖ ਮਿਲਦਾ ਹੈ। ਮੰਦਾਕਿਨੀ ਦੀ ਮਾਂ ਅਤੇ ਰਜਾ ਮੁਰਾਦ ਦੇ ਰੋਮਾਂਸ ਦੇ ਚਰਚੇ ਹੁਣ ਵੀ ਚਲ ਰਹੇ ਹਨ। ਇਕ ਨਵਾਂ ਚਰਚਾ ਰਜਾ ਮੁਰਾਦ ਦਾ ਸ਼ੁਰੂ ਹੋ ਗਿਆ ਹੈ। ਰਜਾ ਮੁਰਾਦ ਦੀ ਉਮਰ ਤੋਂ ਅੱਧੀ ਹੁੰਦੀ ਫੇਰ ਵੀ ਕੋਈ ਫਰਕ ਨਾ ਪੈਂਦਾ ਪਰ ਤੇਰਾਂ-ਚੌਦਾਂ ਸਾਲ ਦੀ ਛੋਟੀ ਉਮਰ ਦੀ ਕੁੜੀ ਹਰ ਵੇਲੇ ਉਸ ਦੇ ਨਾਲ ਹੁੰਦੀ ਹੈ ਤੇ ਉਹ ਉਸ ਨਬਾਲਿਗ ਕੁੜੀ ਨੂੰ ਆਪਣੀ ਪਤਨੀ ਦਸਦਾ ਹੈ। ਫ਼ਿਲਮੀ ਪਾਰਟੀਆਂ ਵਿਚ ਉਤਨੀ ਦੇਰ ਕੁੜੀ ਨੂੰ ਲੋਕ ਰਜਾ ਮੁਰਾਦ ਦੀ ਧੀ ਹੀ ਮੰਨਦੇ ਹਨ ਜਿੰਨੀ ਦੇਰ ਉਹ ਦਸਦਾ ਨਹੀਂ ਕਿ ਉਹ ਕੁੜੀ ਉਸ ਦੀ ਪਤਨੀ ਹੈ। ਰਜਾ ਮੁਰਾਦ ਦੀ ਤਰ੍ਹਾਂ ਹੀ ਅਮਜਦ ਖਾਂ ਦੇ ਵਡੇ ਭਰਾ ਇਮਤਿਆਜ ਨੇ ਇਕ ਘੱਟ ਉਮਰ ਦੀ ਕੁੜੀ ਨਾਲ ਵਿਆਹ ਕਰ ਲਿਆ ਹੈ।

ਨਵੀਆਂ ਫਿਲਮਾਂ-

ਹਿੰਮਤ ਔਰ ਮੇਹਨਤ ਵਿਚ ਜਤਿੰਦਰ

ਬਰਾੜ ਪ੍ਰੋਡਕਸ਼ਨਜ਼ ਦੀ ਅਗਲੀ ਫਿਲਮ 'ਹਿੰਮਤ ਔਰ ਮੇਹਨਤ' ਵਿਚ ਜਤਿੰਦਰ ਹੀਰੋ ਦਾ ਰੋਲ ਅਦਾ ਕਰੇਗਾ। ਪ੍ਰੋਡਿਊਸਰ ਬੀ. ਐਸ. ਸ਼ਾਦ ਦੀ ਇਸ ਫਿਲਮ ਦੀ ਡਾਇਰੈਕਸ਼ਨ ਕੇ, ਬਾਪਿਆਰ ਕਰ ਰਹੇ ਹਨ।

ਡਾਕੂ ਹਸੀਨਾ-ਜ਼ੀਨਤ ਅਮਾਨ

ਬੀ. ਕੇ. ਆਦਰਸ਼ ਦੀ ਫਿਲਮ 'ਡਾਕੂ ਹਸੀਨਾ' ਵਿਚ ਜ਼ੀਨਤ ਅਮਾਨ ਟਾਈਟਲ ਰੋਲ ਕਰ ਰਹੀ ਹੈ। ਉਸ ਤੋਂ ਇਲਾਵਾ ਰਾਕੇਸ਼ ਰੋਸ਼ਨ, ਜੋਗਿੰਦਰ, ਰੂਪੇਸ਼ ਕੁਮਾਰ, ਰਜ਼ਾ ਮੁਰਾਦ, ਸੀ. ਐਸ. ਦੂਬੇ, ਸੁਬੀਰਾਜ ਅਤੇ ਅਭਿਜੀਤ ਸੈਨ ਵੀ ਸ਼ਾਮਲ ਹਨ। ਮੁਖ ਰੋਲ ਰਜਨੀਕਾਂਤ ਕਰ ਰਿਹਾ ਹੈ। ਰੋਸ਼ਨੀ ਅਤੇ ਮਹਿੰਦਰ ਵਰਮਾ ਦੇ ਫਿਲਮ ਵਿਚ ਮਹਤਵਪੂਰਨ ਰੋਲ ਹਨ। ਫਿਲਮ ਦੀ ਡਾਇਰੇਸ਼ਨ ਅਸ਼ੋਕ ਰਾਏ ਕਰ ਰਹੇ ਹਨ।



ਸਮਿਤਾ ਪਾਟਿਲ

ਅੰਮ੍ਰਿਤਾ ਸਿੰਘ ਦੀ ਬਜਾਏ ਟੀਨਾ ਮੁਨੀਮ



ਧਰਮਾ ਪ੍ਰੋਡਕਸ਼ਨਜ ਦੀ ਫਿਲਮ 'ਮੁਕਦਰ ਕਾ ਫੈਸਲਾ' ਵਿਚ ਅੰਮ੍ਰਿਤਾ ਸਿੰਘ ਦੀ ਬਜਾਇ ਟੀਨਾ ਮੁਨੀਮ ਨੂੰ ਅਕਬਰ ਖਾਨ ਦੇ ਨਾਲ ਰੋਲ ਕਰਨ ਲਈ ਲੈ ਲਿਆ ਗਿਆ ਹੈ। ਫਿਲਮ ਵਿਚ ਰਾਜ ਕਪੂਰ, ਰਾਖੀ, ਰਾਜ ਬੱਬਰ, ਮੀਨਾਕਸ਼ੀ ਸ਼ੇਸ਼ਾਦਰੀ, ਅਕਬਰ ਖਾਨ, ਰਣਜੀਤ, ਬਿੰਦੂ, ਕਾਜਲ ਕਿਰਣ, ਓਮ ਪ੍ਰਕਾਸ਼, ਵਿਜੇਂਦਰ ਘਟਗੇ, ਸਤਿਅਨ ਕਪੂ, ਰਾਮ ਸੇਠੀ ਅਤੇ ਪ੍ਰਾਣ ਕੰਮ ਕਰ ਰਹੇ ਹਨ। ਯਸ਼ ਜੌਹਰ ਦੀ ਫਿਲਮ ਦੇ ਡਾਇਰੈਕਟਰ ਪ੍ਰਕਾਸ਼ ਮੇਹਰਾ ਹਨ।

ਪੰਨਾ 17 ਦੀ ਬਾਕੀ

ਆਪਣੇ ਗੈਰ ਕਾਨੂੰਨੀ ਹਥਿਆਰਾਂ ਦਾ ਪਰਦਰਸ਼ਨ ਕਰ ਰਹੇ ਸਨ। ਉਸ ਸਮੇਂ ਉਨ੍ਹਾਂ ਦੀ ਗ੍ਰਿਫਤਾਰ ਕਰਨ ਦੀ ਜ਼ਿੰਮੇਦਾਰੀ ਜ਼ੈਲ ਸਿੰਘ ਦੀ ਸੀ ਕਿਉਂਕਿ ਦਿੱਲੀ ਪੁਲਸ ਗ੍ਰਹਿ ਵਿਭਾਗ ਦੇ ਅਧੀਨ ਆਉਂਦੀ ਹੈ। ਸੰਤਾਂ ਦੀ ਦਿੱਲੀ ਫੇਰੀ ਦੇ ਦੌਰਾਨ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹਜ਼ਾਰਾਂ ਸਿੰਘਾਂ ਨੇ, ਸੰਤਾਂ ਦੇ ਸਵਾਗਤ ਵਿਚ ਜਲੂਸ ਕੱਢਿਆ ਅਤੇ ਜਿੱਤ ਦਾ ਇਹ ਜਲੂਸ ਬੰਗਲਾ ਸਾਹਿਬ ਵਿਖੇ ਗੁਰਦੁਆਰੇ ਪੁਜਾ। ਦਿੱਲੀ ਗੁਰਦੁਆਰਾ ਪ੍ਰਬੰਧਕ ਦੀ ਕਮੇਟੀ ਦਾ ਕੰਟਰੋਲ ਕਾਂਗਰਸ ਪਾਰਟੀ ਦੇ ਹੱਥ ਵਿਚ ਸੀ। ਜਿਸ ਦਾ ਪ੍ਰਧਾਨ ਸੰਤੋਖ ਸਿੰਘ ਸ੍ਰੀਮਤੀ ਇੰਦਰਾ ਗਾਂਧੀ ਦੇ ਨਾਲ ਨੇੜੇ ਦੇ ਨਿਜੀ ਸਬੰਧ ਰਖਦਾ ਸੀ।

"ਗ੍ਰਹਿ ਮੰਤਰੀ ਨੇ ਸੰਤਾਂ ਨੂੰ ਇਹ ਵੀ ਇਜ਼ਾਜਤ ਦਿਤੀ ਕਿ ਉਹ ਤਿਹਾਰ ਜੇਲ ਵਿਚ ਇਕ ਸਿਆਸਤਦਾਨ ਨੂੰ ਮਿਲ ਸਕਣ।

ਇਹ ਕਾਫੀ ਠੋਸ ਸਬੂਤ ਮਿਲਦੇ ਹਨ ਕਿ ਭਿੰਡਰਾਂਵਾਲੇ ਦੀ ਰਿਹਾਈ ਗ੍ਰਹਿ ਮੰਤਰੀ ਰਾਹੀਂ ਹੋਈ। ਉਹ ਅਸਲ ਵਿਚ ਅਜੇ ਵੀ ਜ਼ੈਲ ਸਿੰਘ ਦੀ ਸਰਪਰਸਤੀ ਰਖਦੇ ਸਨ। ਪਰ ਪੰਜਾਬ ਦੇ ਇਕ ਉਘੇ ਕਾਂਗਰਸੀ ਸਿਆਸਤਦਾਨ ਨੇ ਸਤੀਸ਼ ਜੈਕੋਬ ਨੂੰ ਦਸਿਆ ਕਿ ਸ੍ਰੀਮਤੀ ਗਾਂਧੀ ਨੇ ਆਪ ਸੰਤਾਂ ਦੀ ਰਿਹਾਈ ਦੇ ਹੁਕਮ ਦਿਤੇ। ਇਸਦੀ ਪ੍ਰੋੜ੍ਹਤਾ ਸੰਤੋਖ ਸਿੰਘ ਦੇ ਪਰਵਾਰ ਦੇ ਇਕ ਮੈਂਬਰ ਨੇ ਵੀ ਕੀਤੀ। ਉਸ ਮੈਨੂੰ ਦੱਸਿਆ ਕਿ ਸੰਤੋਖ ਸਿੰਘ ਆਪ ਸ੍ਰੀਮਤੀ ਇੰਦਰਾ ਗਾਂਧੀ ਕੋਲ ਗਏ ਅਤੇ ਭਿੰਡਰਾਂਵਾਲੇ ਦੀ ਰਿਹਾਈ ਦੀ ਵਕਾਲਤ ਕੀਤੀ ਤੇ ਇਹ ਵੀ ਧਮਕੀ ਦਿਤੀ ਕਿ ਜੇ ਸੰਤ ਭਿੰਡਰਾਂਵਾਲੇ ਨੂੰ ਰਿਹਾਅ ਨਾ ਕੀਤਾ ਗਿਆ ਤਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਾਂਗਰਸ ਪ੍ਰਤੀ ਵਫਾਦਾਰ ਰਹਿਣਾ ਸੰਭਵ ਨਹੀਂ ਹੋਵੇਗਾ।

ਸੰਤਾਂ ਦੀ ਰਿਹਾਈ ਉਹਨਾਂ ਦੇ ਜੀਵਨ ਵਿਚ ਇਕ ਤਬਦੀਲੀ ਵਾਲਾ ਮੋੜ ਸੀ। ਹੁਣ ਉਹ ਨਾਇਕ ਬਣ ਗਏ ਸਨ ਜਿਨ੍ਹਾਂ ਨੇ ਭਾਰਤੀ ਸਰਕਾਰ ਨੂੰ ਵੰਗਾਰਿਆ ਸੀ ਤੇ ਹਰਾਇਆ ਸੀ। ਆਪਣੀ ਰਿਹਾਈ ਤੋਂ ਬਾਅਦ ਸੰਤਾਂ ਨੇ ਆਪ "ਸਰਕਾਰ ਨੇ ਇਕ ਹਫਤੇ ਵਿਚ ਮੇਰੇ ਲਈ ਉਸ ਨਾਲੋਂ ਵੱਧ ਕੀਤਾ ਹੈ ਜਿੰਨਾਂ ਮੈਂ ਕਈ ਸਾਲਾਂ ਵਿਚ ਕਰ ਸਕਿਆ। ਜ਼ੈਲ ਸਿੰਘ ਸੰਤਾਂ ਦੀ ਰਿਹਾਈ ਚਾਹੁੰਦਾ ਸੀ ਕਿਉਂਕਿ ਉਸਦਾ ਵਿਸ਼ਵਾਸ਼ ਸੀ ਕਿ ਉਨ੍ਹਾਂ ਰਾਹੀਂ ਆਪਣੇ ਦਰਬਾਰਾ ਸਿੰਘ ਨੂੰ ਥਲੇ ਗਿਰਾਅ ਸਕਦਾ ਹੈ। ਸ੍ਰੀਮਤੀ ਇੰਦਰਾ ਗਾਂਧੀ ਇਸ ਲਈ ਉਨ੍ਹਾਂ ਦੀ ਰਿਹਾਈ ਚਾਹੁੰਦੇ ਸਨ ਤਾਂ ਜੋ ਉਹ ਦਿੱਲੀ ਦੇ ਸਿੱਖਾਂ ਤੋਂ ਆਪਣੀ ਪਕੜ ਬਣਾਈ ਰਖਣ ਸਖਸਿਅਤ ਨੂੰ ਆਪ ਕੁਝ ਰਾਜਸੀ ਪ੍ਰਤਤੀਆਂ ਲਈ ਸਰਕਾਰ ਨੇ ਕੁਰਬਾਨ ਕਰਕੇ ਇਕ ਅਜਿਹੀ ਭਾਰੂ ਸਖਸ਼ੀਅਤ ਨੂੰ ਜਨਮ ਦਿਤਾ ਜੋ ਸ੍ਰੀਮਤੀ ਇੰਦਰਾ ਗਾਂਧੀ ਦੇ ਅੰਤਲੇ ਸਮੇਂ ਵਿਚ ਛਾਈ ਰਹੀ ਅਤੇ ਉਸਦੀ ਮੌਤ ਤਕ, ਉਸਦੇ ਪਿਛੇ ਪ੍ਰਛਾਂਵੇਂ ਵਾਂਗ ਪਈ ਰਹੀ।

ਆਪਣੀਆਂ ਗਲਤੀਆਂ ਨੂੰ ਮਹਿਸੂਸ ਕਰਨ ਵਿਚ ਉਹਨਾਂ ਨੂੰ ਕਾਫੀ ਸਮਾਂ ਲਗ ਗਿਆ। ਉਹ ਅਜੇ ਵੀ ਸੋਚਦੇ ਸਨ ਕਿ ਉਹ ਭਿੰਡਰਾਂਵਾਲੇ ਨੂੰ ਆਪਣੇ ਹਿਤਾਂ ਲਈ ਵਰਤ ਸਕਦੇ ਹਨ ਤੇ ਇਹ ਉਦੋਂ ਹੋਇਆ ਜਦੋਂ ਤੀਜਾ ਕਤਲ ਵਾਪਰਿਆ ਇਹ ਕਤਲ ਸੰਤੋਖ ਸਿੰਘ ਸੀ ਜਿਨ੍ਹਾਂ ਨੇ ਸੰਤਾਂ ਦੀ ਰਿਹਾਈ ਦੀ ਵਕਾਲਤ ਕੀਤੀ ਸੀ। ਉਸ ਨੂੰ ਆਪਣੀ ਕਾਰ ਵਿਚ ਹੀ ਦਿੱਲੀ ਵਿਖੇ 21 ਸਤੰਬਰ 1981 ਨੂੰ ਇਕ ਵਿਰੋਧੀ ਸਿਖ ਸਿਆਸਤਦਾਨ ਦੁਆਰਾ ਗੋਲੀ ਰਾਹੀਂ ਕਤਲ ਕਰ ਦਿਤਾ ਗਿਆ ਜਦ ਸਰਕਾਰ ਕੋਲ ਇਸ ਕਤਲ ਦੀ ਖਬਰ ਪੁਜੀ ਤਾਂ ਸ੍ਰੀਮਤੀ ਇੰਦਰਾ ਗਾਂਧੀ ਉਹਨਾਂ ਦੇ ਪੁੱਤਰ ਰਾਜੀਵ ਗਾਂਧੀ ਤੇ ਜ਼ੈਲ ਸਿੰਘ ਹਸਪਤਾਲ ਪੁਜੇ। ਜਿਥੇ ਕਿ ਉਸਦਾ ਮ੍ਰਿਤਕ ਸਰੀਰ ਪਿਆ ਸੀ ਜ਼ੈਲ ਸਿੰਘ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਉਸ ਦਾ ਮ੍ਰਿਤਕ ਸਰੀਰ ਉਸ ਦੇ ਘਰ ਹੀ ਲਿਆਇਆ ਜਾਵੇ। ਸੰਤੋਖ ਸਿੰਘ ਅਸਲ ਵਿਚ ਭਿੰਡਰਾਂਵਾਲੇ ਦਾ ਆਦਮੀ ਸੀ ਭਿੰਡਰਾਂਵਾਲੇ ਅਕਸਰ ਕਹਿੰਦੇ ਸਨ ਕਿ ਸੰਤੋਖ ਸਿੰਘ ਨੇ ਆਪਣਾ ਹਿਸਾਬ ਚੁਕਾ ਦਿਤਾ ਹੈ ਜਦੋਂ ਕਿ ਨਿਰੰਕਾਰੀ ਬਾਬੇ ਦੇ ਕਤਲ ਵਿਚ ਉਹਨਾਂ ਨੂੰ ਉਲਝਾਇਆ ਗਿਆ ਸੀ ਤੇ ਸੰਤੋਖ ਸਿੰਘ ਨੇ ਦੋ ਹਜ਼ਾਰ ਰੁਪਏ ਮਾਸਿਕ ਰਣਜੀਤ ਸਿੰਘ ਦੇ ਪਰਿਵਾਰ ਨੂੰ ਦਿਤਾ ਸੀ ਜੋ ਕਿ ਇਸ ਕਤਲ ਕੇਸ ਦਾ ਦੂਜਾ ਦੋਸ਼ੀ ਸੀ। ਸੰਤੋਖ ਸਿੰਘ ਉਸ ਐਤਵਾਰ ਵੀ ਮੌਜੂਦ ਸੀ ਜਦੋਂ ਸੰਤਾਂ ਨੇ ਆਪਣੇ ਗੁਰਦੁਆਰੇ ਦੇ ਸਾਹਮਣੇ ਗ੍ਰਿਫਤਾਰੀ ਦੀ ਪੇਸ਼ਕਸ਼ ਕੀਤੀ ਸੀ। ਉਹਨਾਂ ਆਪਣੇ ਭਾਸ਼ਨ ਵਿਚ ਕਿਹਾ ਸੀ "ਜੇ ਸਰਕਾਰ ਭਿੰਡਰਾਂਵਾਲੇ ਨੂੰ ਗ੍ਰਿਫਤਾਰ ਕਰਦੀ ਹੈ ਤਾਂ ਉਹ ਸਿੱਖਾਂ ਦੇ ਦਿਲਾਂ ਨੂੰ ਵਿਲੂਧਰਦੀ ਹੈ ਜੇ ਸੰਤਾਂ ਨੂੰ ਝੂਠੇ ਦੋਸ਼ ਅਧੀਨ ਗ੍ਰਿਫਤਾਰ ਕੀਤਾ ਜਾਂਦਾ ਹੈ ਤਾਂ ਸਿਖ ਜਵਾਲਾ ਮੁਖੀ ਵਾਂਗ ਫੁਟਣਗੇ ਤੇ ਇਸਦਾ ਲਾਵਾ ਕੌਮ ਨੂੰ ਡੁਬੋ ਦੇਵੇਗਾ।"

ਸੰਤੋਖ ਸਿੰਘ ਦੀ ਮੌਤ ਦੇ ਸਮੇਂ ਸੰਤਾਂ ਦੇ ਆਦਮੀ ਇਸ ਲਈ ਪ੍ਰਸਿਧ ਹੋ ਗਏ ਸਨ ਕਿ ਉਹਨਾਂ ਦੋ ਪੁਲੀਸ ਵਾਲਿਆਂ ਤੇ ਦਸ ਨਾਗਰਿਕਾਂ ਨੂੰ ਮਾਰ ਦਿਤਾ ਹੈ, ਇਕ ਉਚ ਅਧਿਕਾਰੀ ਤੇ ਹਮਲੇ ਦੀ ਕੋਸ਼ਿਸ਼ ਕੀਤੀ ਹੈ ਤੇ ਡਿਪਟੀ ਇੰਸਪੈਕਟਰ ਜਨਰਲ ਦੇ ਦਫਤਰ ਵਿਚ ਇਕ ਬੰਬ ਰਖਿਆ ਹੈ। ਬੰਬ ਧਮਾਕੇ ਦੀਆਂ ਹੋਰ ਵੀ ਕਈ ਘਟਨਾਵਾਂ ਹੋਈਆਂ ਸਨ। ਤੇ ਗੱਡੀਆਂ ਨੂੰ ਉਲਟਾਉਣ ਦੀਆਂ ਵੀ। ਹਵਾਈ ਜਹਾਜ਼ ਵੀ ਉਧਾਲਇਆ ਗਿਆ ਸੀ। ਜਿਸ ਦੇ ਬਾਵਜੂਦ ਜ਼ੈਲ ਸਿੰਘ ਗ੍ਰਹਿ ਮੰਤਰੀ, ਤੇ ਰਾਜੀਵ ਗਾਂਧੀ, ਸੰਤੋਖ ਸਿੰਘ ਦੇ ਲਈ ਰਖੇ ਗਏ ਪਾਠ ਵਿਚ ਸ਼ਰੀਕ ਹੋਣ ਲਈ ਮੰਨ ਗਏ ਸਨ, ਤੇ ਉਹਨਾਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਸੰਤ ਭਿੰਡਰਾਂਵਾਲੇ ਉਥੇ ਹੋਣਗੇ। ਰਾਜੀਵ ਗਾਂਧੀ ਹੁਣ ਨਹਿਰੂ ਗਾਂਧੀ ਪੀੜ੍ਹੀ ਦਾ ਵਾਰਿਸ ਬਣ ਗਿਆ ਸੀ ਤੇ ਇਹ ਥਾਂ ਉਸ ਦੇ ਛੋਟੇ ਭਰਾ ਸੰਜੇ ਗਾਂਧੀ ਦੀ ਮੌਤ ਕਾਰਨ ਖਾਲੀ ਹੋਈ ਸੀ ਜੋ 1980 ਵਿਚ ਹਵਾਈ ਹਾਦਸੇ ਦਾ ਸ਼ਿਕਾਰ ਹੋਇਆ ਸੀ ਇਹ ਹਵਾਈ ਜਹਾਜ਼ ਉਹ ਆਪ ਚਲਾ ਰਿਹਾ ਸੀ।

ਸੰਤੋਖ ਸਿੰਘ ਦੇ ਅੰਤਿਮ ਰਸਮਾਂ ਵਿਚ ਜ਼ੈਲ ਸਿੰਘ ਦੀਆਂ ਕੁਝ ਫੋਟੋਆਂ ਸੰਤਾਂ ਦੇ ਨਾਲ ਖਿਚੀਆਂ ਗਈਆਂ। ਸੰਤ ਭਿੰਡਰਾਂਵਾਲੇ ਜ਼ੈਲ ਸਿੰਘ ਨੂੰ ਵੀ ਉਥੇ ਵੇਖ ਖੁਸ਼ ਨਾ ਹੋਏ। ਉਨ੍ਹਾਂ ਦੇ ਦਿਲੋ ਦਿਮਾਗ ਵਿਚ ਧਾਰਮਿਕ ਗ੍ਰੰਥਾਂ ਦੇ ਸਾੜਨ ਦੀ ਘਟਨਾ ਛਾਈ ਹੋਈ ਸੀ। ਜਦੋਂ ਉਹ ਸੰਗਤ ਨੂੰ ਸੰਬੋਧਨ ਕਰ ਰਹੇ ਸਨ ਤਾਂ ਉਹਨਾਂ ਜ਼ੈਲ ਸਿੰਘ ਦੀ ਰੰਗੀ ਹੋਈ ਦਾੜ੍ਹੀ ਤੇ ਇਕ ਵਿਅੰਗ ਕੀਤਾ ਅਤੇ ਇਕ ਕੱਟੜ ਪੰਥੀ ਸਿਖ ਲਈ, ਦਾੜ੍ਹੀ ਰੰਗਣਾ ਪਾਪ ਹੈ ਸੰਤਾਂ ਨੇ ਕਿਹਾ, "ਇਕ ਪਿੰਡ ਵਿਚ ਜੇ ਕਿਸੇ ਦਾ ਮੂੰਹ ਕਾਲਾ ਹੋਵੇ ਤਾਂ ਗਲੇ ਵਿਚ ਜੁਤੀਆਂ ਦਾ ਹਾਰ ਤੇ ਉਸ ਨੂੰ ਖੋਤੇ ਉਤੇ ਬਿਠਾਇਆ ਗਿਆ ਹੋਵੇ ਤਾਂ ਇਸ ਦਾ ਅਰਥ ਹੈ ਕਿ ਉਸ ਨੂੰ ਸਜਾ ਦਿਤੀ ਜਾ ਰਹੀ ਹੈ ਕਿਉਂਕਿ ਉਸ ਕਿਸੇ ਦੀ ਭੈਣ ਜਾਂ ਮਾਂ ਦੀ ਬੇਜਤੀ ਕੀਤੀ ਹੈ। ਮੈਂ ਹੈਰਾਨ ਹਾਂ ਕਿ ਏਥੇ ਬੈਠੇ ਕੁਝ ਲੋਕਾਂ ਨੇ ਆਪਣਾ ਮੂੰਹ ਕਾਲੇ ਕਿਉਂ ਕੀਤੇ ਹਨ। ਮੈਂ ਨਹੀਂ ਜਾਣਦਾ ਕਿ ਉਹਨਾਂ ਨੇ ਕਿਨ੍ਹਾਂ ਭੈਣਾਂ ਦੀ ਪੱਤ ਲੁੱਟੀ ਹੈ।"

ਭਾਵੇਂ ਸੰਤ ਭਿੰਡਰਾਂਵਾਲੇ ਉਸ ਕਾਂਗਰਸ ਤੋਂ ਪੂਰੇ ਹਟ ਗਏ ਸਨ ਪਰ ਕਾਂਗਰਸ ਅਜੇ ਉਹਨਾਂ ਤੋਂ ਪਰੇ ਨਹੀਂ ਸੀ ਹਟੀ। ਸੰਤਾਂ ਦੇ ਚੁਭਵੇ ਕਥਨਾਂ ਦੇ ਬਾਵਜੂਦ, ਜੋ ਕਿ ਜ਼ੈਲ ਸਿੰਘ ਦੀ ਰੰਗੀ ਹੋਈ ਦਾੜ੍ਹੀ ਬਾਰੇ ਸਨ, ਜ਼ੈਲ ਸਿੰਘ ਨੇ ਅਜੇ ਵੀ ਇਹ ਸੋਚਿਆ ਕਿ ਸੰਤ ਜੀ ਉਨ੍ਹਾਂ ਲਈ ਲਾਭਕਾਰੀ ਸਿਧ ਹੋ ਸਕਦੇ ਹਨ। ਪਰ ਇਸ ਦੇ ਨਾਲ ਨਾਲ ਸੰਤਾਂ ਦੀ ਮੱਦਦ ਲਈ ਅਕਾਲੀ ਦਲ ਵੀ ਸ਼ਾਮਲ ਹੋ ਚੁੱਕਾ ਸੀ।

ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਦਾ ਘਿਰਾਓ

ਫਤਹਿਗੜ੍ਹ ਚੂੜੀਆਂ — ਸੰਯੁਕਤ ਅਕਾਲੀ ਦਲ ਜ਼ਿਲਾ ਗੁਰਦਾਸਪੁਰ ਦੇ ਇਕ ਨੇਤਾ ਸ੍ਰੀ ਬਲਦੇਵ ਸਿੰਘ ਸ਼ੇਰ ਗਿੱਲ ਅਤੇ ਸਰਕਲ ਜਨਰਲ ਸਕੱਤਰ ਸ੍ਰੀ ਅਜੀਤ ਸਿੰਘ ਪਰਜਾਪਤ ਨੇ ਇਕ ਸਾਂਝੇ ਪ੍ਰੈਸ ਬਿਆਨ ਰਾਹੀਂ ਦੱਸਿਆ ਹੈ ਕਿ 21 ਫਰਵਰੀ ਨੂੰ ਦਮਦਮੀ ਟਕਸਾਲ, ਸੰਯੁਕਤ ਅਕਾਲੀ ਦਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਸਾਂਝੇ ਤੌਰ ਤੇ ਜ਼ਿਲਾ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਦਾ ਘਿਰਾਓ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਘਿਰਾਓ ਸਮੇਂ ਬੈਰਕਾਂ ਛੱਡਣ ਵਾਲੇ ਸਿੱਖ ਫੌਜੀਆਂ ਦੀ ਮੁੜ ਬਹਾਲੀ ਅਤੇ ਸਿੱਖ ਨੌਜਵਾਨਾਂ ਦੀ ਖਾਸ ਕਰਕੇ ਜੋਧਪੁਰ ਜੇਲ੍ਹ ਵਿਚੋਂ ਰਿਹਾਈ ਲਈ ਮੰਗ ਪੱਤਰ ਪੇਸ਼ ਕੀਤੇ ਗਏ। ਉਨ੍ਹਾਂ ਚਿਤਾਵਨੀ ਦਿਤੀ ਕਿ ਜੇਕਰ ਗਊ ਕਤਲ ਕਾਂਡ ਨਾਲ ਸਬੰਧਤ ਵਿਅਕਤੀਆਂ ਵਿਰੁਧ ਕਾਨੂੰਨੀ ਕਾਰਵਾਈ ਨਾ ਕੀਤੀ ਗਈ ਤਾਂ ਥਾਣੇ ਮੂਹਰੇ ਧਰਨਾ ਦਿਤਾ ਜਾਵੇਗਾ।

ਬਾਡੀਗਾਰਡ ਦੀ ਦੌੜ!

ਮੋਰਿੰਡਾ — ਰੋਪੜ ਸ਼ਹਿਰ ਨਾਲ ਵਗਦੇ ਸਤਲੁਜ ਦਰਿਆ ਕਿਨਾਰੇ ਸੈਰ ਕਰਨ ਜਾਂਦੇ ਲੋਕਾਂ ਨੂੰ ਹਰ ਰੋਜ਼ ਸਵੇਰੇ ਇਕ ਦਿਲਚਸਪ ਨਜ਼ਾਰਾ ਦੇਖਣ ਨੂੰ ਮਿਲਦਾ ਹੈ। ਇਕ ਆਦਮੀ ਰੋਜ਼ਾਨਾ ਦਰਿਆ ਕਿਨਾਰੇ ਦੋ ਕਿਲੋਮੀਟਰ ਦੀ ਦੌੜ ਲਾਉਂਦਾ ਹੈ। ਪਰ ਉਹ ਇਕੱਲਾ ਨਹੀਂ ਹੁੰਦਾ। ਉਸਦੇ ਮਗਰ ਸਟੇਨਗੰਨ ਚੁੱਕੀ ਇਕ ਹੋਰ ਵਿਅਕਤੀ ਵੀ ਹੁੰਦਾ ਹੈ। ਪਹਿਲਾਂ ਪਹਿਲਾਂ ਜਦੋਂ ਇਹ ਨਜ਼ਾਰਾ ਦਿਖਾਈ ਦਿਤਾ ਤਾਂ ਲੋਕਾਂ ਲਈ ਇਹ ਜ਼ਰੂਰ ਹੈਰਾਨੀ ਵਾਲੀ ਗੱਲ ਸੀ। ਪਰ ਹੁਣ ਲੋਕ ਇਸ ਦੇ ਆਦੀ ਹੋ ਗਏ ਹਨ। ਦਰਅਸਲ ਦੌੜ ਲਾਉਣ ਵਾਲਾ ਬੰਦਾ ਇਕ ਵਿਧਾਇਕ ਹੈ ਅਤੇ ਸਟੇਨਗੰਨ ਵਾਲਾ ਉਸਦਾ ਬਾਡੀਗਾਰਡ। ਵਿਧਾਇਕ ਨੂੰ ਕਿਉਂਕਿ ਰੋਜ਼ ਦੌੜ ਲਾਉਣ ਦੀ ਆਦਤ ਹੈ, ਇਸ ਲਈ ਬਾਡੀਗਾਰਡ ਦੀ ਸਿਹਤ, ਵੀ ਠੀਕ ਰਹਿੰਦੀ ਹੈ।

ਵਿਧਾਇਕ ਕਿਉਂਕਿ ਵਕੀਲ ਵੀ ਹੈ, ਇਸ ਲਈ ਜਦੋਂ ਕਦੇ ਉਹ ਰੋਪੜ ਦੀਆਂ ਕਚਹਿਰੀਆਂ ਵਿਚ ਹੁੰਦਾ ਹੈ ਤਾਂ ਬਾਡੀਗਾਰਡ ਵੀ ਹਰ ਵੇਲੇ ਉਸ ਦੇ ਨਾਲ ਰਹਿੰਦਾ ਹੈ ਅਤੇ ਕਿਸੇ ਸਾਇਲ ਦੀ ਪੇਸ਼ੀ ਸਮੇਂ ਉਹ ਵੀ ਅਦਾਲਤ ਦੇ ਕਮਰੇ ਵਿਚ ਜਾਂਦਾ ਹੈ।

ਹੋਰ ਵੀ ਭਾਵੇਂ ਤੂੰ ਹੋ ਜਾ ਸੰਗ ਦਿਲ।
ਹੁਣ ਅਸਾਂ ਵੀ ਦਿਲ ਤੇ ਪੱਥਰ ਧਰ ਲਿਆ।

ਮੁਫਤ ਵਿਚ ਬਦਨਾਮ ਹੋ ਕੇ ਰਹਿ ਗਿਉਂ।
ਦਸ ਤੂੰ ਖਟਿਆ ਕੀ ਓ ਮੇਰੇ ਤਰਲਿਆ!


ਪੀ ਕੇ ਉਹਦੇ ਮਦ ਭਰੇ ਨੈਣਾਂ ਦਾ ਜਾਮ।
ਗਮ ਦੇ ਸਾਗਰ ਨੂੰ ਅਸਾਂ ਨੇ ਤਰ ਲਿਆ।

ਮੈਂ ਪੀਆਂ ਇਹ ਜਾਮ ਜਿਤਨੀ ਦੇਰ ਵਿਚ।
ਜਾਮ ਤੂੰ ਇਕ ਹੋਰ ਸਾਕੀ ਭਰ ਲਿਆ।

ਤੋੜਦਾ ਆਇਆ ਹਮੇਸ਼ਾ ਜੋ ਵਚਨ।
ਦਿਲ ਨੇ ਫਿਰ ਵਿਸ਼ਵਾਸ਼ ਉਸ ਤੇ ਕਰ ਲਿਆ।

ਕਿਸ ਨੂੰ ਉਹ 'ਹਮਦਰਦ' ਫਿਰ ਸਿਜਦਾ ਕਰੇ।
ਜਿਸਨੇ ਸਿਜਦਾ ਓਸ ਦਰ ਤੇ ਕਰ ਲਿਆ।

Change of Name



I Dev do hereby declare that when I came to Canada in 1980 my name was Dev and that I hereby change my name to Baldev Singh Athwal.

'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name...
Address...
City...
Province...
Postal code.....................................
PHONE.

One Year	25 dollars
Two Year	45 dollars
Three year	65 dollars
Life membership..........	300 dollars
ASIA............................	100 dollars[a year]
U.S.A.	30 dollars [a year]
Europe	100 dollars[a year]
Africa	100 dollars [a year]

ROKKO SAREES & FABRICS





6201 Fraser Street
VANCOUVER
Tel: 327-3033

When You Buy
One Suit or One Saree
(Any Price)
Save $1.00 with one Coupon

ਜਦੋਂ ਤੁਸੀਂ ਇਕ ਸੂਟ ਜਾਂ ਇਕ ਸਾੜ੍ਹੀ ਖ੍ਰੀਦੋ (ਕਿਸੇ ਵੀ ਕੀਮਤ ਤੇ)

ਇਸ ਕੂਪਨ ਨਾਲ 1.00 ਡਾਲਰ ਬਚਾਓ

This coupon worth	This coupon worth	This coupon worth	This coupon worth	This coupon worth
$1.00 Off	$1.00 Off	$1.00 Off	$1.00 Off	$1.00 Off
Rokko Sarees & Fabrics 6201 Fraser Street, Vancouver	Rokko Sarees & Fabrics 6201 Fraser Street, Vancouver	Rokko Sarees & Fabrics 6201 Fraser Street, Vancouver	Rokko Sarees & Fabrics 6201 Fraser Street, Vancouver	Rokko Sarees & Fabrics 6201 Fraser Street, Vancouver
Offer Expires Wednesday March 5, 1986	Offer Expires Wednesday March 5, 1986	Offer Expires Wednesday March 5, 1986	Offer Expires Wednesday March 5, 1986	Offer Expires Wednesday March 5, 1986

One Coupon For One Suit or Saree

ਇਕ ਕੂਪਨ ਇਕ ਸੂਟ ਜਾਂ ਇਕ ਸਾੜ੍ਹੀ ਲਈ

ਇਹ ਕੂਪਨ ਤੁਸੀਂ ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ ਤੇ ਵਰਤ ਸਕਦੇ ਹੋ

This Coupon is Valid At





ROKKO SAREES & FABRICS
6201 Fraser Street
VANCOUVER
Tel: 327-3033